ਸ਼ੁੱਕਰਵਾਰ, 1 ਮਾਰਚ, 2024
18 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 271

# ਨਵਾਂ ਜ਼ਮਾਨਾ

DAILY NAWAN ZAMANA • FRIDAY, 1 MARCH, 2024 ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |


# ਸੁੱਖੂ ਦੀ ਪਹਿਲੀ ਗਲਤੀ ਮੁਆਫ !

## ਕਾਂਗਰਸ ਵੱਲੋਂ ਹਿਮਾਚਲ 'ਚ ਸਥਿਤੀ ਕੰਟਰੋਲ 'ਚ ਹੋਣ ਦਾ ਦਾਅਵਾ



ਡੀ ਕੇ ਸ਼ਿਵਕੁਮਾਰ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਪ੍ਰੈੱਸ ਕਾਨਫਰੰਸ ਕਰਦੇ ਹੋਏ।

**ਸ਼ਿਮਲਾ** : ਕਰਨਾਟਕ ਦੇ ਉਪ ਮੁੱਖ ਮੰਤਰੀ ਡੀ ਕੇ ਸ਼ਿਵਕੁਮਾਰ, ਜਿਨ੍ਹਾ ਨੂੰ ਹਾਈਕਮਾਨ ਨੇ ਹਿਮਾਚਲ ਵਿਚ ਸਿਆਸੀ ਉਥਲ-ਪੁਥਲ ਦਰਮਿਆਨ ਸਥਿਤੀ ਸੰਭਾਲਣ ਲਈ ਘੱਲਿਆ ਸੀ, ਨੇ ਵੀਰਵਾਰ ਕਿਹਾ ਕਿ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਮੰਨਿਆ ਹੈ ਕਿ ਰਾਜ ਸਭਾ ਚੋਣ ਦੌਰਾਨ ਸਰਕਾਰ ਤੇ ਵਿਧਾਇਕਾਂ ਵਿਚਾਲੇ ਅਤੇ ਪਾਰਟੀ ਤੇ ਸਰਕਾਰ ਵਿਚਾਲੇ ਤਾਲਮੇਲ 'ਚ ਕੁਝ ਗਲਤੀ ਹੋ ਗਈ, ਜਿਸ ਕਰਕੇ ਕਾਂਗਰਸ ਉਮੀਦਵਾਰ ਅਭਿਸ਼ੇਕ ਮਨੂੰ ਸਿੰਘਵੀ ਚੋਣ ਨਹੀਂ ਜਿੱਤ ਸਕੇ। ਮੁੱਖ ਮੰਤਰੀ ਨੇ ਸਿੰਘਵੀ ਦੀ ਹਾਰ ਦੀ ਪੂਰੀ ਜ਼ਿੰਮੇਵਾਰੀ ਲਈ ਹੈ।

ਸੁੱਖੂ ਦੇ ਨਾਲ ਪ੍ਰੈੱਸ ਕਾਨਫਰੰਸ ਦੌਰਾਨ ਸ਼ਿਵ ਕੁਮਾਰ ਨੇ ਕਿਹਾ ਕਿ ਉਨ੍ਹਾ ਤੇ ਦੂਜੇ ਅਬਜ਼ਰਵਰਾਂ ਭੁਪਿੰਦਰ ਸਿੰਘ ਹੁੱਡਾ ਤੇ ਭੁਪੇਸ਼ ਬਘੇਲ ਨੇ ਵਿਧਾਇਕਾਂ ਨਾਲ ਵੱਖਰੇ-ਵੱਖਰੇ ਗੱਲ ਕੀਤੀ ਹੈ ਤੇ ਇਕ ਵਾਰ ਹੋਰ ਕਰਨਗੇ, ਪਰ ਸਰਕਾਰ ਸਲਾਮਤ ਹੈ ਤੇ ਪੰਜ ਸਾਲ ਦੀ ਮਿਆਦ ਪੂਰੀ ਕਰੇਗੀ। ਪੀ ਡਬਲਿਊ ਡੀ ਮੰਤਰੀ ਵਿਕਰਮਾਦਿੱਤਿਆ ਨੇ ਅਸਤੀਫਾ ਵਾਪਸ ਲੈ ਲਿਆ ਹੈ ਤੇ ਕੈਬਨਿਟ ਮੀਟਿੰਗ ਵਿਚ ਸ਼ਾਮਲ ਹੋਣਗੇ। ਪਾਰਟੀ ਪ੍ਰਧਾਨ ਪ੍ਰਤਿਭਾ ਸਿੰਘ ਨੇ ਵੀ ਸਰਕਾਰ ਨੂੰ ਪੂਰੀ ਹਮਾਇਤ ਦਾ ਭਰੋਸਾ ਦਿਵਾਇਆ ਹੈ।

ਉਨ੍ਹਾ ਕਿਹਾ—ਸਾਡੇ ਮੁੱਖ ਮੰਤਰੀ ਨੇ ਮੰਨਿਆ ਹੈ ਕਿ ਕੁਝ ਗਲਤੀ ਹੋਈ ਹੈ, ਪਰ ਅੱਗੋਂ ਨਹੀਂ ਹੋਵੇਗੀ। ਅਸੀਂ ਸਾਰੇ ਵਿਧਾਇਕਾਂ ਨਾਲ ਗੱਲ ਕੀਤੀ ਹੈ। ਅਸੀਂ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਿਭਾ ਸਿੰਘ ਤੇ ਮੁੱਖ ਮੰਤਰੀ ਨਾਲ ਵੀ ਗੱਲ ਕੀਤੀ ਹੈ। ਸਭ ਨੇ ਮਤਭੇਦ ਹੱਲ ਕਰ ਲਏ ਹਨ। ਉਹ ਮਿਲ ਕੇ ਕੰਮ ਕਰਨਗੇ। ਅਸੀਂ ਸਰਕਾਰ ਤੇ ਪਾਰਟੀ ਵਿਚਾਲੇ ਤਾਲਮੇਲ ਲਈ ਪੰਜ-ਛੇ ਮੈਂਬਰੀ ਤਾਲਮੇਲ ਕਮੇਟੀ ਬਣਾ ਰਹੇ ਹਾਂ। ਉਹ ਪਾਰਟੀ ਤੇ ਸਰਕਾਰ ਨੂੰ ਬਚਾਉਣ ਲਈ ਮਿਲ ਕੇ ਕੰਮ ਕਰੇਗੀ।

### ਸਪੀਕਰ ਵੱਲੋਂ ਛੇ ਵਿਧਾਇਕ ਅਯੋਗ ਕਰਾਰ

**ਸ਼ਿਮਲਾ** : ਹਿਮਾਚਲ ਵਿਧਾਨ ਸਭਾ ਦੇ ਸਪੀਕਰ ਕੁਲਦੀਪ ਸਿੰਘ ਪਠਾਨੀਆ ਨੇ ਸਦਨ 'ਚ ਵਿੱਤ ਬਿੱਲ 'ਤੇ ਸਰਕਾਰ ਦੇ ਪੱਖ 'ਚ ਵੋਟ ਪਾਉਣ ਲਈ ਪਾਰਟੀ ਵ੍ਹਿਪ ਦੀ ਉਲੰਘਣਾ ਕਰਨ ਵਾਲੇ ਛੇ ਕਾਂਗਰਸੀ ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤਾ ਹੈ। ਇਨ੍ਹਾਂ ਵਿਚ ਰਾਜਿੰਦਰ ਰਾਣਾ, ਸੁਧੀਰ ਸ਼ਰਮਾ, ਇੰਦਰ ਦੱਤ ਲਖਨਪਾਲ, ਦਵਿੰਦਰ ਕੁਮਾਰ ਭੁੱਟੂ, ਰਵੀ ਠਾਕੁਰ ਅਤੇ ਚੇਤਨਿਆ ਸ਼ਰਮਾ ਸ਼ਾਮਲ ਹਨ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪਠਾਨੀਆ, ਜਿਨ੍ਹਾਂ ਨੇ ਬੁੱਧਵਾਰ ਨੂੰ ਵਿਧਾਇਕਾਂ ਦੀ ਅਯੋਗਤਾ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ, ਨੇ ਕਿਹਾ ਕਿ ਵਿਧਾਇਕਾਂ ਨੇ ਪਾਰਟੀ ਦੀਆਂ ਟਿਕਟਾਂ 'ਤੇ ਚੁਣੇ ਜਾਣ ਕਾਰਨ ਕਾਂਗਰਸ ਦੇ ਵ੍ਹਿਪ ਦੀ ਉਲੰਘਣਾ ਕਰਕੇ ਦਲ-ਬਦਲ ਵਿਰੋਧੀ ਕਾਨੂੰਨ ਦੀ ਉਲੰਘਣਾ ਕੀਤੀ ਹੈ।

### ਪ੍ਰਧਾਨ ਮੰਤਰੀ ਤੇ ਚਾਣਕੀਆ ਫੇਲ੍ਹ : ਜੈਰਾਮ ਰਮੇਸ਼

**ਨਵੀਂ ਦਿੱਲੀ** : ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵੀਰਵਾਰ ਕਿਹਾ-ਹਿਮਾਚਲ ਨੂੰ ਲੈ ਕੇ ਮੀਡੀਆ ਵਿਚ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਚੱਲ ਰਹੀਆਂ ਹਨ, ਪਰ ਅਸੀਂ ਇਕ ਗੱਲ ਬਿਲਕੁਲ ਸਪੱਸ਼ਟ ਕਹਿਣਾ ਚਾਹੁੰਦੇ ਹਾਂ ਕਿ ਹਿਮਾਚਲ ਵਿਚ ਪ੍ਰਧਾਨ ਮੰਤਰੀ ਤੇ ਅਖੌਤੀ ਚਾਣਕੀਆ ਪੂਰੀ ਤਰ੍ਹਾਂ ਫੇਲ੍ਹ ਹੋਏ ਹਨ। ਕਾਂਗਰਸ ਲੀਡਰਸ਼ਿਪ ਦੇ ਦਖਲ ਤੇ ਸਾਡੇ ਅਬਜ਼ਰਵਰਾਂ ਦੀ ਫੁਰਤੀ ਦੇ ਬਾਅਦ ਉਥੇ ਸਥਿਤੀ ਪੂਰੀ ਤਰ੍ਹਾਂ ਕਾਂਗਰਸ ਦੇ ਕੰਟਰੋਲ ਵਿਚ ਹੈ। ਹੋਰਨਾਂ ਰਾਜਾਂ ਵਾਂਗ ਭਾਜਪਾ ਨੇ ਪੈਸੇ, ਸੱਤਾ ਤੇ ਧੱਕੇ ਦੇ ਬਲ ਨਾਲ ਪੂਰਨ ਬਹੁਮਤ ਦੀ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਨਾਕਾਮ ਰਹੀ, ਕਿਉਂਕਿ ਹਿਮਾਚਲ ਦੇ ਲੋਕਾਂ ਦਾ ਆਸ਼ੀਰਵਾਦ ਕਾਂਗਰਸ ਨਾਲ ਹੈ।

## ਸ਼ਹੀਦ ਸ਼ੁਭਕਰਨ ਦਾ ਅੰਤਮ ਸੰਸਕਾਰ



**ਪਾਤੜਾਂ** (ਨਿਸ਼ਾਨ ਸਿੰਘ ਬਣਵਾਲਾ)-ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਨੌਜਵਾਨ ਸ਼ੁਭਕਰਨ ਸਿੰਘ ਦਾ ਵੀਰਵਾਰ ਪਿੰਡ ਬੱਲ੍ਹੋਂ ਵਿਖੇ ਹਜ਼ਾਰਾਂ ਨਮ ਅੱਖਾਂ ਦਰਮਿਆਨ ਅੰਤਮ ਸੰਸਕਾਰ ਕਰ ਦਿੱਤਾ ਗਿਆ। ਚਿਖਾ ਨੂੰ ਅੱਗ ਚਾਚਾ ਲੀਲਾ ਸਿੰਘ ਨੇ ਦਿਖਾਈ। ਇਸ ਤੋਂ ਪਹਿਲਾਂ ਸ਼ੁਭਕਰਨ ਦੀ ਮ੍ਰਿਤਕ ਦੇਹ ਨੂੰ ਖਨੌਰੀ ਤੇ ਸ਼ੰਭੂ ਬਾਰਡਰ 'ਤੇ ਲਿਜਾਇਆ ਗਿਆ ਸੀ। ਅੰਤਮ ਸੰਸਕਾਰ ਮੌਕੇ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਨਿਹਾਲਗੜ੍ਹ, ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਕਿਸਾਨ ਸਭਾ ਦੇ ਮਾਨਸਾ ਜ਼ਿਲ੍ਹਾ ਪ੍ਰਧਾਨ ਰੂਪ ਸਿੰਘ ਵੀ ਮੌਜੂਦ ਸਨ।

## ਹਰਿਆਣਾ ਪੁਲਸ ਕਿਸਾਨਾਂ ਦੇ ਪਾਸਪੋਰਟ ਤੇ ਵੀਜ਼ੇ ਰੱਦ ਕਰਵਾਏਗੀ

**ਚੰਡੀਗੜ੍ਹ** : ਹਰਿਆਣਾ ਪੁਲਸ ਨੇ ਕਿਸਾਨਾਂ ਦੇ ਦਿੱਲੀ ਚੱਲੋ ਅੰਦੋਲਨ ਦੌਰਾਨ ਕਥਿਤ ਹਿੰਸਾ 'ਚ ਸ਼ਾਮਲ ਪ੍ਰਦਰਸ਼ਨਕਾਰੀਆਂ ਅਤੇ ਪੰਜਾਬ-ਹਰਿਆਣਾ ਸਰਹੱਦ 'ਤੇ ਜਨਤਕ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦੇ ਪਾਸਪੋਰਟ ਅਤੇ ਵੀਜ਼ੇ ਰੱਦ ਕਰਾਉਣ ਦਾ ਫੈਸਲਾ ਕੀਤਾ ਹੈ। ਡੀ ਐੱਸ ਪੀ ਅੰਬਾਲਾ ਜੋਗਿੰਦਰ ਸ਼ਰਮਾ ਨੇ ਕਿਹਾ-ਅਸੀਂ ਮੰਤਰਾਲੇ ਨੂੰ ਉਨ੍ਹਾਂ ਦੇ ਵੀਜ਼ੇ ਅਤੇ ਪਾਸਪੋਰਟ ਰੱਦ ਕਰਨ ਦੀ ਬੇਨਤੀ ਕਰਾਂਗੇ। ਉਨ੍ਹਾਂ ਦੀ ਫੋਟੋ, ਨਾਂਅ ਅਤੇ ਪਤਾ ਪਾਸਪੋਰਟ ਦਫਤਰ ਨੂੰ ਦਿੱਤਾ ਜਾਵੇਗਾ। ਅਸੀਂ ਉਨ੍ਹਾਂ ਦੇ ਪਾਸਪੋਰਟ ਰੱਦ ਕਰਨ 'ਤੇ ਕੰਮ ਕਰ ਰਹੇ ਹਾਂ। ਅਸੀਂ ਕਿਸਾਨਾਂ ਦੇ ਵਿਰੋਧ ਦੇ ਨਾਂਅ 'ਤੇ ਹਿੰਸਾ 'ਚ ਸ਼ਾਮਲ ਪੰਜਾਬ ਤੋਂ ਹਰਿਆਣਾ 'ਚ ਆਉਣ ਵਾਲਿਆਂ ਦੀ ਪਛਾਣ ਕੀਤੀ ਹੈ। ਅਸੀਂ ਉਨ੍ਹਾਂ ਦੀ ਪਛਾਣ ਸੀ ਸੀ ਟੀ ਵੀ ਕੈਮਰਿਆਂ ਅਤੇ ਡਰੋਨ ਕੈਮਰਿਆਂ ਨਾਲ ਕੀਤੀ ਹੈ।

# ਅਕਾਲੀ ਤੇ ਕਾਂਗਰਸੀ ਸਰਕਾਰਾਂ ਨੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਸਰਕਾਰੀ ਸੰਸਥਾਵਾਂ ਤਬਾਹ ਕੀਤੀਆਂ : ਮਾਨ



**ਮੋਹਾਲੀ** (ਗੁਰਜੀਤ ਬਿੱਲਾ)-ਸੂਬੇ ਦੀਆਂ ਸਰਕਾਰੀ ਸੰਸਥਾਵਾਂ ਦੀ ਬਦਹਾਲੀ ਲਈ ਅਕਾਲੀ ਅਤੇ ਕਾਂਗਰਸੀ ਸਰਕਾਰਾਂ ਨੂੰ ਸਿੱਧੇ ਤੌਰ ਉਤੇ ਜ਼ਿੰਮੇਵਾਰ ਠਹਿਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਹੁਣ ਸਰਕਾਰੀ ਸੰਸਥਾਵਾਂ ਵਿੱਚ ਆਹਲਾ ਦਰਜੇ ਦੀਆਂ ਸਹੂਲਤਾਂ ਪ੍ਰਦਾਨ ਕਰ ਰਹੀ ਹੈ ਤਾਂ ਕਿ ਪੰਜਾਬ ਦਾ ਕੋਈ ਵੀ ਵਿਅਕਤੀ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਤੋਂ ਵਾਂਝਾ ਨਾ ਰਹੇ।

ਇੱਥੇ 'ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲਿਅਰੀ ਸਾਇੰਸਜ਼' ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਮੌਕੇ ਸਿਆਸਤਦਾਨ ਪ੍ਰਾਈਵੇਟ ਸੰਸਥਾਵਾਂ ਦੇ ਕਾਰੋਬਾਰ ਵਿੱਚੋਂ ਹਿੱਸਾਪੱਤੀ ਲੈਂਦੇ ਸਨ ਅਤੇ ਇਸ ਦੇ ਇਵਜ਼ ਵਿੱਚ ਸਰਕਾਰੀ ਸੰਸਥਾਵਾਂ ਨੂੰ ਬਿਲਕੁਲ ਹੀ ਅਣਗੌਲਿਆ ਕਰ ਦਿੰਦੇ ਸਨ। ਮੁੱਖ ਮੰਤਰੀ ਨੇ ਕਿਹਾ, "ਇਹ ਸਿਆਸਤਦਾਨ ਏਨੇ ਲਾਲਚੀ ਅਤੇ ਬੇਰਹਿਮ ਸਨ ਕਿ ਇਨ੍ਹਾਂ ਨੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਪੰਜਾਬ ਦਾ ਸਰਕਾਰੀ ਸਿਹਤ ਤੇ ਸਿੱਖਿਆ ਢਾਂਚਾ ਖਤਮ ਕਰ ਦਿੱਤਾ ਸੀ ਤਾਂ ਕਿ ਸਰਕਾਰੀ ਸੰਸਥਾਵਾਂ ਦੇ ਦਰਵਾਜ਼ੇ ਬੰਦ ਹੋਣ ਤੋਂ ਬਾਅਦ ਆਮ ਵਿਅਕਤੀ ਸਿੱਖਿਆ ਜਾਂ ਇਲਾਜ ਲਈ ਮਜਬੂਰ ਹੋ ਕੇ ਪ੍ਰਾਈਵੇਟ ਲੋਕਾਂ ਕੋਲ ਪਹੁੰਚੇ। ਪ੍ਰਾਈਵੇਟ ਹਸਪਤਾਲਾਂ ਵਿੱਚ ਕੈਂਸਰ ਦਾ ਇਲਾਜ ਏਨਾ ਮਹਿੰਗਾ ਹੁੰਦਾ ਸੀ ਕਿ ਕੈਂਸਰ ਰੋਗੀ ਆਰਥਿਕ ਹਾਲਤ ਕਾਰਨ ਇਲਾਜ ਹੀ ਨਹੀਂ ਸੀ ਕਰਵਾਉਂਦਾ। ਇਹ ਲੋਕ ਪ੍ਰਾਈਵੇਟ ਸੰਸਥਾਵਾਂ ਨੂੰ ਮੁਨਾਫਾ ਕਮਾਉਣ ਲਈ ਖੁੱਲ੍ਹ ਦਿੰਦੇ ਸਨ ਅਤੇ ਉਸ ਮੁਨਾਫੇ ਵਿੱਚੋਂ ਕਮਿਸ਼ਨ ਲੈਂਦੇ ਸਨ। ਦੁੱਖਾਂ ਦੇ ਮਾਰੇ ਲੋਕ ਨਿਰਾਸ਼ਾ ਦੇ ਆਲਮ ਵਿੱਚ ਚਲੇ ਗਏ ਸਨ। ਪਰਵਾਰਵਾਦ ਦੇ ਮੋਹ ਵਿੱਚ ਡੁੱਬੇ ਇਨ੍ਹਾਂ ਸਿਆਸਤਦਾਨਾਂ ਨੂੰ ਕਦੇ ਵੀ ਪੰਜਾਬ ਦਾ ਦਰਦ ਨਹੀਂ ਰਿਹਾ, ਜਿਸ ਕਰਕੇ ਪੰਜਾਬ ਵਾਸੀਆਂ ਨੇ ਇਨ੍ਹਾਂ ਨੂੰ ਘਰ ਬਿਠਾ ਦਿੱਤਾ।"ਸੂਬੇ ਵਿੱਚ ਹੁਣ ਸਰਕਾਰੀ ਸੰਸਥਾਵਾਂ ਦੀ ਬਿਹਤਰੀ ਲਈ ਚੁੱਕੇ ਜਾ ਰਹੇ ਕਦਮਾਂ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਮਿਸਾਲ ਵਜੋਂ ਦੱਸਿਆ ਕਿ ਮੋਹਾਲੀ ਵਿਖੇ ਅੱਜ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲਿਅਰੀ ਸਾਇੰਸਜ਼ ਦੇਸ਼ ਦੀ ਦੂਜੀ ਅਤੇ ਪੰਜਾਬ ਦੀ ਪਹਿਲੀ ਵੱਕਾਰੀ ਸੰਸਥਾ ਹੈ, ਜਿਸ ਕੋਲ ਏਨੀਆਂ ਆਧੁਨਿਕ ਮਸ਼ੀਨਾਂ ਹਨ ਕਿ ਕਿਸੇ ਪ੍ਰਾਈਵੇਟ ਹਸਪਤਾਲ ਕੋਲ ਵੀ ਨਹੀਂ ਹਨ। ਇਹ ਪਹਿਲੀ ਸੰਸਥਾ ਵੀ ਦਿੱਲੀ ਸਰਕਾਰ ਨੇ ਸਥਾਪਤ ਕੀਤੀ ਹੈ। ਉਨ੍ਹਾ ਕਿਹਾ ਕਿ ਸਰਕਾਰ ਸੂਬੇ ਵਿੱਚ 45 ਜੱਚਾ-ਬੱਚਾ ਦੇਖਭਾਲ ਕੇਂਦਰ ਸਥਾਪਤ ਕਰ ਰਹੀ ਹੈ, ਜਿਨ੍ਹਾਂ ਵਿੱਚੋਂ 37 ਲੋਕਾਂ ਨੂੰ ਸਮਰਪਿਤ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 664 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਗਏ ਹਨ, ਜਿੱਥੇ ਇਲਾਜ ਬਿਲਕੁਲ ਮੁਫਤ ਹੈ ਅਤੇ ਇਹ ਬਹੁਤ ਤਸੱਲੀ ਵਾਲੀ ਗੱਲ ਹੈ ਕਿ ਹੁਣ ਤੱਕ ਇਕ ਕਰੋੜ ਤੋਂ ਵੱਧ ਲੋਕ ਇਲਾਜ ਕਰਵਾ ਚੁੱਕੇ ਹਨ।

ਮੁੱਖ ਮੰਤਰੀ ਨੇ ਵਿਰੋਧੀਆਂ ਵੱਲੋਂ ਉਨ੍ਹਾਂ ਦੀ ਕੀਤੀ ਜਾ ਰਹੀ ਅਲੋਚਨਾ ਬਾਰੇ ਵਿਅੰਗ ਕਰਦਿਆਂ ਕਿਹਾ, "ਅਸਲ ਵਿੱਚ ਅਕਾਲੀਆਂ ਅਤੇ ਕਾਂਗਰਸੀਆਂ ਦੀ ਆਪਸ ਵਿੱਚ ਸਾਂਝ-ਭਿਆਲੀ ਸੀ, ਜੋ ਵਾਰੋ-ਵਾਰੀ ਸੱਤਾ ਦਾ ਸੁੱਖ ਮਾਣਦੇ ਸਨ, ਪਰ ਇਨ੍ਹਾ ਨੂੰ ਇਹ ਨਹੀਂ ਸੀ ਪਤਾ ਕਿ ਸੂਬੇ ● ਬਾਕੀ ਸਫ਼ਾ 2 'ਤੇ

### ਟੁੰਡਾ ਧਮਾਕਿਆਂ ਦੇ ਦੋਸ਼ ਤੋਂ ਬਰੀ

**ਜੈਪੁਰ** : ਅਜਮੇਰ ਦੀ ਅਦਾਲਤ ਨੇ ਵੀਰਵਾਰ ਤਕਰੀਬਨ ਤਿੰਨ ਦਹਾਕੇ ਪਹਿਲਾਂ ਦੇਸ਼ 'ਚ ਪੰਜ ਰੇਲ ਗੱਡੀਆਂ 'ਚ ਹੋਏ ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ 'ਚ ਮੁੱਖ ਮੁਲਜ਼ਮ ਅਬਦੁਲ ਕਰੀਮ ਟੁੰਡਾ ਨੂੰ ਬਰੀ ਕਰ ਦਿੱਤਾ। ਟਾਡਾ ਅਦਾਲਤ ਨੇ ਦੋ ਹੋਰਾਂ ਇਰਫਾਨ ਅਤੇ ਹਮੀਦੁਦੀਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

### ਇੰਟੈਲ ਦੇ ਸਾਬਕਾ ਕੰਟਰੀ ਹੈੱਡ ਅਵਤਾਰ ਸੈਣੀ ਦੀ ਹਾਦਸੇ 'ਚ ਮੌਤ

**ਮੁੰਬਈ** : ਨਵੀਂ ਮੁੰਬਈ 'ਚ ਸਾਈਕਲ ਚਲਾਉਂਦੇ ਸਮੇਂ ਤੇਜ਼ ਰਫਤਾਰ ਕੈਬ ਦੀ ਲਪੇਟ 'ਚ ਆਉਣ ਕਾਰਨ ਇੰਟੈਲ ਇੰਡੀਆ ਦੇ ਸਾਬਕਾ 'ਕੰਟਰੀ ਹੈੱਡ' ਅਵਤਾਰ ਸੈਣੀ ਦੀ ਮੌਤ ਹੋ ਗਈ। ਹਾਦਸਾ ਵੀਰਵਾਰ ਸਵੇਰੇ 5.50 ਵਜੇ ਦੇ ਕਰੀਬ ਹੋਇਆ, ਜਦੋਂ ਸੈਣੀ (68) ਦੋਸਤਾਂ ਨਾਲ ਨੇਰੂਲ ਇਲਾਕੇ ਦੇ ਪਾਮ ਬੀਚ ਰੋਡ 'ਤੇ ਸਾਈਕਲ ਚਲਾ ਰਹੇ ਸਨ। ਕੈਬ ਨੇ ਸੈਣੀ ਦੇ ਸਾਈਕਲ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ। ਸੈਣੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਮ੍ਰਿਤਕ ਕਰਾਰ ਦਿੱਤਾ।

### ਏਅਰ ਇੰਡੀਆ ਨੂੰ 30 ਲੱਖ ਦਾ ਜੁਰਮਾਨਾ

**ਨਵੀਂ ਦਿੱਲੀ** : ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ ਨੇ ਮੁੰਬਈ ਹਵਾਈ ਅੱਡੇ 'ਤੇ 12 ਫਰਵਰੀ ਨੂੰ 80 ਸਾਲਾ ਯਾਤਰੀ ਨੂੰ ਵ੍ਹੀਲਚੇਅਰ ਨਾ ਦੇਣ 'ਤੇ ਏਅਰ ਇੰਡੀਆ ਨੂੰ 30 ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ। ਯਾਤਰੀ ਨੂੰ ਜਹਾਜ਼ ਤੋਂ ਟਰਮੀਨਲ ਤੱਕ ਪੈਦਲ ਜਾਣਾ ਪਿਆ, ਕਿਉਂਕਿ ਵ੍ਹੀਲਚੇਅਰ ਉਪਲੱਬਧ ਨਹੀਂ ਸੀ ਅਤੇ ਉਹ ਡਿੱਗ ਗਿਆ। ਬਾਅਦ 'ਚ ਉਸ ਦੀ ਮੌਤ ਹੋ ਗਈ ਸੀ।

## ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਦੇਣ 'ਤੇ ਹਾਈ ਕੋਰਟ ਸਖਤ

**ਚੰਡੀਗੜ੍ਹ** : ਹਰਿਆਣਾ ਜੇਲ੍ਹ ਪ੍ਰਸ਼ਾਸਨ ਵੱਲੋਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇਣ ਦੇ ਮਾਮਲੇ 'ਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀਰਵਾਰ ਸਖਤੀ ਦਿਖਾਉਂਦਿਆਂ ਕਿਹਾ ਕਿ ਭਵਿੱਖ 'ਚ ਉਸ ਨੂੰ ਅਦਾਲਤ ਦੀ ਇਜਾਜ਼ਤ ਤੋਂ ਬਿਨਾਂ ਪੈਰੋਲ ਨਾ ਦਿੱਤੀ ਜਾਵੇ। ਫਿਲਹਾਲ ਰਾਮ ਰਹੀਮ ਪੈਰੋਲ 'ਤੇ ਬਾਹਰ ਹੈ ਅਤੇ ਉਸ ਦੀ ਪੈਰੋਲ 10 ਮਾਰਚ ਨੂੰ ਖਤਮ ਹੋ ਰਹੀ ਹੈ। ਸੁਣਵਾਈ ਦੌਰਾਨ ਹਾਈ ਕੋਰਟ ਨੇ ਸਰਕਾਰ ਤੋਂ ਸਖਤ ਲਹਿਜੇ 'ਚ ਪੁੱਛਿਆ ਕਿ ਡੇਰਾ ਮੁਖੀ ਵਾਂਗ ਹੋਰ ਕਿੰਨੇ ਕੈਦੀਆਂ ਨੂੰ ਪੈਰੋਲ ਦਿੱਤੀ ਗਈ ਹੈ। ਮਾਮਲੇ ਦੀ ਅਗਲੀ ਸੁਣਵਾਈ 'ਤੇ ਸਰਕਾਰ ਇਸ ਬਾਰੇ ਜਾਣਕਾਰੀ ਦੇਵੇ। ਐੱਸ ਜੀ ਪੀ ਸੀ ਨੇ ਪੈਰੋਲ ਦਾ ਵਿਰੋਧ ਕਰਦਿਆਂ ਉਸ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।

## ਬਲਾਤਕਾਰ ਦਾ ਸ਼ਿਕਾਰ ਦੋ ਕੁੜੀਆਂ ਦੀਆਂ ਲਾਸ਼ਾਂ ਲਟਕਦੀਆਂ ਮਿਲੀਆਂ

**ਕਾਨਪੁਰ** : ਯੂ ਪੀ ਦੇ ਘਾਟਮਪੁਰ ਇਲਾਕੇ ਦੇ ਪਿੰਡ 'ਚ ਇੱਟਾਂ ਦੇ ਭੱਠੇ ਨੇੜੇ ਖੇਤ 'ਚ ਦੋ ਕੁੜੀਆਂ ਦੀਆਂ ਲਾਸ਼ਾਂ ਦਰੱਖਤ ਨਾਲ ਲਟਕਦੀਆਂ ਮਿਲੀਆਂ। ਪਰਵਾਰਾਂ ਦਾ ਦੋਸ਼ ਹੈ ਕਿ ਭੱਠੇ 'ਤੇ ਕੰਮ ਕਰਦੀਆਂ 16 ਅਤੇ 14 ਸਾਲ ਦੀਆਂ ਇਨ੍ਹਾਂ ਕੁੜੀਆਂ ਨਾਲ ਕੁਝ ਦਿਨ ਪਹਿਲਾਂ ਠੇਕੇਦਾਰ ਰਾਮਰੂਪ ਨਿਸ਼ਾਦ, ਉਸ ਦੇ ਮੁੰਡੇ ਅਤੇ ਭਤੀਜੇ ਨੇ ਸਮੂਹਕ ਬਲਾਤਕਾਰ ਕੀਤਾ ਸੀ ਅਤੇ ਉਨ੍ਹਾਂ ਨੂੰ ਬਲੈਕਮੇਲ ਕਰਨ ਲਈ ਵੀਡੀਓ ਵੀ ਬਣਾਈ ਸੀ। ਕੁੜੀਆਂ ਨੇ ਬੁੱਧਵਾਰ ਦਰੱਖਤ ਨਾਲ ਫਾਹਾ ਲੈ ਲਿਆ। ਠੇਕੇਦਾਰ ਰਾਮਰੂਪ ਨਿਸ਼ਾਦ (48), ਉਸ ਦੇ ਬੇਟੇ ਰਾਜੂ (18) ਅਤੇ ਭਤੀਜੇ ਸੰਜੇ (19) ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਪਾਕਿਸਤਾਨ ਸਿਰਫ ਭਾਜਪਾ ਦਾ ਹੀ ਦੁਸ਼ਮਣ...

**ਬੇਂਗਲੁਰੂ** : ਕਾਂਗਰਸ ਵਿਧਾਇਕ ਬੀ ਕੇ ਹਰੀਪ੍ਰਸਾਦ ਨੇ ਆਪਣੇ ਇਸ ਬਿਆਨ ਨੂੰ ਵੀਰਵਾਰ ਦਰੁੱਸਤ ਠਹਿਰਾਇਆ ਕਿ ਪਾਕਿਸਤਾਨ ਭਾਜਪਾ ਲਈ ਦੁਸ਼ਮਣ ਦੇਸ਼ ਹੈ, ਉਨ੍ਹਾ ਲਈ ਨਹੀਂ। ਭਾਜਪਾ ਗੰਦੀ ਖੇਡ ਖੇਡ ਰਹੀ ਹੈ। ਜੇ ਪਾਕਿਸਤਾਨ ਦੁਸ਼ਮਣ ਦੇਸ਼ ਹੈ ਤਾਂ ਕੇਂਦਰ ਸਰਕਾਰ ਇਸ ਦਾ ਐਲਾਨ ਕਰੇ। ਹਰੀਪ੍ਰਸਾਦ ਨੇ ਇਹ ਵੀ ਕਿਹਾ ਕਿ ਉਹ ਉਨ੍ਹਾ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਾਲੇ ਟੀ ਵੀ ਚੈਨਲਾਂ ਖਿਲਾਫ ਮਰਿਆਦਾ ਦਾ ਮਤਾ ਪੇਸ਼ ਕਰਨਗੇ।

ਹਰੀਪ੍ਰਸਾਦ ਨੇ ਕਿਹਾ-ਮੈਂ ਕਹਿੰਦਾ ਹਾਂ ਕਿ ਪਾਕਿਸਤਾਨ ਸਾਡਾ ਗਵਾਂਢੀ ਦੇਸ਼ ਹੈ। ਭਾਜਪਾ ਕੇਂਦਰ ਸਰਕਾਰ ਤੋਂ ਐਲਾਨ ਕਰਵਾ ਦੇਵੇ ਕਿ ਪਾਕਿਸਤਾਨ ਦੁਸ਼ਮਣ ਦੇਸ਼ ਹੈ। ਭਾਜਪਾ ਗੰਦੀ ਖੇਡ ਖੇਡਣ ਵਿਚ ਲੱਗੀ ਹੋਈ ਹੈ। ਮੈਂ ਜੋ ਵਿਧਾਨ ਪ੍ਰੀਸ਼ਦ ਵਿਚ ਕਿਹਾ, ਉਸ ਨੂੰ ਛਾਪਣ 'ਤੇ ਸਾਨੂੰ ਕੋਈ ਇਤਰਾਜ਼ ਨਹੀਂ। ਜੇ ਮਸਾਲਾ ਲਾ ਕੇ ਛਾਪਿਆ ਜਾਵੇਗਾ ਤਾਂ ਮੈਂ ਮੇਰੇ ਬਿਆਨਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਾਲੇ ਚੈਨਲਾਂ ਖਿਲਾਫ ਮਰਿਆਦਾ ਮਤਾ ਪੇਸ਼ ਕਰਨ ਬਾਰੇ ● ਬਾਕੀ ਸਫ਼ਾ 2 'ਤੇ

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸ੍ਰੀ ਚੋਲਾ ਸਾਹਿਬ ਦੇ ਸਾਲਾਨਾ ਜੋੜ ਮੇਲੇ 'ਤੇ **ਡੇਰਾ ਬਾਬਾ ਨਾਨਕ** 2 ਸਫਿਆਂ ਦਾ ਵਿਸ਼ੇਸ਼ ਸਪਲੀਮੈਂਟ 3 ਮਾਰਚ ਦਿਨ ਐਤਵਾਰ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਰਮੇਸ਼ ਸ਼ਰਮਾ** ਨਾਲ ਮੋਬਾਇਲ ਨੰਬਰ 98146-30794 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*-ਜਨਰਲ ਮੈਨੇਜਰ*

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ।

*-ਮੈਨੇਜਰ*

## ਅੱਜ-ਨਾਮਾ

ਕਰਿਆ ਹਮਲਾ ਭਗਵੰਤ ਨੇ ਫੇਰ ਤਕੜਾ,
ਦੋਸ਼ ਬਾਦਲਾਂ 'ਤੇ ਚੁਣ-ਚੁਣ ਲਾਏ ਮੀਆਂ।
ਕਿੱਦਾਂ ਹੋਟਲ ਬਣਾਇਆ ਤਾਂ ਨਿਯਮ ਤੋੜੇ,
ਕਾਗਜ਼ ਫਾਈਲਾਂ ਤੋਂ ਕੱਢ ਦਿਖਾਏ ਮੀਆਂ।
ਆਪਣੀ ਕੰਪਨੀ, ਆਪ ਜਦ ਪਾਸ ਕਰਨੀ,
ਕਿਹੜਾ ਫਾਈਲਾਂ ਨੂੰ ਰੋਕ ਲਗਾਏ ਮੀਆਂ।
ਅੱਜ ਤੱਕ ਕਿਸੇ ਨਹੀਂ ਕਦੇ ਜੋ ਸੁਣੇ ਹੈਸੀ,
ਕਹਿੰਦੇ ਸਾਹਮਣੇ ਅੱਜ ਉਹ ਆਏ ਮੀਆਂ।
ਕੀਤਾ ਏ ਧਾਵਾ ਭਗਵੰਤ ਤਾਂ ਲੋਕ ਆਖਣ,
ਲੱਗਿਆ ਚੁੱਪ ਸੁਖਬੀਰ ਨਾ ਰਹਿਣ ਮੀਆਂ।
ਮੁੱਦਾ ਚੁੱਕਣਾ ਕਾਂਗਰਸ ਜਾਂ ਭਾਜਪਾਈਆਂ,
ਲੱਗਿਆ ਕੋਈ ਵੀ ਚੁੱਪ ਨਾ ਬਹਿਣ ਮੀਆਂ।

-ਤੀਸ ਮਾਰ ਖਾਂ

### ਅਸੀਂ ਸ਼ਾਹਜਹਾਂ ਕੱਢ'ਤਾ, ਹੁਣ ਭਾਜਪਾ ਬ੍ਰਿਜਭੂਸ਼ਣ ਖਿਲਾਫ ਕਾਰਵਾਈ ਕਰੇ : ਤ੍ਰਿਣਮੂਲ

**ਕੋਲਕਾਤਾ** : ਤ੍ਰਿਣਮੂਲ ਕਾਂਗਰਸ ਨੇ ਸੰਦੇਸ਼ਖਾਲੀ ਵਿਚ ਕਈ ਮਹਿਲਾਵਾਂ 'ਤੇ ਜਿਸਮਾਨੀ ਹਮਲੇ ਕਰਨ ਤੇ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰਨ ਦੇ ਕੇਸ ਵਿਚ ਮੁੱਖ ਮੁਲਜ਼ਮ ਸ਼ੇਖ ਸ਼ਾਹਜਹਾਂ ਨੂੰ ਵੀਰਵਾਰ ਮੁਅੱਤਲ ਕਰ ਦਿੱਤਾ। ਉਸ ਦੀ ਗ੍ਰਿਫਤਾਰੀ ਦੇ ਕੁਝ ਘੰਟਿਆਂ ਬਾਅਦ ਪਾਰਟੀ ਨੇ ਸ਼ਾਹਜਹਾਂ ਨੂੰ ਛੇ ਸਾਲ ਲਈ ਮੁਅੱਤਲ ਕਰਨ ਦਾ ਐਲਾਨ ਕੀਤਾ। ਤ੍ਰਿਣਮੂਲ ਆਗੂਆਂ ਡੈਰੇਕ ਓ'ਬ੍ਰਾਇਨ ਤੇ ਪੱਛਮੀ ਬੰਗਾਲ ਦੇ ਮੰਤਰੀ ਬ੍ਰਤਯਾ ਬਾਸੂ ਨੇ ਸਾਂਝੀ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਪੱਛਮੀ ਬੰਗਾਲ ਸਰਕਾਰ ਕਾਨੂੰਨ ਦੇ ਰਾਜ ਪ੍ਰਤੀ ਵਚਨਬੱਧ ਹੈ, ਜਦਕਿ ਭਾਜਪਾ ਸੰਦੇਸ਼ਖਾਲੀ ਮੁੱਦੇ 'ਤੇ ਗੜਬੜ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਡੈਰੇਕ ਨੇ ਭਾਜਪਾ ਨੂੰ ਚੈਲੰਜ ਕੀਤਾ ਕਿ ਉਹ ਹੁਣ ਆਪਣੇ ਦਾਗੀ ਸਾਂਸਦ ਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਣ ਸ਼ਰਣ ਸਿੰਘ ਖਿਲਾਫ ● ਬਾਕੀ ਸਫ਼ਾ 2 'ਤੇ




## ਹਸਪਤਾਲਾਂ ’ਚ ਚੰਗੇ ਇਲਾਜ ਲਈ ਬਿਹਤਰ ਸਹੂਲਤਾਂ ਦਾ ਹੋਣਾ ਜ਼ਰੂਰੀ : ਗਰੇਵਾਲ



**ਲੁਧਿਆਣਾ (ਰਾਜ ਸਿੰਗਲਾ)**-ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਅਧੀਨ ਪੈਂਦੇ ਇੰਦਰਾਪੁਰੀ ਵਿਖੇ ਸਥਿਤ ਜੱਚਾ ਬੱਚਾ ਹਸਪਤਾਲ ਨੂੰ ਸਰਕਾਰ ਵੱਲੋਂ ਕਰੀਬ 21 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ, ਇਸ ਤੋਂ ਇਲਾਵਾ ਕਰੀਬ 4 ਲੱਖ ਦੇ ਕੰਮ ਹੋਰ ਐਡ ਕੀਤੇ ਗਏ ਹਨ, ਜਿਸ ਸਦਕਾ ਹੁਣ ਇਹ ਬਜਟ ਕਰੀਬ 25 ਲੱਖ ਤੱਕ ਪਹੁੰਚ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਇੱਕ ਪਾਸੇ ਇਲਾਕਾ ਨਿਵਾਸੀਆਂ ਵੱਲੋਂ ਜਿੱਥੇ ਆਮ ਆਦਮੀ ਕਲੀਨਿਕਾਂ ਦਾ ਲਾਭ ਲਿਆ ਜਾ ਰਿਹਾ ਹੈ, ਉੱਥੇ ਹਲਕੇ ਵਿੱਚ ਦੋ ਹਸਪਤਾਲਾਂ ਨੂੰ ਵੀ ਅਪਗ੍ਰੇਡ ਕੀਤਾ ਜਾ ਰਿਹਾ ਹੈ। ਵਿਧਾਇਕ ਗਰੇਵਾਲ ਨੇ ਕਿਹਾ ਕਿ ਹਸਪਤਾਲਾਂ ਵਿੱਚ ਹਰ ਤਰ੍ਹਾਂ ਦੀ ਸੁਵਿਧਾ ਹੋਣੀ ਜ਼ਰੂਰੀ ਤਾਂ ਹੀ ਲੋਕ ਇਲਾਜ ਕਰਵਾ ਸਕਣਗੇ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਸੂਬਾ ਵਾਸੀਆਂ ਨੂੰ ਸਿਹਤ, ਸਿੱਖਿਆ ਤੇ ਹੋਰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਐੱਸ.ਐੱਮ.ਓ. ਤੇ ਹਸਪਤਾਲ ਸਟਾਫ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵਰਕਰ, ਆਗੂ ਹਾਜ਼ਰ ਸਨ।

## ਸਮੂਹ ਯੂਨੀਅਨਾਂ ਵੱਲੋਂ ਰਖਵਾਏ ਸ਼ੁਕਰਾਨਾ ਪਾਠ ਦੇ ਭੋਗ ਪਾਏ

**ਮਲੋਟ, (ਗੁਰਮੀਤ ਸਿੰਘ ਮੱਕੜ)** : ਸਥਾਨਕ ਵਾਟਰ ਵਰਕਸ ਵਿਖੇ ਟੈਕਨੀਕਲ ਐਂਡ ਮਕੈਨੀਕਲ ਯੂਨੀਅਨ ਬ੍ਰਾਂਚ ਮਲੋਟ, ਗਿੱਦੜਬਾਹਾ ਤੇ ਕਿੱਲਿਆਂਵਾਲੀ, ਜਲ ਸਪਲਾਈ ਐਂਡ ਸੈਨੀਟੇਸ਼ਨ ਮੰਡਲ ਮਲੋਟ ਤੇ ਪੰਜਾਬ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਉੱਪ ਮੰਡਲ ਮਲੋਟ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਬੱਤ ਦੇ ਭਲੇ ਤੇ ਚੜ੍ਹਦੀ ਕਲਾ ਲਈ ਰਖਵਾਏ ਗਏ 26ਵੇਂ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਵਿੱਚ ਵੱਡੀ ਗਿਣਤੀ ’ਚ ਇਲਾਕੇ ਦੀਆਂ ਸੰਗਤਾਂ ਸ਼ਾਮਲ ਹੋਈਆਂ। ਇਸ ਮੌਕੇ ਕੀਤਰਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਤੇ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ ਨੇ ਦੱਸਿਆ ਕਿ 27 ਫਰਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ ਕਰਵਾਈ ਗਈ ਸੀ, ਜਿਸ ਦੇ ਅੱਜ ਭੋਗ ਪਾਏ ਗਏ ਹਨ। ਉਨ੍ਹਾਂ ਵੱਲੋਂ ਸਮਾਗਮ ਵਿੱਚ ਪਹੁੰਚੀਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਸੰਗਤਾਂ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਸ਼ੁੱਭਦੀਪ ਸਿੰਘ ਬਿੱਟੂ, ਸਾਬਕਾ ਨਗਰ ਕੌਂਸਲ ਦੇ ਪ੍ਰਧਾਨ ਰਾਮ ਸਿੰਘ, ਸਾਬਕਾ ਵਿਧਾਇਕ ਹਰਪ੍ਰੀਤ ਸਿੰਘ, ਸੁਦਰਸ਼ਨ ਜੱਗਾ, ਪਿੰਦਰ ਕੰਗ, ਮਾ. ਹਿੰਮਤ ਸਿੰਘ, ਲਾਲੀ ਗਗਨੇਜਾ, ਜੇ. ਈ. ਰਾਜਵੰਤ ਸਿੰਘ, ਹਰਜਿੰਦਰ ਸਿੰਘ ਗੁਰੋਂ, ਲਖਵਿੰਦਰ ਸਿੰਘ, ਸਾਬਕਾ ਸੁਪਰਵਾਈਜ਼ਰ ਜੰਗੀਰ ਸਿੰਘ ਆਦਿ ਹਾਜ਼ਰ ਸਨ।

## ਲਾਡੀ ਢੋਸ ਵੱਲੋਂ ਕੈਲਾ ’ਚ ਜਨਤਕ ਰੇਤ ਖੱਡ ਦਾ ਉਦਘਾਟਨ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਸੂਬਾ ਵਾਸੀਆਂ ਨੂੰ ਵਾਜਬ ਦਰਾਂ ’ਤੇ ਰੇਤ ਮੁਹੱਈਆ ਕਰਾਉਣਾ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮੋਗਾ ਸਮੇਤ ਵੱਖ-ਵੱਖ ਜ਼ਿਲ੍ਹਿਆਂ ਵਿੱਚ 12 ਹੋਰ ਜਨਤਕ ਰੇਤ ਖੱਡਾਂ ਖੋਲ੍ਹ ਦਿੱਤੀਆਂ ਗਈਆਂ ਹਨ। ਪਿੰਡ ਕੈਲਾ (ਨੇੜੇ ਧਰਮਕੋਟ) ਵਿਖੇ ਜਨਤਕ ਖੱਡ ਦਾ ਉਦਘਾਟਨ ਹਲਕਾ ਵਿਧਾਇਕ ਸ੍ਰ. ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਵਿਧਾਇਕ ਸ੍ਰ. ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਕਿਹਾ ਕਿ ਆਮ ਲੋਕਾਂ ਵੱਲੋਂ ਜਨਤਕ ਰੇਤ ਖੱਡਾਂ ਖੋਲ੍ਹਣ ਦੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ ਹੈ ਤੇ ਇਸ ਸਮੇਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੁੱਲ 60 ਜਨਤਕ ਖੱਡਾਂ ਚੱਲ ਰਹੀਆਂ ਹਨ। ਆਮ ਲੋਕਾਂ ਨੂੰ ਹੁਣ ਤੱਕ 5.50 ਰੁਪਏ ਪ੍ਰਤੀ ਕਿਊਬਿਕ ਫੁੱਟ ਦੇ ਹਿਸਾਬ ਨਾਲ 15.90 ਲੱਖ ਮੀਟ੍ਰਿਕ ਟਨ ਰੇਤ ਪ੍ਰਦਾਨ ਕੀਤੀ ਜਾ ਚੁੱਕੀ ਹੈ, ਜੋ ਇਸ ਪਹਿਲਕਦਮੀ ਦੀ ਸ਼ਾਨਦਾਰ ਸਫਲਤਾ ਨੂੰ ਦਰਸਾਉਂਦੀ ਹੈ। ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਨੇ ਕਿਹਾ ਕਿ ਇਹ ਖੱਡ ਸ਼ੁਰੂ ਹੋਣ ਨਾਲ ਲੋਕਾਂ ਨੂੰ ਵਾਜਬ ਕੀਮਤ ਉੱਤੇ ਰੇਤਾ ਮਿਲੇਗਾ। ਇਹ ਜਨਤਕ ਖੱਡਾਂ ਜ਼ਦੂਰਾਂ ਰਾਹੀਂ ਮੈਨੂਅਲ ਚਲਾਈਆਂ ਜਾਣਗੀਆਂ ਤੇ ਭਰਾਈ ਦਾ ਮੁੱਲ ਟਰੈਕਟਰ-ਟਰਾਲੀ ਚਾਲਕਾਂ ਨੂੰ ਮਜ਼ਦੂਰਾਂ ਨੂੰ ਦੇਣਾ ਪਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਆਮ ਲੋਕ ਵੀ ਹਾਜ਼ਰ ਸਨ।

## ਅਕੇਡੀਆ ਵਰਲਡ ਸਕੂਲ ’ਚ ਲਿਖਾਈ ਮੁਕਾਬਲੇ ਕਰਾਏ



**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)** ਅਕੇਡੀਆ ਵਰਲਡ ਸਕੂਲ ਵਿਖੇ ਜਮਾਤ ਪਹਿਲੀ ਤੋਂ ਨੌਵੀਂ ਜਮਾਤ ਦੇ ਵਿਦਿਆਰਥੀਆਂ ਦੇ ਰਚਨਾਤਮਕ ਲਿਖਾਈ ਪ੍ਰਤਿਯੋਗਤਾ ਕਰਾਈ ਗਈ। ਪ੍ਰਤਿਯੋਗਤਾ ਵਿੱਚ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ੇ ਲਿਖਣ ਲਈ ਦਿੱਤੇ ਗਏ। ਸਾਰੇ ਵਿਸ਼ੇ ਵਿਦਿਆਰਥੀ ਜੀਵਨ ਨੂੰ ਨਵੀਂ ਸੇਧ ਦੇਣ ਵਾਲੇ ਸਨ। ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਇਸ ਪ੍ਰਤੀਯੋਗਤਾ ਵਿੱਚ ਹਿੱਸਾ ਲਿਆ। ਇਹ ਪ੍ਰਤੀਯੋਗਤਾ ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਭਾਸ਼ਾ ਵਿੱਚ ਕਰਵਾਈ ਗਈ। ਇਸ ਪ੍ਰਤੀਯੋਗਤਾ ਵਿੱਚ ਪੰਜਾਬੀ ਭਾਸ਼ਾ ਵਿੱਚੋਂ 16 ਵਿਦਿਆਰਥੀਆਂ, ਹਿੰਦੀ ਭਾਸ਼ਾ ਵਿੱਚੋਂ 19 ਵਿਦਿਆਰਥੀਆਂ ਅਤੇ ਅੰਗਰੇਜ਼ੀ ਭਾਸ਼ਾ ਵਿੱਚੋਂ 13 ਵਿਦਿਆਰਥੀਆਂ ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਮੈਡਮ ਰਣਜੀਤ ਕੌਰ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ ਅਤੇ ਉਹਨਾਂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੋਇਆ ਹੌਸਲਾ ਅਫ਼ਜ਼ਾਈ ਕੀਤੀ। ਇਸ ਪ੍ਰਤਿਯੋਗਿਤਾ ਸੰਬੰਧੀ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਪ੍ਰਤਿਯੋਗਤਾਵਾਂ ਵਿਦਿਆਰਥੀਆਂ ਦੇ ਅੰਦਰੂਨੀ ਹੁਨਰਾਂ ਨੂੰ ਨਿਖਾਰਨ ਲਈ ਇੱਕ ਵਧੀਆ ਪਲੇਟਫਾਰਮ ਪ੍ਰਦਾਨ ਕਰਦੀਆਂ ਹਨ।

## ਪ੍ਰਿਥੀ ਚੰਦ ਦਾ ਨਾਇਬ ਤਹਿਸੀਲਦਾਰ ਬਣਨ ’ਤੇ ਸਨਮਾਨ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਕਾਨੂੰਗੋ ਪ੍ਰਿਥੀ ਚੰਦ ਦਾ ਪਦਉੱਨਤ ਹੋ ਕੇ ਨਾਇਬ ਤਹਿਸੀਲਦਾਰ ਬਣਨ ’ਤੇ ਸ਼੍ਰੀ ਚੰਦਰ ਗਊਸ਼ਾਲਾ ਡੇਰਾ ਨਿੰਮ ਵਾਲਾ ਪਿੰਡ ਸ਼ੇਰੋਂ ਵਿਖੇ ਮੁੱਖ ਸੇਵਾਦਾਰ ਮਹਾਂ ਮੰਡਲੇਸ਼ਵਰ ਡਾ. ਸਵਾਮੀ ਚੰਦਰ ਮੁਨੀ ਦੀ ਅਗਵਾਈ ਹੇਠ ਕਰਵਾਏ ਸਨਮਾਨ ਸਮਾਰੋਹ ਦੌਰਾਨ ਵੱਖ-ਵੱਖ ਸੰਸਥਾਵਾਂ ਵੱਲੋਂ ਸਨਮਾਨ ਕੀਤਾ ਗਿਆ।ਨਾਇਬ ਤਹਿਸੀਲਦਾਰ ਪ੍ਰਿਥੀ ਚੰਦ ਨੇ ਸਮੂਹ ਨਗਰ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਹੁਣ ਤੱਕ ਦੀ ਸੇਵਾ ’ਚੋਂ ਜ਼ਿਆਦਾਤਰ ਸੇਵਾ ਇਸੇ ਇਲਾਕੇ ਵਿੱਚ ਨਿਭਾਈ ਹੈ ਤੇ ਅੱਗੋਂ ਵੀ ਉਨ੍ਹਾਂ ਦੀ ਕੋਸ਼ਿਸ਼ ਹੋਵੇਗੀ ਕਿ ਬਤੌਰ ਨਾਇਬ ਤਹਿਸੀਲਦਾਰ ਇਸ ਇਲਾਕੇ ਦੀ ਪੂਰੀ ਲਗਨ ਨਾਲ ਸੇਵਾ ਕਰਾਂ। ਇਸ ਮੌਕੇ ਪਿੰਡ ਵਾਸੀਆਂ, ਗਊਸ਼ਾਲਾ, ਆੜ੍ਹਤੀ ਐਸਸੀਏਸ਼ਨ, ਮਹਿੰਦਰ ਸਿੰਘ ਸਿੱਧੂ ਚੇਅਰਮੈਨ ਪਨਸੀਡ ਤੇ ਨੌਜਵਾਨਾਂ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਪ੍ਰਿਥੀ ਚੰਦ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਡਾ. ਸਵਾਮੀ ਚੰਦਰ ਮੁਨੀ, ਮਹਿੰਦਰ ਸਿੰਘ ਸਿੱਧੂ ਚੇਅਰਮੈਨ, ਡਾ. ਰੂਪ ਸਿੰਘ ਸ਼ੇਰੋਂ, ਕੇਵਲ ਸਿੰਘ ਸ਼ੇਰੋਂ, ਕਾਨੂੰਗੋ ਬਲਵਿੰਦਰ ਸਿੰਘ, ਬਸੰਤ ਸਿੰਘ, ਕੁਲਵਿੰਦਰ ਸਿੰਘ, ਰਾਮ ਸਿੰਘ ਸਿੱਧੂ, ਸਰਪੰਚ ਪ੍ਰੇਮ ਸਿੰਘ, ਗੁਰਜੰਟ ਸਿੰਘ, ਬਲਜਿੰਦਰ ਸਿੰਘ ਵਲੈਤੀ, ਜਥੇ. ਸੁਖਦੇਵ ਸਿੰਘ, ਗੁਰਪ੍ਰੀਤ ਸਿੰਘ ਮੈਂਬਰ, ਕੁਲਦੀਪ ਸਿੰਘ, ਨਿਹਾਲ ਸਿੰਘ ਸਾ. ਸਰਪੰਚ, ਦਰਸ਼ਨ ਸਿੰਘ, ਮੱਟੀ ਸਿੰਘ, ਮਿਠੂ ਸਿੰਘ, ਬੀਰਬਲ ਰਾਮ, ਅਵਤਾਰ ਸਿੰਘ, ਬਲਵਿੰਦਰ ਸਿੰਘ, ਭਰਪੂਰ ਸਿੰਘ, ਮੱਖਣ ਸਿੰਘ, ਕਸ਼ਮੀਰ ਸਿੰਘ, ਭਗਵਾਨ ਸਿੰਘ, ਜਸਵੀਰ ਸਿੰਘ ਸਿੱਧੂ ਤੇ ਸੁਖਦੇਵ ਸਿੰਘ ਹਾਜ਼ਰ ਸਨ।

## ਕੁਲਰੀਆਂ ਅਬਾਦਕਾਰ ਕਿਸਾਨਾਂ ਦਾ ਪੱਕਾ ਮੋਰਚਾ 55ਵੇਂ ਦਿਨ ’ਚ ਦਾਖਲ



**ਬੁਢਲਾਡਾ (ਅਸ਼ੋਕ ਲਾਕੜਾ)**-ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਹੇਠ ਬੁਢਲਾਡਾ ਦੇ ਡੀ ਐੱਸ ਪੀ ਦਫਤਰ ਅੱਗੇ ਚੱਲ ਰਹੇ ਪੱਕੇ ਮੋਰਚੇ ਵਿੱਚ ਹੁਣ ਤੱਕ ਚਾਰ ਵਾਰ ਸੈਂਕੜੇ ਕਿਸਾਨਾਂ ਤੇ ਕਿਸਾਨ ਬੀਬੀਆਂ ਵੱਲੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦੀ ਰਿਹਾਇਸ਼ ਤੇ ਸ਼ਹਿਰ ਵਿੱਚ ਰੋਹ ਭਰਪੂਰ ਅਰਥੀ ਫੂਕ ਮੁਜ਼ਾਹਰੇ ਕੀਤੇ ਜਾ ਚੁੱਕੇ ਹਨ। ਆਗੂਆਂ ਨੇ ਕਿਹਾ ਕਿ ਪੁਲਸ ਦਾ ਜਬਰ ਸੰਘਰਸ਼ ਕਰ ਰਹੇ ਕਾਫਲਿਆਂ ਨੂੰ ਡੁੱਲ੍ਹਾ ਨਹੀਂ ਸਕਦਾ। ਇਸ ਮੌਕੇ ਜਥੇਬੰਦੀ ਦੇ ਮਾਨਸਾ ਜ਼ਿਲ੍ਹੇ ਦੇ ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸ਼ਰਮਾ ਖਿਆਲਾਂ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਕੁੱਲਰੀਆਂ ਦੇ ਕਿਸਾਨਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦਿਵਾਉਣ ਤੇ ਕਿਸਾਨਾਂ ’ਤੇ ਜਾਨਲੇਵਾ ਹਮਲੇ ਕਰਨ ਵਾਲੇ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਕਰਵਾਉਣ ਲਈ ਛੇ ਜਨਵਰੀ ਤੋਂ ਪੱਕਾ ਮੋਰਚਾ ਜਾਰੀ ਹੈ।

ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬੇਸ਼ਰਮੀ ਤੇ ਧੱਕੇਸ਼ਾਹੀ ਵਿੱਚ ਪਿਛਲੀਆਂ ਸਰਕਾਰਾਂ ਨੂੰ ਵੀ ਮਾਤ ਕਰ ਦਿੱਤਾ ਹੈ। ਆਪਣੀ ਆਵਾਜ਼ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ ਲਈ, ਧੁੰਦ ਤੇ ਠੰਡ ਦੇ ਮੌਸਮ ਵਿੱਚ ਕਿਸਾਨ ਕਾਫਲੇ ਕਪੂਰਥਲਾ, ਫਾਜ਼ਿਲਕਾ, ਫਿਰੋਜ਼ਪੁਰ ਤੇ ਮੋਹਾਲੀ ਵਰਗੇ ਦੂਰ ਦੁਰਾਡੇ ਜ਼ਿਲ੍ਹਿਆਂ ਤੋਂ ਚੱਲ ਕੇ ਪੱਕੇ ਮੋਰਚੇ ’ਚ ਆਉਂਦੇ ਰਹਿੰਦੇ ਸਨ ਅਤੇ ਰਾਤਾਂ ਕੱਟਦੇ ਸਨ। ਇਸ ਦੇ ਬਾਵਜੂਦ ਸਰਕਾਰ ਨੇ ਬੇਸ਼ਰਮੀ ਭਰੀ ਚੁੱਪ ਧਾਰੀ ਹੋਈ ਹੈ। ਅੱਜ ਦੇ ਧਰਨੇ ’ਚ ਬੁਢਲਾਡਾ ਬਲਾਕ ਦੇ ਪਿੰਡ ਇਕਾਈਆਂ ਨੇ ਸ਼ਮੂਲੀਅਤ ਕੀਤੀ। ਅੱਜ ਪੱਕੇ ਮੋਰਚੇ ਦੇ 55ਵੇਂ ਦਿਨ ਦੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਆਗੂ ਬੁਢਲਾਡਾ ਬਲਾਕ ਸੀਨੀਅਰ ਮੀਤ ਪ੍ਰਧਾਨ ਤੇਜ ਰਾਮ ਅਹਿਮਦਪੁਰ, ਜਗਜੀਵਨ ਸਿੰਘ ਹਸਨਪੁਰ, ਪਾਲ ਸਿੰਘ ਕੁਲਰੀਆਂ, ਅਮਰੀਕ ਸਿੰਘ ਕੁਲਰੀਆਂ, ਅਮਰੀਕ ਸਿੰਘ ਜਲਵੇੜਾ ਬਿੰਦਰ ਸਿੰਘ ਬਰੇ, ਬਿੱਕਰ ਸਿੰਘ ਕੁਲਰੀਆਂ ਤੇ ਗੁਰਪ੍ਰੀਤ ਸਿੰਘ ਕੁਲਰੀਆਂ ਨੇ ਕਿਹਾ ਕਿ ਪੁਲਸ ਦਾ ਝੂਠੇ ਪਰਚੇ ਦਰਜ ਕਰਨ ਦਾ ਰੋਲ ਸਾਡੇ ਆਗੂਆਂ ਤੱਕ ਸੀਮਤ ਨਹੀਂ ਹੈ, ਸਗੋਂ ਪਰਮਿੰਦਰ ਝੋਟਾ ਸਮੇਤ ਬਲਾਗਰ ਭਾਨਾ ਸਿੱਧੂ ਖਿਲਾਫ ਨਜਾਇਜ਼ ਪਰਚੇ ਦਰਜ ਕਰਨਾ ਪੁਲਸ ਦਾ ਅਗਲਾ ਪੜਾਅ ਹੈ। ਪੁਲਸ ਦੇ ਇਨ੍ਹਾਂ ਜਾਬਰ ਕਦਮਾਂ ਨੂੰ ਆੜੇ ਹੱਥੀਂ ਲੈਂਦਿਆਂ ਬਾਜ਼ ਆਉਣ ਦੀ ਚਿਤਾਵਨੀ ਦਿੱਤੀ।

## ਮਿੱਡ ਡੇ ਮੀਲ ’ਚ ਪਾੜ੍ਹਿਆਂ ਨੂੰ ਦਿੱਤੇ ਜਾਣ ਵਾਲੇ ਕਿੰਨੂਆਂ ਤੇ ਪੂੜੀਆਂ ਨੇ ਅਧਿਆਪਕ ਪੜ੍ਹਨੇ ਪਾਏ !

### ਅਧਿਆਪਕਾਂ ਵੱਲੋਂ ਗੈਰ ਵਿੱਦਿਅਕ ਕੰਮ ਲਈ ਅਧਿਆਪਕਾਂ ਨੂੰ ਨਾ ਲਾਉਣ ਦੀ ਮੰਗ



**ਜਲਾਲਾਬਾਦ (ਪਰਮਜੀਤ ਢਾਬਾਂ)**-ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ’ਚ ਮਿਡ ਡੇ ਮੀਲ ਵਿੱਚ ਮੌਸਮੀ ਫਲ ਦੇ ਤੌਰ ਵਿੱਚ ਦਿੱਤਾ ਜਾ ਰਿਹਾ ਕਿਨੂੰ ਦਾ ਫਲ ਤੇ ਬੁੱਧਵਾਰ ਵਾਲੇ ਦਿਨ ਬੱਚਿਆਂ ਨੂੰ ਪੂੜੀਆਂ ਦੇਣ ਨਾਲ ਸਰਕਾਰੀ ਸਕੂਲਾਂ ਦੇ ਅਧਿਆਪਕ ਵੱਡੇ ਪੱਧਰ ਤੇ ਖੱਜਲ ਖੁਆਰ ਹੋ ਰਹੇ ਹਨ। ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਪਹਿਲਾਂ ਕਿੰਨੂੰ ਖਰੀਦ ਕੇ ਲਿਆਉਣਾ ਪੈਂਦਾ ਹੈ, ਬਾਅਦ ਵਿੱਚ ਉਸ ਦੀ ਵੰਡ ਕਰਨ ’ਚ ਭਾਰੀ ਮਸ਼ੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਨ੍ਹਾ ਸਕੂਲਾਂ ਵਿੱਚ ਗਿਣਤੀ ਵੱਡੀ ਹੈ,ਉਹਨਾਂ ਸਕੂਲਾਂ ਦੇ ਅਧਿਆਪਕ ਵੀ ਵੱਡੀ ਗਿਣਤੀ ਵਿੱਚ ਇਸ ਕਾਰਜ ਲਈ ਵਿਅਸਤ ਹੋ ਜਾਂਦੇ ਹਨ। ਦੂਜੇ ਪਾਸੇ ਬੁੱਧਵਾਰ ਵਾਲੇ ਦਿਨ ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਪੂੜੀਆਂ ਨੇ ਤਾਂ ਸਮੂਹ ਅਧਿਆਪਕਾਂ ਨੂੰ ਹੀ ਪੜ੍ਹਨੇ ਪਾਇਆ ਹੋਇਆ ਹੈ, ਕਿਉਂਕਿ ਪੂੜੀਆਂ ਬਣਾਉਣ ਲਈ ਮਿਡ ਡੇ ਮੀਲ ਵਿੱਚ ਕੰਮ ਕਰਦੀਆਂ ਔਰਤਾਂ ਕੋਈ ਤਜਰਬੇਕਾਰ ਕੁੱਕ ਨਹੀਂ ਹਨ ਤੇ ਜਿਨ੍ਹਾਂ ਸਕੂਲਾਂ ਵਿੱਚ 200 ਤੋਂ ਲੈ ਕੇ 1000 ਤੱਕ ਵਿਦਿਆਰਥੀਆਂ ਦੀ ਗਿਣਤੀ ਹੈ, ਉਨ੍ਹਾਂ ਸਕੂਲਾਂ ਵਿੱਚ ਵੱਡੀ ਗਿਣਤੀ ’ਚ ਮਹਿਲਾ ਅਤੇ ਪੁਰਸ ਅਧਿਆਪਕਾਂ ਨੂੰ ਨਾਲ ਲੱਗ ਕੇ ਪੂੜੀਆਂ ਨੂੰ ਤਲਣ ਦਾ ਕੰਮ ਕਰਨਾ ਪੈਂਦਾ ਹੈ। ਜਿਸ ਨਾਲ ਸਕੂਲ ਦੀ ਪੜਾਈ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਵੱਖ-ਵੱਖ ਸਕੂਲਾਂ ਵਿੱਚ ਮੌਕੇ ’ਤੇ ਜਾ ਕੇ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਪੂੜੀਆਂ ਤਲਣ ਲਈ ਤਿੰਨ ਤੋਂ ਚਾਰ ਅਧਿਆਪਕ ਲੱਗਦੇ ਹਨ, ਦੂਜੇ ਪਾਸੇ ਬੱਚਿਆਂ ਨੂੰ ਪੂੜੀਆਂ ਵੰਡਣ ਲਈ ਭਾਰੀ ਮਸ਼ੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ।

ਗੌਰਮਿੰਟ ਸਕੂਲ ਟੀਚਰ ਯੂਨੀਅਨ ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਪ੍ਰਿੰਸੀਪਲ ਮਨਦੀਪ ਸਿੰਘ ਥਿੰਦ ਦਾ ਕਹਿਣਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਮਿਡ ਡੇ ਮੀਲ ’ਚ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਕਿੰਨੂਆਂ ਦਾ ਫੈਸਲਾ ਚੰਗਾ ਹੈ, ਪ੍ਰੰਤੂ ਕਿੰਨੂ ਸਕੂਲਾਂ ਵਿੱਚ ਪਹੁੰਚਾਉਣ ਦਾ ਕੰਮ ਕੀਤਾ ਜਾਵੇ ਤਾਂ ਕਿ ਅਧਿਆਪਕਾਂ ਦੀ ਖੱਜਲ ਖੁਆਰੀ ਨਾ ਹੋ ਸਕੇ। ਬੁੱਧਵਾਰ ਨੂੰ ਬੱਚਿਆਂ ਨੂੰ ਪੂੜੀਆਂ ਦਿੱਤੇ ਜਾਣ ਸਬੰਧੀ ਉਨ੍ਹਾਂ ਨੇ ਕਿਹਾ ਕਿ ਇਹ ਕੋਈ ਪੋਸ਼ਟਿਕ ਆਹਾਰ ਨਹੀਂ ਹੈ, ਤੇਲ ਵਿੱਚ ਮੈਦੇ ਨੂੰ ਤਲ ਕੇ ਬੱਚਿਆਂ ਨੂੰ ਕੋਈ ਨਿਊਟਰੇਸ਼ਨ ਨਹੀਂ ਮਿਲ ਰਹੀ ਤੇ ਸਰਕਾਰ ਨੂੰ ਇਸ ਫੈਸਲੇ ਨੂੰ ਬਦਲਣ ਲਈ ਵਿਚਾਰ ਕਰਨਾ ਚਾਹੀਦਾ ਹੈ। ਐਲੀਮੈਂਟਰੀ ਟੀਚਰ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਅਸ਼ੋਕ ਸਰਾਰੀ ਨੇ ਕਿਹਾ ਕਿ ਸਰਕਾਰ ਵੱਲੋਂ ਗੈਰ-ਵਿਦਿਅਕ ਕੰਮਾਂ ਦਾ ਬੋਝ ਘਟਾਉਣ ਦੀ ਬਜਾਏ, ਇਸ ਤਰ੍ਹਾਂ ਦੇ ਫੈਸਲੇ ਕਰਕੇ ਹੋਰ ਬੋਝ ਵਧਾਇਆ ਜਾ ਰਿਹਾ ਹੈ। ਕਿੰਨੂਆਂ ਦਾ ਮਿਆਰ ਵੀ ਚੰਗਾ ਬੱਚਿਆਂ ਨੂੰ ਨਹੀਂ ਦਿੱਤਾ ਜਾ ਰਿਹਾ।

ਦੱਸ ਦਈਏ ਕਿ ਕਿਨੂੰ ਸਕੂਲਾਂ ਤੱਕ ਪਹੁੰਚਣ ਦੀ ਪ੍ਰਕਿਰਿਆ ਬਹੁਤ ਲੰਬੀ ਲੜੀ ਹੈ। ਪਹਿਲਾਂ ਕਿਨੂੰ ਬਲਾਕ ਸਿੱਖਿਆ ਅਫਸਰ ਦੇ ਦਫਤਰ ਵੱਲੋਂ ਖਰੀਦ ਕੇ ਲਿਆਂਦਾ ਜਾਂਦਾ ਹੈ, ਬਾਅਦ ਵਿੱਚ ਸੈਂਟਰ ਸਕੂਲ ਤੇ ਇਸ ਤੋਂ ਬਾਅਦ ਸਕੂਲਾਂ ਦੇ ਅਧਿਆਪਕਾਂ ਵੱਲੋਂ ਆਪਣੇ ਸੈਂਟਰ ਸਕੂਲ ਤੋਂ ਪ੍ਰਾਪਤ ਕਰਕੇ ਆਪਣੇ ਸਕੂਲਾਂ ਵਿੱਚ ਲਜਾਏ ਜਾਂਦੇ ਹਨ। ਸਕੂਲਾਂ ਦੇ ਅਧਿਆਪਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੜ੍ਹਾਉਣ ਦੀ ਬਜਾਏ ਵੱਖ-ਵੱਖ ਤਰ੍ਹਾਂ ਦੇ ਗੈਰ-ਵਿਦਿਅਕ ਕੰਮ ’ਚ ਲਾ ਕੇ ਖੇਡਾਂ ਖੇਡਣ ਲਗਾਇਆ ਹੋਇਆ ਹੈ।

## ਨਾਹਰਿਆਂ ਦੀ ਗੂੰਜ ’ਚ ਕਿਸਾਨ ਕਰਨੈਲ ਸਿੰਘ ਦਾ ਅੰਤਮ ਸਸਕਾਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-‘ਦਿੱਲੀ ਕੂਚ’ ਪ੍ਰੋਗਰਾਮ ਤਹਿਤ ਢਾਬੀ ਗੁੱਜਰਾਂ ਹੱਦ ’ਤੇ ਸਰਗਰਮ ਕਿਸਾਨ ਕਰਨੈਲ ਸਿੰਘ ਅਰਨੌ ਦੀ ਲੰਘੀ ਰਾਤ ਮੌਤ ਹੋ ਗਈ। ਹਰਿਆਣਾ ਪੁਲਸ ਵੱਲੋਂ ਸੁੱਟੇ ਗਏ ਅੱਥਰੂ ਗੈਸ ਦੇ ਗੋਲਿਆਂ ’ਚੋਂ ਨਿਕਲੇ ਧੂੰਏਂ ਕਾਰਨ ਉਨ੍ਹਾਂ ਦੀ ਸਿਹਤ ਵਿਗੜ ਜਾਣ ਕਰਕੇ ਸਰਕਾਰੀ ਰਾਜਿੰਦਰਾ ਹਸਪਤਾਲ ਦਾਖਲ ਕਰਵਾਇਆ ਗਿਆ ਸੀ, ਜਿੱਥੇ 26/27 ਫਰਵਰੀ ਦੀ ਰਾਤ ਨੂੰ ਉਨ੍ਹਾਂ ਦੀ ਮੌਤ ਹੋ ਗਈ। ਅੱਜ ਪੋਸਟਮਾਰਟਮ ਮਗਰੋਂ ਕਿਸਾਨ ਦੀ ਲਾਸ਼ ਨੂੰ ਢਾਬੀ ਗੁਜਰਾਂ ਪੰਜਾਬ ਹਰਿਆਣਾ ਬਾਰਡਰ ਉੱਤੇ ਲਿਆਂਦਾ ਗਿਆ, ਜਿੱਥੇ ਉਨ੍ਹਾਂ ਨੂੰ ਕਿਸਾਨ ਜਥੇਬੰਦੀਆਂ ਦੇ ਵੱਖ ਵੱਖ ਆਗੂਆਂ ਨੇ ਫੁੱਲ ਮਾਲਾਵਾਂ ਅਰਪਣ ਕਰਕੇ ਸ਼ਰਧਾਂਜਲੀਆਂ ਭੇਟ ਕੀਤੀਆਂ। ਉਪਰੰਤ ਕਿਸਾਨ ਦੀ ਮ੍ਰਿਤਕ ਦੇਹ ਦਾ ਪਿੰਡ ਅਰਨੌ ਨਾਹਰਿਆਂ ਦੀ ਗੂੰਜ ਵਿੱਚ ਅੰਤਿਮ ਸੰਸਕਾਰ ਕੀਤਾ ਗਿਆ।

ਭਾਰਤੀ ਯੂਨੀਅਨ ਕ੍ਰਾਂਤੀਕਾਰੀ ਆਗੂ ਸਤਵੰਤ ਸਿੰਘ ਵਜੀਦਪੁਰ, ਰਣਜੀਤ ਸਿੰਘ ਸਬਾਵਾਜਪੁਰ, ਗੁਰਨਾਮ ਸਿੰਘ ਢੈਠਲ ਨੇ ਕਿਹਾ ਕਿ ਅੱਥਰੂ ਗੈਸ ਦੇ ਧੂੰਏਂ ਕਾਰਨ ਕਰਨੈਲ ਸਿੰਘ ਦੇ ਫੇਫੜੇ ਖਰਾਬ ਹੋ ਗਏ ਸਨ, ਜੋ ਉਸ ਦੀ ਮੌਤ ਦਾ ਕਾਰਨ ਬਣੇ। ਸ਼ਹੀਦ ਕਿਸਾਨ ਨੂੰ ਸ਼ਮਸ਼ਾਨ ਘਾਟ ਵੱਲ ਲੈ ਕੇ ਜਾਂਦੇ ਸਮੇਂ ਪਿੰਡ ਵਾਸੀਆਂ ਤੇ ਵੱਡੀ ਗਿਣਤੀ ਵਿੱਚ ਸ਼ਾਮਲ ਕਿਸਾਨਾਂ ਵੱਲੋਂ ਕਰਨੈਲ ਸਿੰਘ ਨੂੰ ਸ਼ਹੀਦ ਕਰਾਰ ਦਿੰਦਿਆਂ ਨਾਅਰੇ ਵੀ ਲਾਏ ਗਏ। ਉਨ੍ਹਾਂ ਆਪਣੇ ਇਸ ਸੰਘਰਸ਼ਸ਼ੀਲ ਸਾਥੀ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਨਾਲ ਹੀ ਸਰਕਾਰ ਤੋਂ ਉਸ ਦੇ ਪਰਿਵਾਰ ਲਈ ਮੁਆਵਜ਼ੇ ਦੀ ਮੰਗ ਕੀਤੀ। ਉਕਤ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਦੇ ਸੰਘਰਸ਼ ਨੂੰ ਰੋਕਣ ਲਈ ਅੱਤਿਆਚਾਰ ਦਾ ਰਾਹ ਅਪਨਾ ਕੇ ਵਿਸ਼ਵ ਭਰ ਵਿੱਚ ਨਮੋਸ਼ੀ ਖੱਟੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਮੰਗੀਆਂ ਮੰਗਾਂ ਨੂੰ ਪ੍ਰਵਾਨ ਕਰਕੇ ਲਾਗੂ ਕਰਨ ਤੋਂ ਮੁੱਕਰੀ ਭਾਜਪਾ ਨੂੰ ਦੇਸ਼ ਭਰ ਵਿੱਚ ਪਾਰਲੀਮੈਂਟ ਚੋਣਾਂ ਦੌਰਾਨ ਮੂੰਹ ਤੋੜਵਾਂ ਜਵਾਬ ਕਿਸਾਨ ਜਥੇਬੰਦੀਆਂ ਕਿਸਾਨੀ ਘੋਲ ਵਿੱਚ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀਆਂ ਭੇਟ ਕਰਨਗੇ।

## ਰੁੱਖ ਤੇ ਕੁੱਖ ਬਚਾਓ ਸੰਦੇਸ਼ ਨਾਲ ਹਰਾ-ਭਰਾ ਮਲੋਟ ਪ੍ਰੋਗਰਾਮ ਦਾ ਆਗਾਜ਼



**ਮਲੋਟ, (ਗੁਰਮੀਤ ਸਿੰਘ ਮੱਕੜ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰੁੱਖ ਅਤੇ ਕੁੱਖ ਬਚਾਓ ਦੇ ਸੰਦੇਸ਼ ਨਾਲ ਮਲੋਟ ਸ਼ਹਿਰ ਨੂੰ ਹਰਾ ਭਰਾ ਕਰਨ ਦੇ ਪ੍ਰੋਜੈਕਟ ਦੀ ਸ਼ੁਰੂਆਤ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਧੀਆਂ ਤੋਂ ਸ਼ਹਿਰ ਵਿਚ ਨਵੇਂ ਪੌਦੇ ਲਵਾ ਕੇ ਕਰਾਈ। ਇਸ ਪ੍ਰੋਗਰਾਮ ਤਹਿਤ ਸ਼ਹਿਰ ਦੀਆਂ ਸਾਰੀਆਂ ਪ੍ਰਮੁੱਖ ਸੜਕਾਂ ਦੇ ਹਰੇ ਭਰੇ ਅਤੇ ਸ਼ਹਿਰ ਦੀ ਦਿੱਖ ਨਿਖਾਰਨ ਵਾਲੇ ਰੁੱਖ ਲਾਏ ਜਾਣਗੇ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਨੂੰ ਰੰਗਲਾ ਪ੍ਰਦੇਸ਼ ਬਣਾਉਣ ਵਿਚ ਲੱਗੀ ਹੋਈ ਹੈ, ਉਸੇ ਲੜੀ ਵਿੱਚ ਉਹ ਵੀ ਆਪਣੇ ਹਲਕੇ ਨੂੰ ਹਰਾ ਭਰਾ ਕਰਨ ਲਈ ਲਗਾਤਾਰ ਯਤਨ ਕਰ ਰਹੇ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਪ੍ਰੋਗਰਾਮ ਤਹਿਤ ਧੀਆਂ ਨੂੰ ਸਮਰਪਤ ਕਰਦੇ ਹੋਏ ਰੁੱਖ ਲਾਏ ਜਾਣਗੇ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਪ੍ਰੋਗਰਾਮ ’ਚ ਸ਼ਾਮਲ ਕੀਤਾ ਜਾਵੇਗਾ ਤੇ ਜਿਵੇਂ ਉਹ ਆਪਣੀਆਂ ਧੀਆਂ ਨੂੰ ਪਾਲਦੇ ਹਨ, ਉਸੇ ਤਰਾਂ ਆਪਣੇ ਸ਼ਹਿਰ ਨੂੰ ਸ਼ਾਨਦਾਰ ਬਣਾਉਣ ਲਈ ਉਹ ਇਨ੍ਹਾਂ ਰੁੱਖਾਂ ਨੂੰ ਵੀ ਪਾਲਣਗੇ। ਉਨ੍ਹਾਂ ਨੇ ਇਸ ਪ੍ਰੋਜੈਕਟ ਵਿਚ ਸਮੂਹ ਸ਼ਹਿਰ ਵਾਸੀਆਂ ਤੋਂ ਸਹਿਯੋਗ ਮੰਗਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਧੀਆਂ ਦੇ ਨਾਂਅ ਉਨ੍ਹਾਂ ਦੇ ਦਫ਼ਤਰ ਨੋਟ ਕਰਾਉਣ ਤਾਂ ਜੁ ਉਨ੍ਹਾਂ ਦੇ ਨਾਂਅ ਤੇ ਸ਼ਹਿਰ ਵਿਚ ਪੌਦੇ ਲਾਏ ਜਾ ਸਕਨ। ਡਾ. ਬਲਜੀਤ ਕੌਰ ਨੇ ਕਿਹਾ ਕਿ ਸ਼ਹਿਰ ਨੂੰ ਸਵੱਛ ਰੱਖਣਾ ਹਰੇਕ ਸ਼ਹਿਰੀ ਦਾ ਫਰਜ ਹੈ ਤੇ ਇਸ ਲਈ ਸਾਰੇ ਲੋਕ ਇਸ ਮੁਹਿੰਮ ਨਾਲ ਜੁੜਨ। ਉਨ੍ਹਾਂ ਨੇ ਸ਼ਹਿਰ ਦੇ ਸਿਵਲ ਹਸਪਤਾਲ ਨੂੰ ਵੀ ‘ਏ’ ਗ੍ਰੇਡ ਮਿਲਣ ਲਈ ਸ਼ਹਿਰ ਵਾਸੀਆਂ ਨੂੰ ਇਸ ਮੌਕੇ ਵਧਾਈ ਦਿੱਤੀ। ਕੈਬਨਿਟ ਮੰਤਰੀ ਨੇ ਕਿਹਾ ਕਿ ਧੀਆਂ ਜਿਸ ਤਰਾਂ ਪਰਿਵਾਰਾਂ ਦੀ ਰੌਣਕ ਹੁੰਦੀਆਂ ਹਨ ਅਤੇ ਪਰਿਵਾਰ ਦਾ ਨਾਂਅ ਰੋਸ਼ਨ ਕਰਦੀਆਂ ਹਨ, ਇਸੇ ਤਰਾਂ ਇਹ ਰੁੱਖ ਮਲੋਟ ਸ਼ਹਿਰ ਦੀ ਰੌਣਕ ਬਣਨਗੇ। ਇਸ ਮੌਕੇ ਕੈਬਨਿਟ ਮੰਤਰੀ ਨੇ ਇਸ ਮੌਕੇ ਪਹਿਲਾਂ ਰੁੱਖ ਧੀ ਅੰਤਰਾ ਗਰੋਵਰ ਦੇ ਨਾਂਅ ਦਾ ਲਾਇਆ, ਜਿਸ ਨੇ ਅਮਰੀਕਾ ਵਿਚ ਐਮਾਜੋਨ ਵਿਚ ਜਾ ਕੇ ਦੇਸ਼ ਦਾ ਨਾਂਅ ਰੋਸ਼ਨ ਕੀਤਾ ਹੈ।


**Public Notice**

It hereby informs to public at large that Aarti has avail loan from AU SMALL FINANCE BANK LIMITED have its branch office at Jalandhar. That Deepak Mehra s/o Raghubir Nath is owner of Portion of Shop Measuring 1 Marla 153 sq.ft Situated within Red line Area of Bhagat Bazar Adda Hoshiarpur Tehsil and Distt Jalandhar vide Transfer deed no. 12442 dated 18.01.2024. This property was earlier larger area as owned by Mahinder kaur w/o Kartar Singh vide sale deed no. 7602 dated 01.02.1971 SR-.Jalandhar and Kartar Singh s/o Ganga Ram vide Sale Deed No. 1634 dated 13.06.1966, SR- Jalandhar. Both Mahinder Kaur w/o Kartar Singh and Kartar Singh s/o Ganga Ram died and his property inherited by Harbans lal and Charanjit Singh both sons of Late Kartar Singh. Charanjit Singh s/o Late. Kartar Singh executed a Transfer deed for Area Measuring 1 Marla 153 sq.ft in favour of Shashi Bala w/o Charanjit Singh vide Transfer deed no. 11580 dated 15.02.2017 Sr.jalandhar. Shashi Bala w/o Charanjit Singh died and his property Measuring 1 Marla 153 sq.ft inherited by Aarti d/o Shashi Bala w/o Charanjit Singh( w/o Deepak Mehra). Aarti d/o Shashi Bala w/o Charanjit Singh( w/o Deepak Mehra) executed a Transfer deed for Area Measuring 1 Marla 153 sq.ft in favour of Deepak Mehra s/o Raghubir Nath vide transfer deed no. 12442 dated 18.01.2024 Sr.jalandhar. That Aarti d/o Shashi Bala is true owner and no person any interest in this property. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised by depositing the aforesaid document to any person/bank/corporation/financial institution may approach the undersigned and submit objection within 7 days from the date of this public notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

*Description of Property :* Property Measuring 7 Marla 5 Sarsai Comprising Under Khasra No. 62//19/3, 22, 23, Portion of Shop Measuring 1 Marla 153 sq.ft Situated within Red line Area of Bhagat Bazar Adda Hoshiarpur Tehsil and Distt Jalandhar. Boundaries- as Per Sale Deed as under:
East: Mistri Kala, West: Hoshiarpur Road, North: Shop Kartar Vaishno Dhaba, South: Shop Pal Lottry Stall

Lalit Kakkar (Advocate) Off. : Chamber No. 24, New Courts, Jalandhar.
M.No. 98761-07449


## ਕਾਂਗਰਸ ਵੱਲੋਂ ਕਿਸਾਨ ਸੰਘਰਸ਼ ਦੀ ਹਮਾਇਤ ’ਚ ਟਰੈਕਟਰ ਮਾਰਚ

### ਪੰਜਾਬ ਸਰਕਾਰ ਕਿਸਾਨਾਂ ’ਤੇ ਅੱਤਿਆਚਾਰ ਕਰਨ ਵਾਲਿਆਂ ਖਿਲਾਫ ਕਾਰਵਾਈ ਕਰੇ : ਬਣਵਾਲਾ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਸ਼ੰਭੂ ਤੇ ਖਨੌਰੀ ਬਾਰਡਰਾਂ ’ਤੇ ਹੱਕੀ ਮੰਗਾਂ ਲਈ ਜੂਝਦੇ ਕਿਸਾਨਾਂ ਨਾਲ ਹਮਦਰਦੀ ਤੇ ਇਕਜੁਟਤਾ ਦਾ ਪ੍ਰਗਟਾਵਾ ਕਰਨ ਲਈ ਅੱਜ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਬੜਿੰਗ ਦੀ ਰਹਿਨੁਮਾਈ ਤੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਦੀ ਅਗਵਾਈ ਟਰੈਕਟਰ ਮਾਰਚ ਨਾਅਰਿਆਂ ਦੀ ਗੂੰਜ ਵਿੱਚ ਪਿੰਡ ਬਣਵਾਲਾ ਤੋਂ ਸ਼ੁਰੂ ਹੋ ਕੇ ਪਿੰਡ ਤੰਬੂਵਾਲਾ, ਡਰੋਲੀ, ਅਤਾਲਾ ਤੋਂ ਹੁੰਦਾ ਹੋਇਆ ਘੱਗਾ ਮੰਡੀ ਜਾ ਕੇ ਸਮਾਪਤ ਹੋਇਆ। ਕਾਂਗਰਸ ਦੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਕਿਹਾ ਕਿ ਸ਼ੰਭੂ ਤੇ ਖਨੌਰੀ ਬਾਰਡਰ ਤੇ ਆਪਣੀਆਂ ਜਾਇਜ਼ ਮੰਗਾਂ ਲਈ ਕਿਸਾਨ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੇ ਹਨ। ਕੇਂਦਰ ਸਰਕਾਰ ਕਿਸਾਨਾਂ ਦੇ ਮਸਲੇ ਹੱਲ ਕਰਨ ਦੀ ਥਾਂ ਹਰਿਆਣਾ ਸਰਕਾਰ ਰਾਹੀਂ ਕਿਸਾਨਾਂ ਉੱਤੇ ਬੇਰਹਿਮੀ ਨਾਲ ਅੱਥਰੂ ਗੈਸ ਤੇ ਗੋਲੀਆਂ ਚਲਾਵਾਂ ਰਹੀ ਹੈ, ਇਸ ਅੱਤਿਆਚਾਰ ਵਿੱਚ ਨੌਜਵਾਨ ਕਿਸਾਨ ਸ਼ੁੱਭਕਰਨ ਸਿੰਘ ਦੀ ਮੌਤ ਹੋ ਗਈ ਤੇ ਸੈਂਕੜੇ ਕਿਸਾਨ ਗੰਭੀਰ ਜ਼ਖਮੀ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਕਾਂਗਰਸ ਪਾਰਟੀ ਵੱਲੋਂ ਪੂਰੇ ਪੰਜਾਬ ਵਿੱਚ ਕਿਸਾਨਾਂ ਦੇ ਹੱਕ ’ਚ ਅਵਾਜ਼ ਬੁਲੰਦ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਕੇਂਦਰ ਸਰਕਾਰ ਅੱਗੇ ਗੋਡੇ ਟੇਕ ਕੇ ਪੰਜਾਬ ਵਿੱਚ ਕਿਸਾਨਾਂ ਦਾ ਨੁਕਸਾਨ ਕਰਵਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਮਤੌਲੀ, ਧੰਨਾ ਸਿੰਘ ਕਲਵਾਨੂੰ, ਕੁਲਦੀਪ ਰਿੰਕੂ, ਹਰਦੀਪ ਸਿੰਘ ਕੁਲਾਰਾਂ, ਪ੍ਰਿਤਪਾਲ ਸਿੰਘ ਸ਼ਾਹਪੁਰ ਵੱਖ ਵੱਖ ਪਿੰਡਾਂ ਤੋਂ ਸਰਪੰਚ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਮੈਂਬਰ ਆਦਿ ਹਾਜ਼ਰ ਸਨ।

## ਰਾਮਗੜ੍ਹੀਆ ਪੋਲੀਟੈਕਨਿਕ ਫਗਵਾੜਾ ’ਚ ਪਲੈਟੀਨਮ ਜੁਬਲੀ ਸਮਾਗਮ 9 ਨੂੰ

**ਫਗਵਾੜਾ** : ਪੰਜਾਬ ਦੇ ਸਭ ਤੋਂ ਪੁਰਾਣੇ ਰਾਮਗੜ੍ਹੀਆ ਪੋਲੀਟੈਕਨਿਕ ਕਾਲਜ ਫਗਵਾੜਾ ਦੇ ਸਿਵਲ, ਮਕੈਨੀਕਲ, ਇਲੈਕਟ੍ਰੀਕਲ, ਸੀ ਐੱਸ ਈ ਤੇ ਈ ਸੀ ਈ ਦੇ ਸਾਬਕਾ ਵਿਦਿਆਰਥੀ 9 ਮਾਰਚ ਨੂੰ ਕਾਲਜ ਕੰਪਲੈਕਸ ਵਿਚ ਪਲੈਟੀਨਮ ਜੁਬਲੀ ਮਨਾਉਣ ਲਈ ਜੁੜ ਰਹੇ ਹਨ। ਰਿਟਾਇਰਡ ਐੱਸ ਡੀ ਓ ਬਲਬੀਰ ਸਿੰਘ, ਜਿਨ੍ਹਾ ਇੱਥੋਂ ਸਿੱਖਿਆ ਲਈ, ਨੇ ਦੱਸਿਆ ਕਿ ਸਵੇਰੇ ਸਾਢੇ 9 ਵਜੇ ਤੋਂ 11 ਵਜੇ ਤਕ ਸੁਖਮਨੀ ਸਾਹਿਬ ਦਾ ਪਾਠ ਤੇ ਫਿਰ ਕੀਰਤਨ ਕਾਲਜ ਦੇ ਸਾਹਮਣੇ ਗੁਰਦਵਾਰਾ ਗਿਆਨਸਰ ਸਾਹਿਬ ਵਿਖੇ ਹੋਵੇਗਾ। ਉਸ ਤੋਂ ਬਾਅਦ ਪ੍ਰਿੰਸੀਪਲ ਜਸਬੀਰ ਸਿੰਘ ਦੀ ਅਗਵਾਈ ਵਿਚ ਕਾਲਜ ਕੰਪਲੈਕਸ ਵਿਚ ਜਾਗੋ ਨਾਲ ਫੰਕਸ਼ਨ ਸ਼ੁਰੂ ਹੋ ਕੇ ਸ਼ਾਮ ਪੰਜ ਵਜੇ ਤੱਕ ਚੱਲੇਗਾ। ਹਾਈ ਟੀ ਤੇ ਲੰਚ ਤੋਂ ਇਲਾਵਾ ਇੰਪੀਰੀਅਲ ਪੂਨਮ ਹੋਟਲ, ਜੀ ਟੀ ਰੋਡ ਵਿਖੇ ਸਾਢੇ 6 ਵਜੇ ਤੋਂ ਰਾਤ ਸਾਢੇ 10 ਵਜੇ ਤੱਕ ਡਿਨਰ ਚੱਲੇਗਾ।

## ਨੰਬਰਦਾਰ ਯੂਨੀਅਨ ਦੀ ਮੀਟਿੰਗ



**ਮੱਖੂ (ਰਛਪਾਲ ਸਿੰਘ ਸੰਧੂ)** : ਨੰਬਰਦਾਰ ਯੂਨੀਅਨ ਦੀ ਦਾਨਾ ਮੰਡੀ ਮਖੂ ਵਿਖੇ ਜ਼ਿਲ੍ਹਾ ਖਜ਼ਾਨਚੀ ਦਲਜੀਤ ਸਿੰਘ ਸੰਧੂ ਜੱਗੇਵਾਲਾ ਦੀ ਆੜ੍ਹਤ ਦੀ ਦੁਕਾਨ ’ਤੇ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਨੰਬਰਦਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਬਾਹਰਵਾਲੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਜਿੱਥੇ ਹਰੇਕ ਵਰਗ ਨਾਲ ਕੀਤੇ ਵੱਡੇ ਵੱਡੇ ਵਾਦਿਆਂ ਤੋਂ ਮੁੱਕਰ ਰਹੀ ਹੈ, ਉੱਥੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਨੰਬਰਦਾਰ ਯੂਨੀਅਨ ਨਾਲ ਕੀਤੇ ਵਾਅਦੇ ਵੀ ਪੂਰੇ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਨੰਬਰਦਾਰ ਯੂਨੀਅਨ ਆਪਣੀਆਂ ਜਾਇਜ਼ਜ ਮੰਗਾਂ ਨੂੰ ਲੈ ਕੇ 7 ਮਾਰਚ ਨੂੰ ਸੰਗਰੂਰ ਵਿਖੇ ਪੰਜਾਬ ਪ੍ਰਧਾਨ ਗੁਰਪਾਲ ਸਿੰਘ ਸਮਰਾ ਦੀ ਅਗਵਾਈ ਹੇਠ ਇਕ ਵੱਡੀ ਰੋਸ ਰੈਲੀ ਕੀਤੀ ਜਾ ਰਹੀ ਹੈ। ਇਸ ਰੋਸ ਰੈਲੀ ’ਚ ਜ਼ਿਲ੍ਹਾ ਫਿਰੋਜ਼ਪੁਰ ਤੋਂ ਵੱਡੀ ਗਿਣਤੀ ’ਚ ਨੰਬਰਦਾਰ ਸ਼ਾਮਲ ਹੋਣਗੇ। ਇਸ ਮੌਕੇ ਨੰਬਰਦਾਰ ਲਖਵਿੰਦਰ ਸਿੰਘ ਵਾਹੀ ਤਹਿਸੀਲ ਪ੍ਰਧਾਨ ਜ਼ੀਰਾ, ਨੰਬਰਦਾਰ ਦਲਜੀਤ ਸਿੰਘ ਸੰਧੂ ਜੱਗੇਵਾਲਾ, ਨੰਬਰਦਾਰ ਰੇਸਮ ਸਿੰਘ ਮਲੰਗਸ਼ਾਹ ਵਾਲਾ, ਨੰਬਰਦਾਰ ਜਸਪਾਲ ਸਿੰਘ, ਨੰਬਰਦਾਰ ਗੁਰਜੰਟ ਸਿੰਘ, ਨੰਬਰਦਾਰ ਗੁਰਨਾਮ ਸਿੰਘ, ਨੰਬਰਦਾਰ ਪ੍ਰਗਟ ਸਿੰਘ, ਨੰਬਰਦਾਰ ਗੁਰਸੇਵਕ ਸਿੰਘ ਬੁਰਜ ਆਦਿ ਹਾਜ਼ਰ ਸਨ।

## ਤਰਸੇਮ ਸ਼ਰਮਾ ਨੂੰ ਸਦਮਾ, ਮਾਤਾ ਦਾ ਦੇਹਾਂਤ

### ਸਿਆਸੀ ਤੇ ਵਪਾਰੀ ਵਰਗ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

**ਭਗਤਾ ਭਾਈ ਕਾ (ਰਾਜੀਵ ਗੋਇਲ)** : ਸਥਾਨਕ ਸ਼ਹਿਰ ਦੇ ਉੱਘੇ ਵਪਾਰੀ ਤਰਸੇਮ ਕੁਮਾਰ ਸ਼ਰਮਾ (ਮਲੂਕੇ ਵਾਲੇ) ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਮਾਤਾ ਹੁਕਮ ਦੇਵੀ ਪਤਨੀ ਸਵ. ਸ਼੍ਰੀ ਨੌਹਰ ਚੰਦ ਦੀ ਸੰਖੇਪ ਬਿਮਾਰੀ ਦੇ ਚਲਦਿਆਂ ਦੇਹਾਂਤ ਹੋ ਗਿਆ। ਮਾਤਾ ਹੁਕਮ ਦੇਵੀ 85 ਵਰ੍ਹਿਆਂ ਦੀ ਉਮਰ ਭੋਗਦੇ ਹੋਏ ਕਰੀਬ ਇੱਕ ਮਹੀਨੇ ਤੋਂ ਬਿਮਾਰ ਚੱਲ ਰਹੇ ਸਨ, ਜਿਨ੍ਹਾਂ ਨੇ ਬੀਤੇ ਕੱਲ ਦੁਪਹਿਰ ਸਮੇਂ ਆਪਣੇ ਸਵਾਸ ਤਿਆਗ ਦਿੱਤੇ ਤੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਇਸ ਦੁੱਖ ਦੀ ਘੜੀ ਵਿੱਚ ਸਮੂਹ ਸ਼ਰਮਾ ਪਰਿਵਾਰ ਨਾਲ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਇੰਦਰਜੀਤ ਮਾਨ ਚੇਅਰਮੈਨ ਪੰਜਾਬ ਖਾਦੀ ਤੇ ਗ੍ਰਾਮ ਉਦਯੋਗ ਬੋਰਡ, ਗੁਰਪ੍ਰੀਤ ਸਿੰਘ ਮਲੂਕਾ, ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਬੂਟਾ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਗਗਨਦੀਪ ਗਰੇਵਾਲ ਸਾ. ਚੇਅਰਮੈਨ, ਧਨਇੰਦਰ ਗਰੇਵਾਲ, ਅਰਵਿੰਦ ਗੋਇਲ, ਰਾਜਿੰਦਰ ਕੁਮਾਰ, ਗੁਰਬਿੰਦਰ ਸਿੰਘ ਭਾਜਪਾ ਆਗੂ, ਬਬਲੇਸ਼ ਕੁਮਾਰ ਬੌਬੀ ਸਿੰਗਲਾ, ਜੈ ਪਾਲ ਡੋਡ, ਸੁਨੀਲ ਕੁਮਾਰ ਭਦੌੜੀਆ, ਕ੍ਰਿਸ਼ਨ ਕੁਮਾਰ ਪ੍ਰਧਾਨ, ਪਵਨ ਗਰਗ, ਵਿਜੈ ਕੁਮਾਰ ਪ੍ਰਧਾਨ ਆੜ੍ਹਤੀਆ ਯੂਨੀਅਨ, ਮਨਜੀਤ ਸਿੰਘ ਧੁੰਨਾ, ਰਾਕੇਸ਼ ਕੁਮਾਰ ਸਿੰਗਲਾ, ਨਿਰਮਲ ਸਿੰਘ ਹੀਰੋ ਇੰਡਸਟਰੀ ਭਗਤਾ, ਹਰਿੰਦਰ ਬਰਾੜ, ਰਾਕੇਸ਼ ਕੁਮਾਰ, ਜਗਮੋਹਨ ਲਾਲ ਕੌਂਸਲਰ, ਪਰਮਜੀਤ ਬਿਦਰ, ਸੁਖਜਿੰਦਰ ਸਿੰਘ,ਰਾਕੇਸ਼ ਕੁਮਾਰ ਸਾ. ਪ੍ਰਧਾਨ, ਜਤਿੰਦਰ ਗੋਇਲ ਸ਼ੈਂਕੀ, ਰਾਮ ਸਿੰਘ ਜਿਊਲਰਜ਼ ਸਮੇਤ ਬਜ਼ਾਰ ਦੇ ਸਮੂਹ ਦੁਕਾਨਦਾਰਾਂ ਵੱਲੋਂ ਡੂੰਘੀ ਹਮਦਰਦੀ ਜਿਤਾਈ ਗਈ ਹੈ।

## ...ਸ.ਫ਼ਾ 1 ਦੇ ਬਾਕੀ

### ਅਕਾਲੀ ਤੇ ਕਾਂਗਰਸੀ...

ਵਿੱਚ ਤੀਜੀ ਧਿਰ ਵੀ ਆ ਸਕਦੀ ਹੈ। ਹੁਣ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਇਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ। ਹੁਣ ਜਦੋਂ ਸਰਕਾਰ ਲੋਕਾਂ ਦੀ ਭਲਾਈ ਲਈ ਵੱਡੇ ਫੈਸਲੇ ਲੈ ਰਹੀ ਹੈ ਤਾਂ ਬੁਖਲਾਹਟ ਵਿੱਚ ਆ ਕੇ ਵਿਰੋਧੀ ਨੇਤਾ ਬਿਨਾਂ ਵਜ੍ਹਾ ਨਿੰਦਿਆਂ ਕਰਨੀ ਸ਼ੁਰੂ ਕਰ ਦਿੰਦੇ ਹਨ। ਮੈਂ ਇਨ੍ਹਾਂ ਲੋਕਾਂ ਦੀ ਭੋਰਾ ਵੀ ਪ੍ਰਵਾਹ ਨਹੀਂ ਕਰਦਾ ਕਿਉਂਕਿ ਮੇਰਾ ਮਕਸਦ ਸਿਰਫ ਤੇ ਸਿਰਫ ਲੋਕਾਂ ਦੀ ਸੇਵਾ ਕਰਨਾ ਹੈ।”

ਮੁੱਖ ਮੰਤਰੀ ਨੇ ਅਕਾਲੀ ਨੇਤਾ ਹਰਸਿਮਰਤ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸੀ ਲੀਡਰ ਪ੍ਰਤਾਪ ਸਿੰਘ ਬਾਜਵਾ, ਅਮਰਿੰਦਰ ਸਿੰਘ, ਰਾਜਾ ਵੜਿੰਗ ਤੇ ਨਵਜੋਤ ਸਿੱਧੂ ਨੂੰ ਪੰਜਾਬੀ ਭਾਸ਼ਾ ਦੇ ਨਲਾਇਕ ਸਿਆਸਤਦਾਨ ਦੱਸਦਿਆਂ ਇਨ੍ਹਾਂ ਨੂੰ ਪੰਜਾਬੀ ਭਾਸ਼ਾ ਦੀ ਲਿਖਤੀ ਪ੍ਰੀਖਿਆ ਪਾਸ ਕਰਨ ਦੀ ਚੁਣੌਤੀ ਦਿੱਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਨੇਤਾ ਕਾਨਵੈਂਟ ਸਕੂਲਾਂ ਤੋਂ ਪੜ੍ਹੇ ਹੋਏ ਹਨ, ਜਿਸ ਕਰਕੇ ਇਹ ਪੰਜਾਬੀ ਭਾਸ਼ਾ ਦੀ ਪ੍ਰੀਖਿਆ ਪਾਸ ਹੀ ਨਹੀਂ ਕਰ ਸਕਦੇ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਉਹ ਇਨ੍ਹਾਂ ਲੀਡਰਾਂ ਨੂੰ ਸਵਾਲਾਂ ਦੇ ਜਵਾਬ ਵੀ ਦੱਸ ਦੇਣ ਤਾਂ ਵੀ ਉਹ ਉੱਤਰ ਸਹੀ ਨਹੀਂ ਲਿਖ ਸਕਦੇ।

ਇਸ ਮੌਕੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਅਤੇ ਸੱਭਿਆਚਾਰਕ ਮਾਮਲਿਆਂ ਤੇ ਸੈਰ-ਸਪਾਟਾ ਮੰਤਰੀ ਅਨਮੋਲ ਗਗਨ ਮਾਨ ਵੀ ਹਾਜ਼ਰ ਸਨ।

### ਪਾਕਿਸਤਾਨ ਸਿਰਫ ਭਾਜਪਾ...

ਸੋਚਾਂਗਾ। ਮੈਂ ਪ੍ਰੀਸ਼ਦ ਵਿਚ ਜੋ ਕਿਹਾ ਉਸ ’ਤੇ ਕਾਇਮ ਹਾਂ।

ਰਾਜ ਸਭਾ ਦੀ ਚੋਣ ਜਿੱਤਣ ਵਾਲੇ ਸਈਅਦ ਨਸੀਰ ਹੁਸੈਨ ਦੇ ਹਾਮੀਆਂ ਵੱਲੋਂ ਵਿਧਾਨ ਸਭਾ ਦੇ ਬਾਹਰ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣ ਕਾਰਨ ਪੈਦਾ ਵਿਵਾਦ ਤੋਂ ਬਾਅਦ ਹਰੀਪ੍ਰਸਾਦ ਨੇ ਬੁੱਧਵਾਰ ਸਦਨ ਵਿਚ ਕਿਹਾ ਸੀ ਕਿ ਪਾਕਿਸਤਾਨ ਭਾਜਪਾ ਲਈ ਦੁਸ਼ਮਣ ਦੇਸ਼ ਹੋ ਸਕਦਾ ਹੈ, ਪਰ ਕਾਂਗਰਸ ਉਸ ਨੂੰ ਗਵਾਂਢੀ ਦੇਸ਼ ਮੰਨਦੀ ਹੈ। ਜੇ ਭਾਜਪਾ ਪਾਕਿਸਤਾਨ ਨੂੰ ਦੁਸ਼ਮਣ ਮੰਨਦੀ ਹੈ ਤਾਂ ਕੇਂਦਰ ਸਰਕਾਰ ਸਾਰੇ ਵਪਾਰ ਬੰਦ ਕਰੇ ਤੇ ਪਾਕਿਸਤਾਨ ਨੂੰ ਦੁਸ਼ਮਣ ਦੇਸ਼ ਐਲਾਨੇ। ਜਦੋਂ ਤੱਕ ਪਾਕਿਸਤਾਨ ਨੂੰ ਦੁਸ਼ਮਣ ਦੇਸ਼ ਨਹੀਂ ਐਲਾਨਿਆ ਜਾਂਦਾ, ਅਸੀਂ ਉਸ ਨੂੰ ਦੁਸ਼ਮਣ ਨਹੀਂ ਕਹਿ ਸਕਦੇ। ਹਰੀਪ੍ਰਸਾਦ ਨੇ ਇਹ ਵੀ ਕਿਹਾ, ਹਾਲ ਹੀ ਵਿਚ ਐੱਲ ਕੇ ਅਡਵਾਨੀ ਨੂੰ ਭਾਰਤ ਰਤਨ ਦਿੱਤਾ ਗਿਆ, ਜਿਨ੍ਹਾ ਲਾਹੌਰ ਵਿਚ ਜਿੰਨਾਹ ਦੇ ਮਕਬਰੇ ਦਾ ਦੌਰਾ ਕੀਤਾ ਸੀ। ਉਦੋਂ ਪਾਕਿਸਤਾਨ ਦੁਸ਼ਮਣ ਦੇਸ਼ ਨਹੀਂ ਸੀ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪੋਤੀ ਦੇ ਵਿਆਹ ਵਿਚ ਬਿਨਾਂ ਬੁਲਾਏ, ਸਾਰੇ ਪ੍ਰੋਟੋਕੋਲ ਤੋੜ ਕੇ ਗਏ ਸਨ।

### ਅਸੀਂ ਸ਼ਾਹਜਹਾਂ ਕੱਢ’ਤਾ...

ਕਾਰਵਾਈ ਕਰਕੇ ਦਿਖਾਏ। ਹੁਣ ਸੰਦੇਸ਼ਖਾਲੀ ਕੇਂਦਰ ਬਨਾਮ ਪੱਛਮੀ ਬੰਗਾਲ ਅਤੇ ਭਾਜਪਾ ਬਨਾਮ ਤ੍ਰਿਣਮੂਲ ਕਾਂਗਰਸ ਦਾ ਬਣ ਗਿਆ ਹੈ। ਬਾਸੂ ਨੇ ਕਿਹਾ ਕਿ ਸ਼ੇਖ ਸ਼ਾਹਜਹਾਂ ਇਸ ਕਰਕੇ ਨਹੀਂ ਗ੍ਰਿਫਤਾਰ ਕੀਤਾ ਜਾ ਸਕਿਆ, ਕਿਉਂਕਿ ਕੋਰਟ ਨੇ ਰੋਕ ਲਾਈ ਸੀ। ਜਦੋਂ ਕੋਰਟ ਨੇ ਰੋਕ ਚੁੱਕੀ, ਪੁਲਸ ਨੇ ਉਸ ਨੂੰ ਗ੍ਰਿਫਤਾਰ ਕੀਤਾ, ਨਾ ਕਿ ਕੇਂਦਰੀ ਏਜੰਸੀ ਨੇ। ਸ਼ੇਖ ਸੰਦੇਸ਼ਖਾਲੀ ਅਸੰਬਲੀ ਹਲਕੇ ਵਿਚ ਪਾਰਟੀ ਕਨਵੀਨਰ ਤੇ ਉੱਤਰੀ 24 ਪਰਗਨਾ ਵਿਚ ਜ਼ਿਲ੍ਹਾ ਪ੍ਰੀਸ਼ਦ ਦਾ ਮੈਂਬਰ ਸੀ। ਪੁਲਸ ਨੇ ਸ਼ੇਖ ਨੂੰ 55 ਦਿਨਾਂ ਬਾਅਦ ਸੰਦੇਸ਼ਖਾਲੀ ਤੋਂ ਲੱਗਭੱਗ 30 ਕਿਲੋਮੀਟਰ ਦੂਰ ਮੀਨਾਖਾਨ ਦੇ ਘਰ ਵਿੱਚੋਂ ਗ੍ਰਿਫਤਾਰ ਕੀਤਾ, ਜਿੱਥੇ ਉਹ ਕੁਝ ਸਾਥੀਆਂ ਨਾਲ ਘਰ ਵਿਚ ਲੁਕਿਆ ਹੋਇਆ ਸੀ। ਇਸ ਦੌਰਾਨ ਸ਼ੇਖ ਨੂੰ ਬਸ਼ੀਰਹਾਟ ਦੀ ਅਦਾਲਤ ਨੇ 10 ਦਿਨ ਦੇ ਪੁਲਸ ਰਿਮਾਂਡ ’ਤੇ ਭੇਜ ਦਿੱਤਾ ਹੈ। ਪੁਲਸ ਨੇ 14 ਦਿਨਾਂ ਦਾ ਰਿਮਾਂਡ ਮੰਗਿਆ ਸੀ।

## ਮੰਗਾਂ ਨਾ ਮੰਨੀਆਂ ਤਾਂ 5 ਨੂੰ ਸ਼ੁਰੂ ਹੋਵੇਗਾ ਸੰਘਰਸ਼



**ਫ਼ਿਰੋਜ਼ਪੁਰ (ਗੁਰਬਚਨ ਸਿੰਘ ਸੋਨੂੰ)** ਪੈਰਾ ਮੈਡੀਕਲ ਸਿਹਤ ਕ੍ਰਮਚਾਰੀ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਵੱਲੋਂ ਸੁਧੀਰ ਅਗਰ ਜੈਂਡਰ ਪ੍ਰਧਾਨ ਦੀ ਗਵਾਹੀ ਹੇਠ ਮੀਟਿੰਗ ਸਿਵਲ ਹਸਪਤਾਲ ਵਿਖੇ ਕੀਤੀ ਗਈ। ਜਨਰਲ ਸਕੱਤਰ ਜਸਵਿੰਦਰ ਸਿੰਘ ਕੌੜਾ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਮੁਲਾਜ਼ਮਾਂ ਤੇ ਕਈ ਲੋਕਾਂ ਦੀਆਂ ਸਾਂਝੀਆਂ ਮੰਗਾਂ ਨੂੰ ਲੈ ਕੇ ਸਿਵਲ ਹਸਪਤਾਲ ਦੇ ਐਸਐਮਓ ਨੂੰ ਮੰਗ ਪੱਤਰ ਦਿੱਤਾ ਗਿਆ ਸੀ ਕਿ ਸਿਵਲ ਹਸਪਤਾਲ ਦਾ ਸੀਵਰੇਜ ਸਿਸਟਮ ਠੀਕ ਕਰਾਇਆ ਜਾਵੇ। ਮਰੀਜ਼ਾਂ ਦੇ ਰਿਸ਼ਤੇਦਾਰਾਂ ਲਈ ਬਾਥਰੂਮ ਦਾ ਪ੍ਰਬੰਧ ਕੀਤਾ ਜਾਵੇ। ਗਰਮੀ ਦੇ ਸੀਜ਼ਨ ਦੌਰਾਨ ਲੋਕਾਂ ਲਈ ਪਾਣੀ ਦਾ ਇੰਤਜ਼ਾਮ ਕੀਤਾ ਜਾਵੇ। ਮੋਟਰਸਾਈਕਲ, ਕਾਰ ਪਾਰਕਿੰਗ ਦਾ ਪ੍ਰਬੰਧ ਕੀਤਾ ਜਾਵੇ। ਹਸਪਤਾਲ ਵਿੱਚ ਮਰੀਜ਼ਾਂ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਲਈ ਬੰਦ ਪਈ ਕੰਟੀਨ ਨੂੰ ਚਾਲੂ ਕੀਤਾ ਜਾਵੇ। ਐਸਐਮਓ ਆਪਣੀ ਡਿਊਟੀ ਦੌਰਾਨ ਆਪਣੀ ਹਾਜ਼ਰੀ ਯਕੀਨੀ ਬਣਾਈ ਜਾਵੇ। ਹਸਪਤਾਲ ਵਿੱਚ ਬੰਦ ਪਏ ਕੈਮਰੇ ਚਾਲੂ ਕਰਾਏ ਜਾਣ। ਨਸ਼ੇ ਵਾਲੇ ਮਰੀਜ਼ਾਂ ਲਈ ਵੱਖਰੀ ਪਰਚੀ ਦਾ ਪ੍ਰਬੰਧ ਕੀਤਾ ਜਾਵੇ। ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸਾਰੀਆਂ ਦਵਾਈਆਂ ਹਸਪਤਾਲ ਵਿੱਚ ਪ੍ਰੋਵਾਈਡ ਕਰਾਈਆਂ ਜਾਣ। ਖ਼ੂਨਦਾਨ ਕਰਨ ਵਾਲੇ ਦਾਨੀਆਂ ਨੂੰ ਪੰਜਾਬ ਸਰਕਾਰ ਵੱਲੋਂ ਮਿਲਦੀ ਪੂਰੀ ਰਿਫਰੈਸ਼ਮੈਂਟ ਦਿੱਤੀ ਜਾਵੇ ਤੇ ਕਈ ਹੋਰ ਮੰਗਾਂ ਸਨ, ਪਰ ਸੀਨੀਅਰ ਮੈਡੀਕਲ ਅਫ਼ਸਰ ਵੱਲੋਂ ਇਨ੍ਹਾਂ ਮੰਗਾਂ ਨੂੰ ਅਣਦੇਖੇ ਕਰਦੇ ਹੋਏ ਜਥੇਬੰਦੀ ਨਾਲ ਕੋਈ ਗੱਲਬਾਤ ਨਹੀਂ ਕੀਤੀ ਗਈ, ਜਿਸ ਦੇ ਸਿੱਟੇ ਵਜੋਂ ਜਥੇਬੰਦੀ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜੇਕਰ ਸੀਨੀਅਰ ਮੈਡੀਕਲ ਅਫਸਰ ਜਥੇਬੰਦੀ ਬੁਲਾ ਕੇ ਇਨ੍ਹਾਂ ਮੰਗਾਂ ਦਾ ਹੱਲ ਨਹੀਂ ਕਰਦਾ ਤਾਂ ਪੰਜ ਤਰੀਕ ਨੂੰ ਸਿਵਲ ਹਸਪਤਾਲ ਵਿਖੇ ਪੂਰਨ ਤੌਰ ’ਤੇ ਓਪੀਡੀ ਸੇਵਾਵਾਂ ਬੰਦ ਕਰਕੇ ਸੀਨੀਅਰ ਮੈਡੀਕਲ ਅਫ਼ਸਰ ਦੀ ਨਾਅਰੇਬਾਜ਼ੀ ਕਰਕੇ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨਜੀਤ ਸਿੰਘ, ਨਰਿੰਦਰ ਸ਼ਰਮਾ, ਪੈਰਾ ਮੈਡੀਕਲ ਆਗੂ ਫ਼ਿਰੋਜ਼ਪੁਰ ਕੌਰ ਜੀਤ ਸਿੰਘ, ਸੰਦੀਪ ਸਿੰਘ, ਵਿਕਰਮ ਸਿੰਘ, ਗੁਰਮੇਲ ਸਿੰਘ, ਸੋਮਿਤ ਗਿੱਲ, ਗੁਰਪ੍ਰੀਤ ਸਿੰਘ, ਅਜੀਤ ਗਿੱਲ ਰਾਜੂ, ਮਨਿੰਦਰਜੀਤ ਸਿੰਘ ਪ੍ਰਧਾਨ ਕਲਾਸ ਫੋਰ ਯੂਨੀਅਨ ਸਿਵਲ ਸਰਜਨ ਦਫ਼ਤਰ, ਸੰਦੀਪ ਸਿੰਘ, ਮਨੀਸ਼ ਕੁਮਾਰ ਤੇ ਹੋਰ ਹਾਜ਼ਰ ਸਨ।


AXIS BANK

Retail Asset Center : 2nd and 3rd Floor, Property No. 7-E, Malhar Road, Saraabha Nagar, Ludhiana -141001
Corporate Office : "Axis House", C-2, Wadia International Centre, Pandurang Budhkar Marg, Worli, Mumbai – 400025
Registered Office : "Trishul", 3rd Floor Opp. Samartheshwar Temple Law Garden, Ellisbridge Ahmedabad – 380006

**ਅਚੱਲ ਜਾਇਦਾਦ ਦੀ ਵਿੱਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐਸੇਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ, ਜੋ ਵੀ ਹੈ ਜਿਵੇਂ ਹੈ", "ਜਿਵੇਂ ਹੈ ਜਿੱਥੇ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ ’ਤੇ, 27/02/2024 ਨੂੰ ਬਕਾਇਆ ਰਕਮ ਰੁਪਏ 2106918/-(ਰੁਪਏ ਇੱਕੀ ਲੱਖ ਛੇ ਹਜ਼ਾਰ ਨੌਂ ਸੌ ਅਠਾਰਾਂ ਕੇਵਲ) ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ ਸਕਿਉਰਡ ਕ੍ਰੈਡਿਟਰ (1) ਸ਼੍ਰੀ ਸੁਧੀਰ ਕੁਮਾਰ ਪੁੱਤਰ ਸਚਿਦਾਨੰਦ ਪ੍ਰਸਾਦ (2) ਸ਼੍ਰੀਮਤੀ ਡੌਲੀ ਪਤਨੀ ਸੁਧੀਰ ਕੁਮਾਰ, ਕਰਜ਼ਾ ਖਾਤਾ ਨੰ. ਪੀ ਐੱਚ ਆਰ 004204035880 ਵੱਲ ਬਕਾਇਆ ਵਸੂਲਣ ਲਈ 20/03/2024 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕ੍ਰਿਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ ’ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ ’ਚ) | ਰੁਪਏ 11,69,952/- (ਰੁਪਏ ਗਿਆਰਾਂ ਲੱਖ ਉਨੱਤਰ ਹਜ਼ਾਰ ਨੌਂ ਸੌ ਬਵੰਜਾ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ ’ਚ) | ਰੁ. 1,16,995/- (ਰੁਪਏ ਇੱਕ ਲੱਖ ਸੋਲਾਂ ਹਜ਼ਾਰ ਨੌਂ ਸੌ ਪਚੰਨਵੇਂ ਕੇਵਲ) |
| ਬੋਲੀ ਵਾਧਾ ਰਕਮ | ਰੁਪਏ 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ :- | 18 ਮਾਰਚ 2024, ਸ਼ਾਮ ਦੇ 5.00 ਵਜੇ ਤੱਕ ਐਕਸਿਸ ਬੈਂਕ ਲਿਮਟਿਡ ਰਿਟੇਲ ਐਸੇਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ। |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ :- | 20 ਮਾਰਚ 2024, ਸਵੇਰੇ 11.00 ਵਜੇ ਅਤੇ ਦੁਪਹਿਰ 1.00 ਵਜੇ ਦਰਮਿਆਨ ਅਸੀਮਤ ਹਰੇਕ, 5 ਮਿੰਟਾਂ ਦੇ ਵਾਧੇ, ਵੈੱਬ ਪੋਰਟਲ, https://www.bankeauctions.com ਈ-ਨਿਲਾਮੀ ਟੈਂਡਰ ਦਸਤਾਵੇਜ਼ ਜਿਸ ਵਿੱਚ ਈ-ਨਿਲਾਮੀ ਬੋਲੀ ਫਾਰਮ, ਐਲਾਨਨਾਮਾ ਆਦਿ ਹਨ. ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ ’ਤੇ ਉਪਲੱਬਧ ਹਨ। |

**ਸਾਰਣੀ-ਜਾਇਦਾਦ ਦਾ ਵੇਰਵਾ**

ਬੈਨਾਮਾ ਦਸਤਾਵੇਜ਼ ਨੰ. 2019-20/101/1/1353 ਮਿਤੀ 18/04/2019 ਅਨੁਸਾਰ ਸ਼੍ਰੀਮਤੀ ਡੌਲੀ ਪਤਨੀ ਸੁਧੀਰ ਕੁਮਾਰ ਦੇ ਨਾਂਅ ਰਜਿਸਟਰਡ ਜਾਇਦਾਦ/ਮਕਾਨ ਨੰ. ਬੀ-34-6520/ਐੱਚ ਐੱਨ/3 ਰਕਬਾ 62 ਵਰਗ ਗਜ਼, ਖਸਰਾ ਨੰ. 34//4/2, ਖੱਤਾ ਨੰ. 527/544, ਜਮ੍ਹਾਂਬੰਦੀ ਸਾਲ 2007-2008, ਹੱਦਬਸਤ ਨੰ. 101, ਪਿੰਡ ਜੱਸੀਆਂ, ਅਬਾਦੀ ਹਰੀ ਸਿੰਘ ਨਗਰ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) : ਪੂਰਬ : ਗਲੀ ਸਾਈਡ 15’-6’’, ਪੱਛਮ : ਪਲਾਟ ਨੰ. 6 ਸਾਈਡ 15’-6’’, ਉੱਤਰ : ਗੁਆਂਢੀ ਸਾਈਡ 36’, ਦੱਖਣ : ਗੁਆਂਢੀ ਰਮੇਸ਼ ਕੁਮਾਰ ਸਾਈਡ 36’। ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ਼੍ਰੀ ਸੰਦੀਪ ਬਵੇਜਾ (ਮੋਬਾਇਲ ਨੰ. 8920705598) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਨਿਯਮ 8(6) ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 28-02-2024 ਅਧਿਕਾਰਤ ਅਫਸਰ
ਸਥਾਨ : ਲੁਧਿਆਣਾ ਐਕਸਿਸ ਬੈਂਕ ਲਿਮਟਿਡ



AXIS BANK

Retail Asset Centre: AXIS Bank Ltd., 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025
Registered Office: 'Trishul', 3rd Floor, Opposite Samartheswar Temple, Law Garden, Ellisbridge, Ahmadabad-380006

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫ਼ਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ ’ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ ’ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ ’ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ’ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਗਹਿਣੇ ਰੱਖੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ ’ਚ ਰਕਮ (ਰੁਪਏ) |
|---|---|---|---|---|---|
| 1. | (1) ਸ਼੍ਰੀ ਸੁਰਿੰਦਰ ਪਾਲ ਸਿੰਘ ਪੁੱਤਰ ਤਰਲੋਕ ਸਿੰਘ ਅਤੇ (2) ਸ਼੍ਰੀਮਤੀ ਮਨਦੀਪ ਕੌਰ ਪਤਨੀ ਸ਼੍ਰੀ ਸੁਰਿੰਦਰ ਪਾਲ ਸਿੰਘ ਦੋਵੇਂ ਵਾਸੀ ਮਕਾਨ ਨੰ. 57, ਗਲੀ ਨੰ. 1, ਤੀਰਥ ਰੋਡ, ਬਿਊਟੀ ਐਵੇਨਿਊ, ਅੰਮ੍ਰਿਤਸਰ-143001, ਨਾਲ ਹੀ : ਮਕਾਨ-ਪਲਾਟ ਨੰ. 37, ਬਿਊਟੀ ਐਵੇਨਿਊ, ਪਿੰਡ ਮਾਹਲ, ਤਹਿਸੀਲ ਅੰਮ੍ਰਿਤਸਰ-2, ਅੰਮ੍ਰਿਤਸਰ-143001 ਕਰਜ਼ਾ ਖਾਤਾ ਨੰ. PHR068506204840 | ਬੈਨਾਮਾ ਦਸਤਾਵੇਜ਼ ਨੰ. 2021-22/93/1/4430 ਮਿਤੀ 2 ਜੁਲਾਈ 2021 ਅਨੁਸਾਰ ਸ਼੍ਰੀ ਸੁਰਿੰਦਰ ਪਾਲ ਪੁੱਤਰ ਤਰਲੋਕ ਸਿੰਘ ਦੇ ਨਾਂਅ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰ. 37, ਰਕਬਾ 113 ਵਰਗ ਗਜ਼, ਖਸਰਾ ਨੰ. 310 ਮਿਨ, ਖੱਤਾ ਖਤੌਨੀ ਨੰ. 131/165, ਜਮ੍ਹਾਂਬੰਦੀ ਸਾਲ 2017-2018, ਪਿੰਡ ਮਾਹਲ, ਸਬ-ਅਰਬਨ ਅਬਾਦੀ ਬਿਊਟੀ ਐਵੇਨਿਊ, ਤਹਿਸੀਲ ਅੰਮ੍ਰਿਤਸਰ 2, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) : ਪੂਰਬ : ਪਲਾਟ ਨੰ. 44, ਪੱਛਮ : ਰਸਤਾ/ਗਲੀ, ਉੱਤਰ : ਪਲਾਟ ਨੰ. 38, ਦੱਖਣ : ਪਲਾਟ ਨੰ. 36 | 30.10.2023 | 26.02.2024 | ਰੁਪਏ 1898558/- (ਅਠਾਰਾਂ ਲੱਖ ਅਠਾਨਵੇਂ ਹਜ਼ਾਰ ਪੰਜ ਸੌ ਅਠਵੰਜਾ ਰੁਪਏ ਸਿਰਫ) |
| 2. | (1) ਸ਼੍ਰੀ ਗਗਨਦੀਪ ਸਿੰਘ ਪੁੱਤਰ ਜਗਦੀਸ਼ ਸਿੰਘ ਅਤੇ (2) ਸ਼੍ਰੀਮਤੀ ਰਿੰਪੀ ਪਤਨੀ ਗਗਨਦੀਪ ਸਿੰਘ ਦੋਵੇਂ ਵਾਸੀ ਮਕਾਨ ਨੰ. 106, ਮੁਹੱਲਾ ਕਰਾਰ ਖਾਂ, ਜਲੰਧਰ-144008, ਨਾਲ ਹੀ : ਮਕਾਨ ਨੰ. 70, ਖਸਰਾ ਨੰ. 120, 654/121, 655/121, ਪਿੰਡ ਨਾਗਰਾ, ਅਬਾਦੀ ਨੈਸ਼ਨਲ ਪਾਰਕ, ਤਹਿਸੀਲ ਤੇ ਜ਼ਿਲ੍ਹਾ ਜਲੰਧਰ-144001, ਨਾਲ ਹੀ : ਸ਼੍ਰੀ ਗਗਨਦੀਪ ਸਿੰਘ ਪੁੱਤਰ ਜਗਦੀਸ਼ ਸਿੰਘ ਮਾਲਕ ਮੈਸ : ਜੀ ਐੱਸ ਵੈਜੀਟੇਬਲਜ਼ ਟਰੇਡਰਜ਼, ਦੁਕਾਨ ਨੰ. 20, ਪੁਰਾਣੀ ਸਬਜ਼ੀ ਮੰਡੀ, ਨੇੜੇ ਡੋਲਫਿਨ ਹੋਟਲ, ਜਲੰਧਰ-144001 ਕਰਜ਼ਾ ਖਾਤਾ ਨੰ. PHR015506198744 | ਬੈਨਾਮਾ ਦਸਤਾਵੇਜ਼ ਨੰ. 2021-2022/187/1/2660, ਮਿਤੀ 28 ਜੂਨ 2021 ਅਨੁਸਾਰ ਸ਼੍ਰੀ ਗਗਨਦੀਪ ਸਿੰਘ ਪੁੱਤਰ ਜਗਦੀਸ਼ ਸਿੰਘ ਦੇ ਨਾਂਅ ਰਿਹਾਇਸ਼ੀ ਜਾਇਦਾਦ/ਮਕਾਨ ਨੰ. 70, ਰਕਬਾ 5 ਮਰਲੇ, ਖੱਤਾ/ਖਤੌਨੀ ਨੰ. 41/51, ਖਸਰਾ ਨੰ. 120, 654/121, 655/121, ਜਮ੍ਹਾਂਬੰਦੀ ਸਾਲ 2017-2018, ਹੱਦਬਸਤ ਨੰ. 158, ਪਿੰਡ ਨਾਗਰਾ, ਅਬਾਦੀ ਨੈਸ਼ਨਲ ਪਾਰਕ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) : ਪੂਰਬ : ਮਕਾਨ ਨੰ. 69, ਪੱਛਮ : ਮਕਾਨ ਨੰ. 70-ਏ ਦਾ ਬਾਕੀ ਹਿੱਸਾ, ਉੱਤਰ : ਸੜਕ, ਦੱਖਣ : ਹੋਰ। | 30.10.2023 | 28.02.2024 | ਰੁਪਏ 9,67,287/- ਨੌਂ ਲੱਖ ਸਤਾਹਠ ਹਜ਼ਾਰ ਦੋ ਸੌ ਸਤਾਸੀ ਰੁਪਏ ਕੇਵਲ) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ ’ਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 28.02.2024, ਸਥਾਨ : ਲੁਧਿਆਣਾ ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਟੇਢੇ ਮੋੜ ਹੋਣ ਕਰਕੇ ਨਿੱਤ ਵਾਪਰ ਰਹੇ ਹਾਦਸੇ



**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ 'ਤੇ ਕਈ ਟੇਢੇ ਮੋੜ ਹੋਣ ਕਾਰਨ ਨਿੱਤ ਹਾਦਸੇ ਵਾਪਰ ਰਹੇ ਹਨ। ਇਨ੍ਹਾਂ ਟੇਢੇ ਮੋੜਾਂ ਕਾਰਨ ਅੱਗੋਂ ਆਉਣ ਵਾਲਾ ਵਾਹਨ ਦਿਖਾਈ ਨਹੀਂ ਦਿੰਦਾ ਅਤੇ ਤੇਜ਼ ਰਫ਼ਤਾਰ ਨਾਲ ਵਾਹਨ ਆਪਸ ਵਿਚ ਟਕਰਾ ਜਾਂਦੇ ਹਨ। ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਬੀਬੀ ਸੁੰਦਰੀ ਮੋੜ ਨਜ਼ਦੀਕ ਟੇਢਾ ਮੋੜ, ਪਿੰਡ ਚਾਵਾ ਨੇੜੇ ਟੇਢਾ ਮੋੜ, ਤਿੱਬੜੀ ਅਪਰ ਬਾਰੀ ਦੁਆਬ ਨਹਿਰ 'ਤੇ ਬਣਿਆ ਟੇਢਾ ਮੋੜ, ਪਿੰਡ ਨਵਾਂ ਸ਼ਾਲਾ ਨਜਦੀਕ ਟੇਢਾ ਮੋੜ ਹੋਣ ਕਾਰਨ ਆਏ ਦਿਨ ਸੜਕੀ ਹਾਦਸੇ ਹੁੰਦੇ ਰਹਿੰਦੇ ਹਨ ਜਿਸ ਨਾਲ ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੁੰਦਾ ਰਹਿੰਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀਆਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਸੜਕ ਤੋਂ ਰੋਜ਼ਾਨਾਂ ਅਤੇ ਪੰਜਾਬ ਅਤੇ ਹੋਰ ਰਾਜਾਂ ਨੂੰ ਹਜ਼ਾਰਾਂ ਗੱਡੀਆਂ ਤੇਜ਼ ਰਫ਼ਤਾਰ ਵਿਚ ਗੁਜ਼ਰਦੀਆਂ ਹਨ ਅਤੇ ਇਥੇ ਢਲਾਨ ਹੋਣ ਕਰਕੇ ਗੱਡੀਆਂ ਦਾ ਸੰਤੁਲਨ ਵਿਗੜਨ ਨਾਲ ਗੱਡੀਆਂ ਪਲਟ ਜਾਂਦੀਆ ਹਨ। ਅਕਸਰ ਇਹ ਹਾਦਸੇ ਉਥੇ ਆਮ ਦੇਖਣ ਨੂੰ ਮਿਲਦੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਇਕ ਥਾਰ ਗੱਡੀ ਅਤੇ ਰੋਡਵੇਜ਼ ਦੀ ਬੱਸ ਵਿਚਕਾਰ ਭਿਆਨਕ ਟੱਕਰ ਟੇਢੇ ਮੋੜ ਕਰਕੇ ਹੋਈ ਜਿਸ ਵਿਚ ਇਕ ਵਿਅਕਤੀ ਦੀ ਜਾਨ ਚਲੀ ਗਈ, ਇਸੇ ਤਰ੍ਹਾਂ ਪਿਛਲੇ ਦਿਨੀਂ ਇਕ ਟਿੱਪਰ ਨੇ ਕਈ ਨੌਜਵਾਨਾਂ ਦੀ ਜਾਨ ਲਈ ਸੀ ਜਿਸ ਨਾਲ ਇਲਾਕੇ ਦੇ ਲੋਕ ਅਜੇ ਤੱਕ ਵੀ ਸਹਿਮੇ ਹੋਏ ਨਜ਼ਰ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿੰਡ ਚਾਵਾ ਨੇੜੇ ਸੜਕ ਵਿਚ ਢਲਾਨ ਅਤੇ ਟੇਢਾਪਣ ਹੋਣ ਕਾਰਨ ਤੇਜ਼ ਰਫ਼ਤਾਰ ਵਾਹਨ ਬੇਕਾਬੂ ਹੋ ਕੇ ਆਪਣੇ ਸਾਹਮਣੇ ਤੋਂ ਆ ਰਹੇ ਵਾਹਨ ਆਪਸ ਵਿਚ ਟਕਰਾ ਜਾਂਦੇ ਹਨ ਅਤੇ ਜਾਨੀ ਮਾਲੀ ਨੁਕਸਾਨ ਹੋ ਜਾਂਦਾ ਹੈ। ਉਨ੍ਹਾਂ ਕਿਹਾ ਤੇਜ਼ ਰਫ਼ਤਾਰ ਗੱਡੀਆਂ ਮੋੜ ਤੋਂ ਮੁੜਨ ਸਮੇਂ ਬੇਕਾਬੂ ਹੋਣ ਕਾਰਨ ਇਹ ਹਾਦਸੇ ਵਾਪਰਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਇਸ ਟੇਢੇ ਮੋੜ ਅਤੇ ਸੜਕ ਦੀ ਉਤਰਾਈ-ਚੜ੍ਹਾਈ ਵਾਲੀ ਜਗਾ ਤੋਂ ਪਹਿਲਾਂ ਸਪੀਡ ਬਰੇਕਰ ਦੋਵਾ ਪਾਸੇ ਬਣਾਉਣ ਨਾਲ ਹਾਦਸੇ ਬੰਦ ਜਾਂ ਘੱਟ ਸਕਦੇ ਹਨ। ਲੋਕਾਂ ਦੀ ਲੋਕ ਨਿਰਮਾਣ ਵਿਭਾਗ ਪਾਸੋਂ ਮੰਗ ਹੈ ਕਿ ਉਪਰੋਕਤ ਜਗ੍ਹਾ 'ਤੇ ਸਪੀਡ ਬਰੇਕਰ ਜਾਂ ਬੈਰੀਕੇਡਰ ਲਗਾਏ ਜਾਣ ਜਾਂ ਫ਼ਿਰ ਯੋਗ ਪ੍ਰਬੰਧ ਕੀਤੇ ਜਾਣ ਜਿਸ ਨਾਲ ਹਾਦਸੇ ਹੋਣ ਤੋਂ ਬਚਾਅ ਹੋ ਸਕੇ।

# ਦੁਕਾਨ ਦਾ ਸ਼ਟਰ ਤੋੜ ਕੇ ਨਗਦੀ ਤੇ ਸਾਮਾਨ ਚੋਰੀ



**ਪੱਟੀ, (ਬਲਦੇਵ ਸਿੰਘ ਸੰਧੂ/ ਸ਼ਮਸ਼ੇਰ ਸਿੰਘ ਯੋਧਾ)**

ਡੀ. ਐੱਮ. ਕਰਿਆਨਾ ਸਟੋਰ ਦੇ ਮਾਲਕ ਦੀਪਕ ਸੋਨੀ ਪੁੱਤਰ ਲੱਖਪਤ ਰਾਏ ਸੋਨੀ ਨੇ ਦੱਸਿਆ ਕਿ ਦੂਸਰੇ ਪਹਿਰ 4 ਅਣਪਛਾਤਿਆਂ ਵਿੱਚੋਂ ਇਕ ਵਿਅਕਤੀ ਨੇ ਦੁਕਾਨ ਦਾ ਸ਼ਟਰ ਭੰਨ੍ਹ ਕੇ ਗੱਲੇ ਵਿੱਚੋਂ 7 ਹਜ਼ਾਰ ਦੀ ਨਕਦੀ ਚੋਰੀ ਕੀਤੀ। ਦੱਸਣਯੋਗ ਹੈ ਕਿ ਹਰੀਕੇ ਤੋਂ ਨਸ਼ਾ ਖਰੀਦਣ ਆਉਂਦੇ ਕਥਿਤ ਤਸਕਰਾਂ ਲਈ ਜਿਥੇ ਜਨਤਕ ਥਾਵਾਂ ਤੋਂ ਮੋਟਰਸਾਇਕਲ ਚੋਰੀ ਕਰਨੇ, ਨੌਕਰੀ ਪੇਸ਼ਾ ਔਰਤਾਂ ਨੂੰ ਲੁੱਟਣਾ ਆਮ ਗੱਲ ਹੈ ਉਥੇ ਹੀ ਬੀਤੇ ਦਿਨੀਂ ਸੰਧੂ ਟੈਲੀਕਾਮ 'ਚ ਚੋਰੀ ਕਰਨ ਵਾਲੇ ਚੋਰਾਂ ਦੀ ਸ਼ਨਾਖਤ ਹੋਣ ਦੇ ਬਾਵਜੂਦ ਪੁਲਸ ਉਨ੍ਹਾਂ ਨੂੰ ਕਾਬੂ ਕਰਨ ਤੋਂ ਹੱਥ ਖੜ੍ਹ ਕਰ ਚੁੱਕੀ ਹੈ। ਮੁਨੀਸ਼ ਟੈਲੀਕਾਮ 'ਤੇ ਵਾਰਦਾਤ ਨੂੰ ਅੰਜਾਮ ਦੇਣ ਵਾਲਿਆਂ ਦੀ ਹਫਤੇ ਬਾਅਦ ਵੀ ਉੱਘ-ਸੁੱਘ ਨਹੀਂ ਲੱਗੀ। ਸਿਤਮਜ਼ਰੀਫੀ ਇਹ ਵੀ ਹੈ ਕਿ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਖਾਸਮ-ਖਾਸ ਅਤੇ ਮਾਰਕੀਟ ਕਮੇਟੀ ਹਰੀਕੇ ਦੇ ਚੇਅਰਮੈਨ ਦਿਲਬਾਗ ਸਿੰਘ ਰੱਤਾ ਗੁੱਦਾ ਦੇ ਘਰੋਂ ਸੋਨਾ ਅਤੇ ਨਕਦੀ ਚੋਰੀ ਹੋਣ ਦੇ 12 ਦਿਨ ਬੀਤ ਜਾਣ ਮਗਰੋਂ ਵੀ ਪੁਲਿਸ ਕਿਸੇ ਨਤੀਜੇ 'ਤੇ ਪਹੁੰਚਣ ਦੀ ਬਜਾਏ 'ਰਾਊਂਡਅਪ ਰਾਊਂਡਅਪ' ਖੇਡ ਰਹੀ ਹੈ। ਉਕਤ ਸਾਰੀਆਂ ਘਟਨਾਵਾਂ ਸੀਸੀਟੀਵੀ ਕੈਮਰਿਆਂ 'ਚ ਕੈਦ ਹੋ ਗਈਆਂ ਪਰ ਫਿਰ ਵੀ ਥਾਣਾ ਹਰੀਕੇ ਆਉਂਦੇ ਲੋਕਾਂ ਨੂੰ ਚੋਰਾਂ ਤੋਂ ਨਿਜਾਤ ਦਿਵਾਉਣ ਵਿੱਚ ਪੁਲਸ ਕਾਮਯਾਬ ਹੁੰਦੀ ਹੈ ਜਾਂ ਨਹੀਂ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਸਬੰਧੀ ਥਾਣਾ ਮੁਖੀ ਪ੍ਰਿਥੀਪਾਲ ਸਿੰਘ ਸੰਧੂ ਦਾ ਕਹਿਣਾ ਹੈ ਕਿ ਨਫਰੀ ਦੀ ਘਾਟ ਕਾਰਨ ਬੇਸ਼ੱਕ ਕੰਮਾਂ 'ਚ ਦੇਰ ਹੋ ਰਹੀ ਹੈ ਪਰ ਸਮਾਜ ਵਿਰੋਧੀ ਅਨਸਰਾਂ ਖਿਲਾਫ ਮੁਹਿੰਮ ਵਿੱਚ ਕੋਈ ਢਿੱਲ ਨਹੀਂ ਵਰਤੀ ਜਾ ਰਹੀ।

## ਭੇਟ ਪੱਤਣ ਵਿਖੇ ਮੈਡੀਕਲ ਕੈਂਪ ਭਲਕੇ



**ਸ੍ਰੀ ਹਰਗੋਬਿੰਦਪੁਰ ਸਾਹਿਬ (ਕੌਸ਼ਲ ਪੁਰੀ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਸਰਕਲ ਹਰਚੋਵਾਲ ਵੱਲੋਂ ਹਰ ਸਾਲ ਦੀ ਤਰ੍ਹਾਂ ਭੇਟ ਪੱਤਣ ਦਰਿਆ ਦੇ ਨਜ਼ਦੀਕ ਫ੍ਰੀ ਮੈਡੀਕਲ ਕੈਂਪ ਲਗਾਇਆ ਜਾਂਦਾ ਹੈ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਡਾ. ਗੁਰਨੇਕ ਸਿੰਘ ਹਰਚੋਵਾਲ ਅਤੇ ਡਾ. ਸਤਨਾਮ ਸਿੰਘ ਕੰਡੀਲਾ ਨੇ ਦੱਸਿਆ ਕਿ ਪਿਛਲੇ ਲੰਮੇਂ ਸਮੇਂ ਤੋਂ 2 ਮਾਰਚ ਨੂੰ ਭੇਟ ਪੱਤਣ ਵਿਖੇ ਚੋਲਾ ਸਾਹਿਬ ਦੇ ਮੇਲੇ ਨੂੰ ਸਮਰਪਿਤ ਫ੍ਰੀ ਮੈਡੀਕਲ ਕੈਂਪ ਲਗਾਇਆ ਜਾਂਦਾ ਹੈ ਅਤੇ ਲੱਖਾਂ ਸੰਗਤਾਂ ਇਸ ਕੈਂਪ ਦਾ ਫਾਇਦਾ ਉਠਾਉਂਦੀਆਂ ਹਨ। ਇਸ ਮੌਕੇ ਖੂਨਦਾਨ ਕੈਂਪ ਵੀ ਲਗਾਇਆ ਜਾਂਦਾ ਹੈ। ਇਸ ਮੌਕੇ ਡਾ. ਅਵਤਾਰ ਸਿੰਘ ਕਿੱਲਾ ਲਾਲ ਸਿੰਘ ਮੀਤ ਪ੍ਰਧਾਨ, ਡਾ. ਪਿਆਰਾ ਸਿੰਘ ਹੰਬੋਵਾਲ, ਡਾ. ਦਿਲਬਾਗ ਸਿੰਘ ਪੰਨੂ, ਡਾ. ਬਲਬੀਰ ਸਿੰਘ ਘੁਮਾਣ, ਡਾ. ਕਸ਼ਮੀਰ ਸਿੰਘ ਨਾਗੀ, ਡਾ. ਸਵਿੰਦਰ ਸਿੰਘ ਠੱਕਰ ਸੰਧੂ ਆਦਿ ਹਾਜ਼ਰ ਸਨ।

## ਸੀਨੀਅਰ ਲਾਈਨਮੈਨ ਹੀਰਾ ਮਸੀਹ ਦਾ ਸੇਵਾ ਮੁਕਤੀ 'ਤੇ ਮਾਣ-ਸਨਮਾਨ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਸਥਾਨਕ ਪਵਰਕਾਮ ਉਪ ਮੰਡਲ ਦਫਤਰ ਅਜਨਾਲਾ ਵਿਖੇ ਬਤੌਰ ਸੀਨੀਅਰ ਲਾਈਨਮੈਨ ਵਜੋਂ ਸੇਵਾਵਾਂ ਨਿਭਾਉਂਦੇ ਆ ਰਹੇ ਹੀਰਾ ਮਸੀਹ ਦੀ ਸੇਵਾ ਮੁਕਤੀ 'ਤੇ ਕਰਵਾਏ ਗਏ ਸਮਾਗਮ ਦੌਰਾਨ ਹੀਰਾ ਮਸੀਹ ਨੂੰ ਡਾ. ਅਨੂਜੋਤ ਕੌਰ ਪਤਨੀ ਬੋਨੀ ਅਮਰਪਾਲ ਸਿੰਘ ਅਜਨਾਲਾ ਸਾਬਕਾ ਵਿਧਾਇਕ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਡਾ. ਅਨੂੰ ਕੌਰ ਨੇ ਉਨ੍ਹਾਂ ਉਨ੍ਹਾਂ ਦੀਆਂ ਡਿਊਟੀ ਦੌਰਾਨ ਸਮਾਜ ਪ੍ਰਤੀ ਕੀਤੀਆਂ ਸੇਵਾਵਾਂ ਦੀ ਤਾਰੀਫ ਕਰਦਿਆਂ ਕਿਹਾ ਕਿ ਹੀਰਾ ਮਸੀਹ ਨੇ ਆਪਣੀ ਡਿਊਟੀ ਬਹੁਤ ਇਮਾਨਦਾਰੀ, ਤਨਦੇਹੀ ਨਾਲ ਨਿਭਾਈ ਹੈ। ਇਸ ਮੌਕੇ ਬੀਬੀ ਜਗਦੀਸ਼ ਕੌਰ ਸੀਨੀਅਰ ਮੀਤ ਪ੍ਰਧਾਨ ਭਾਰਤੀ ਜਨਤਾ ਪਾਰਟੀ, ਸਿੰਮੀ ਸਰੀਨ ਕੌਂਸਲਰ, ਕੌਂਸਲਰ ਸੁਨੀਤਾ ਰਾਣੀ, ਨਿਆਮਤ ਮਸੀਹ, ਜੇਈ ਪਵਨਦੀਪ ਸਿੰਘ, ਮੁਲਾਜ਼ਮ ਏਕਤਾ ਦੇ ਆਗੂ ਰਣਜੀਤ ਸਿੰਘ ਭੱਖਾ, ਸਤਪਾਲ ਸਿੰਘ ਪੁਰਬਾ, ਸੋਮਨਾਥ ਮਰਵਾਹਾ, ਰਕੇਸ਼ ਕੁਮਾਰ, ਲਖਵਿੰਦਰ ਸਿੰਘ ਅਤੇ ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਜ਼ ਨਾਲ ਕੀਤਾ ਵਾਅਦਾ ਪੂਰਾ ਕਰੇ : ਸੀਮਾ ਸੋਹਲ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਆਲ ਇੰਡੀਆ ਆਸ਼ਾ ਵਰਕਰ/ ਫੈਸਿਲੀਟੇਟਰ ਦਾ ਵੱਡਾ ਜਥਾ ਸੀਮਾ ਸੋਹਲ, ਮਨਜਿੰਦਰ ਕੌਰ ਤੇ ਕੁਲਵੰਤ ਕੌਰ ਦੀ



ਅਗਵਾਈ ਵਿੱਚ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਹਾਇਸ਼ ਅੱਗੇ ਰੋਸ ਪ੍ਰਦਰਸ਼ਨ ਕਰਨ ਸੰਗਰੂਰ ਲਈ ਰਵਾਨਾ ਹੋਇਆ। ਆਗੂਆਂ ਨੇ ਕਿਹਾ ਕਿ ਚੋਣਾਂ ਵਿੱਚ ਭਗਵੰਤ ਮਾਨ, ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੌਜੂਦਾ ਖਜਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਦਿਆਂ ਹੀ ਆਸ਼ਾ ਵਰਕਰਾਂ ਤੇ ਫੈਸਿਲੀਟੇਟਰ ਦਾ ਮਾਣ ਭੱਤਾ ਦੁੱਗਣਾ ਕੀਤਾ ਜਾਵੇਗਾ ਭਾਵ 2500 ਤੋਂ 5000 ਰੁਪਏ ਕੀਤਾ ਜਾਵੇਗਾ ਜਦੋਂਕਿ ਮੌਜੂਦਾ ਕਾਨੂੰਨ ਅਨੁਸਾਰ ਸਾਡਾ ਮਿਹਨਤਾਨ 18000 ਬਣਦਾ ਹੈ ਤੇ ਅਸੀਂ 26000 ਦੀ ਮੰਗ ਕਰਦੀਆਂ ਹਾਂ ਪਰ ਸਰਕਾਰ ਦੇ ਵਾਅਦੇ ਝੂਠੇ ਸਾਬਤ ਹੋ ਰਹੇ ਹਨ। ਸਰਕਾਰ ਅੱਖੜ ਹੋਈ ਪਈ ਹੈ। ਇਸ ਮਹਿੰਗਾਈ ਦੇ ਜ਼ਮਾਨੇ ਵਿੱਚ 2500 ਰੁਪਏ ਦੀ ਚਾਹ ਵੀ ਨਹੀਂ ਬਣਦੀ। ਪਰਿਵਾਰ ਦਾ ਗੁਜ਼ਾਰਾ ਕਰਨਾ ਤਾਂ ਕਿਧਰੇ ਰਿਹਾ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਆਪਣਾ ਕੀਤਾ ਵਾਅਦਾ ਪੂਰਾ ਕਰੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਮਜ਼ਦੂਰ ਆਗੂ ਦਵਿੰਦਰ ਸੋਹਲ, ਰਾਜਵਿੰਦਰ ਕੌਰ ਸੁਪਰਵਾਈਜ਼ਰ, ਮਨਦੀਪ ਕੌਰ, ਗੁਰਪ੍ਰੀਤ ਕੌਰ, ਪਰਮਿੰਦਰ ਕੌਰ, ਕੰਵਲ ਠਰੂ, ਵੀਰਾਂ ਰਾਣੀ, ਬਲਵਿੰਦਰ ਕੌਰ, ਦਵਿੰਦਰ ਕੌਰ, ਗੁਰਵੰਤ ਕੌਰ ਆਦਿ ਨੇ ਪੰਜਾਬ ਅਤੇ ਕੇਂਦਰ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਪਿੱਟ ਸਿਆਪਾ ਕੀਤਾ।

# ਸੰਯੁਕਤ ਕਿਸਾਨ ਮੋਰਚਾ ਗੁਰਦਾਸਪੁਰ ਨੇ ਮੁੱਖ ਮੰਤਰੀ ਦੇ ਨਾਂਅ ਡੀਸੀ ਨੂੰ ਸੌਂਪਿਆ ਮੰਗ ਪੱਤਰ

**ਗੁਰਦਾਸਪੁਰ, (ਜਨਕ ਮਹਾਜਨ)**

ਸੰਯੁਕਤ ਕਿਸਾਨ ਮੋਰਚਾ ਗੁਰਦਾਸਪੁਰ ਵੱਲੋਂ ਡੀਸੀ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਮੰਗ ਪੱਤਰ ਭੇਜਿਆ ਗਿਆ ਜਿਸ ਵਿਚ ਮੰਗ ਕੀਤੀ ਗਈ ਕਿ ਦਿੱਲੀ ਜਾ ਰਹੇ ਕਿਸਾਨਾਂ ਨੂੰ



ਰੋਕਾਂ ਲਾ ਕੇ ਹਰਿਆਣਾ ਪੰਜਾਬ ਦੇ ਬਾਰਡਰਾਂ ਤੇ ਰੋਕ ਕੇ ਉਨ੍ਹਾਂ ਉਪਰ ਅੱਥਰੂ ਗੈਸ ਸੁੱਟਣ, ਗੋਲੀ ਚਲਾਉਣ ਦੇ ਹੁਕਮ ਦੇਣ ਵਾਲੇ ਹਰਿਆਣਾ ਦੇ ਅਧਿਕਾਰੀਆਂ ਉਪਰ ਐੱਫਆਈਆਰ ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਕਿਸਾਨ ਸ਼ੁਭਕਰਨ ਸਿੰਘ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਬਹੁਤ ਸਾਰੇ ਫੱਟੜ ਕਰ ਦਿੱਤੇ ਗਏ ਸਨ ਜਿਨ੍ਹਾਂ ਨੂੰ ਮੁਆਵਜ਼ਾ ਅਤੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਟਰੈਕਟਰਾਂ ਅਤੇ ਹੋਰ ਗੱਡੀਆਂ ਦਾ ਜੋ ਨੁਕਸਾਨ ਹੋਇਆ, ਦਾ ਮੁਆਵਜ਼ਾ ਦਿੱਤਾ ਜਾਵੇ। ਮੰਗ ਪੱਤਰ ਦੇਣ ਵਾਲਿਆਂ ਵਿਚ ਰਾਜ, ਗੁਰਵਿੰਦਰ ਸਿੰਘ ਲਾਡੀ ਘੁਮਾਣ, ਗੁਰਮੀਤ ਸਿੰਘ ਢਡਿਆਲਾ, ਬਲਰਾਜ ਸਿੰਘ ਬਟਾਲਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਕਿਰਤੀ ਕਿਸਾਨ ਯੂਨੀਅਨ ਸਤਬੀਰ ਸਿੰਘ ਸੂਬਾ ਮੀਤ ਪ੍ਰਧਾਨ, ਤਰਲੋਕ ਸਿੰਘ ਜ਼ਿਲ੍ਹਾ ਪ੍ਰਧਾਨ, ਜਮਹੂਰੀ ਕਿਸਾਨ ਸਭਾ ਮੱਖਣ ਸਿੰਘ ਕੁਹਾੜ, ਗੁਰਮੀਤ ਸਿੰਘ ਠਾਣੇਵਾਲ, ਕਪੂਰ ਸਿੰਘ ਘੁੰਮਣ, ਮਾਝਾ ਕਿਸਾਨ ਸੰਘਰਸ਼ ਕਮੇਟੀ ਦਲੀਪ ਸਿੰਘ ਨੰਬਰਦਾਰ ਮੁੱਖ ਬੁਲਾਰਾ ਪੰਜਾਬ, ਸਤਨਾਮ ਸਿੰਘ, ਸੁਖਜਿੰਦਰ ਸਿੰਘ, ਪੰਜਾਬ ਕਿਸਾਨ ਯੂਨੀਅਨ ਸੁਖਦੇਵ ਸਿੰਘ ਭਾਗੋਕਾਵਾਂ, ਅਸ਼ਵਨੀ ਕੁਮਾਰ ਲੱਖਣ ਕਲਾਂ, ਬਚਨ ਸਿੰਘ, ਲਖਵਿੰਦਰ ਸਿੰਘ, ਰਾਮ ਸਿੰਘ, ਹਰਪ੍ਰੀਤ ਸਿੰਘ, ਦਿਲਬਾਗ ਸਿੰਘ, ਰਛਪਾਲ ਸਿੰਘ, ਲਖਵਿੰਦਰ ਸਿੰਘ, ਰਵਿੰਦਰ ਸਿੰਘ, ਬਲਬੀਰ ਸਿੰਘ ਪਲਵਿੰਦਰ ਸਿੰਘ, ਅਮਰਜੀਤ ਸਿੰਘ, ਹਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਖੇਤ ਮਜ਼ਦੂਰ ਜਥੇਬੰਦੀ ਵੱਲੋਂ ਭਲਕੇ ਮੰਤਰੀਆਂ ਦੀਆਂ ਰਿਹਾਇਸ਼ਾਂ ਅੱਗੇ ਧਰਨੇ ਦੇਣ ਦਾ ਐਲਾਨ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਤਹਿਸੀਲ ਬਾਬਾ ਬਕਾਲਾ ਦੀ ਜਨਰਲ ਬਾਡੀ ਦੀ ਮੀਟਿੰਗ ਬਾਬਾ ਮਲਕੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ 8 ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਫਰੰਟ ਵੱਲੋਂ 2 ਮਾਰਚ 2024 ਨੂੰ ਮੰਤਰੀਆਂ ਦੀਆਂ ਕੋਠੀਆਂ ਅੱਗੇ ਧਰਨੇ ਦੇ ਕੇ ਖੇਤ ਮਜ਼ਦੂਰਾਂ ਦੇ ਭੱਖਦੇ ਮਸਲਿਆਂ ਤੇ ਮੰਗਾਂ ਨੂੰ ਵਿਧਾਨ ਸਭਾ ਦੇ ਸੈਸ਼ਨ ਵਿੱਚ ਪਾਸ ਕਰਾਉਣ ਲਈ ਸਾਰੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਮੁੱਖ ਮੰਗਾਂ ਖੇਤ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਕਰਨ, ਖੇਤ ਮਜ਼ਦੂਰਾਂ ਨੂੰ 10 ਮਰਲੇ ਦੇ ਪਲਾਟ ਤੇ ਘਰ ਬਣਾਉਣ ਲਈ 5 ਲੱਖ ਦੀ ਗ੍ਰਾਂਟ, ਮਜ਼ਦੂਰਾਂ ਦੀ ਬੁਢਾਪਾ ਤੇ ਵਿਧਵਾ ਪੈਨਸ਼ਨ 10000 ਰੁਪਏ ਕਰਨ, ਮਨਰੇਗਾ ਸਕੀਮ ਤਹਿਤ ਮਜ਼ਦੂਰਾਂ ਨੂੰ ਕੰਮ ਦੇਣ ਤੋਂ ਇਲਾਵਾ ਹੋਰ ਮਸਲਿਆਂ ਲਈ ਸੰਘਰਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਗੀਰ ਸਿੰਘ ਸਰਜਾ, ਗੁਰਦੀਪ ਸਿੰਘ ਬੁਤਾਲਾ, ਸਰਵਨ ਸਿੰਘ ਤਰਸਿੱਕਾ ਅਤੇ ਹੋਰ ਬੁਲਾਰਿਆਂ ਨੇ 2 ਮਾਰਚ ਨੂੰ ਵੱਧ-ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ।

## ਸੜਕ ਦੀ ਰਿਪੇਅਰ ਕਰਾਉਣ ਲਈ ਈ ਟੀ ਓ ਦਾ ਧੰਨਵਾਦ

**ਟਾਂਗਰਾ (ਲਾਡੀ ਮੱਲ੍ਹੀ)**-ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਪਿੰਡ ਖਲਚੀਆਂ ਵਿਖੇ ਪਹੁੰਚ ਕੇ ਨਵੀਂ ਸੜਕ ਦਾ ਉਦਘਾਟਨ ਕੀਤਾ ਜੋ ਕਿ ਖਲਚੀਆਂ ਤੋਂ ਨਾਗੋਕੇ ਘਰਾਟ ਤੱਕ ਜਾਵੇਗੀ। ਪਿਛਲੇ ਲੰਮੇ ਸਮੇਂ ਤੋਂ ਇਲਾਕੇ ਦੇ ਲੋਕ ਇਸਦੀ ਮੰਗ ਕਰ ਰਹੇ ਸਨ ਜੋ ਕਿ ਅੱਜ ਹਲਕਾ ਵਿਧਾਇਕ ਦਲਬੀਰ ਸਿੰਘ ਟੌਂਗ ਦੇ ਯਤਨਾਂ ਸਦਕਾ ਪੂਰੀ ਹੋਈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕਸ਼ਮੀਰ ਸਿੰਘ ਅਤੇ ਹਰਜਿੰਦਰ ਸਿੰਘ ਜਸਪਾਲ ਨੇ ਕੀਤਾ। ਉਨ੍ਹਾਂ ਨੇ ਕਿਹਾ ਕਿ ਕੈਬਨਿਟ ਮੰਤਰੀ ਈਟੀਓ ਅਤੇ ਐੱਮਐੱਲਏ ਦਲਬੀਰ ਸਿੰਘ ਟੌਂਗ ਦਾ ਅਸੀਂ ਆਪਣੀ ਪੂਰੀ ਟੀਮ ਵੱਲੋਂ ਧੰਨਵਾਦ ਕਰਦੇ ਹਾਂ।

## ਆਦਰਸ਼ ਭਾਰਤੀ ਕਾਲਜ ਨੇ ਸਾਇੰਸ ਡੇ ਮਨਾਇਆ




**ਪਠਾਨਕੋਟ (ਦਵਿੰਦਰ ਸਿੰਘ)**-ਆਦਰਸ਼ ਭਾਰਤੀ ਕਾਲਜ ਦੇ ਭੌਤਿਕ ਵਿਭਾਗ ਵਿੱਚ ਸਾਇੰਸ ਡੇ ਨੂੰ "ਸਾਇੰਸ ਕਾਰਨੀਵਾਲ" ਵੱਜੋਂ ਮਨਾਇਆ ਗਿਆ, ਜਿਸ ਵਿੱਚ ਕਲਾਮ ਸੋਸਾਇਟੀ ਦੇ ਬੱਚਿਆਂ ਨੇ ਸਾਰੇ ਸਮਾਰੋਹ ਨੂੰ ਬਹੁਤ ਵਧੀਆ ਤਰੀਕੇ ਨਾਲ ਆਰਗੇਨਾਈਜ਼ ਕੀਤਾ। ਇਸ ਕਾਰਨੀਵਾਲ ਵਿੱਚ ਬੱਚਿਆਂ ਨੇ ਵਿਗਿਆਨ ਨਾਲ ਸਬੰਧਿਤ ਰੰਗੋਲੀ ਬਣਾਈ, ਪ੍ਰਸ਼ਨੋਤਰੀ ਪ੍ਰਤੀਯੋਗਿਤਾ ਦੇ ਨਾਲ-ਨਾਲ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਵੀ ਕੀਤਾ, ਜਿਸ ਵਿੱਚ ਸੰਗੀਤ ਅਤੇ ਡਾਂਸ ਦੇ ਨਾਲ-ਨਾਲ ਪਾਵਰਪੋਇੰਟ ਪ੍ਰਜ਼ੈਂਟੇਸ਼ਨ ਨਾਲ ਵਿਗਿਆਨ ਦੀ ਸਮਾਜ ਵਿੱਚ ਉਪਯੋਗਤਾ ਬਾਰੇ ਵੀ ਵਿਚਾਰ ਕੀਤਾ ਗਿਆ। ਇਸ ਸਮਾਰੋਹ ਵਿੱਚ ਰਜਿਸਟ੍ਰਾਰ ਪ੍ਰੋ. ਰਵੀ ਰੰਜਨ, ਸਾਇੰਸ ਵਿਭਾਗ ਦੇ ਪ੍ਰੋ. ਅਲੀਸ਼ਾ, ਪ੍ਰੋ. ਗਰਿਮਾ, ਪ੍ਰੋ. ਸਿਮਰਨ ਨਾਲ ਹੋਰ ਟੀਚਰ ਵੀ ਹਾਜ਼ਰ ਸਨ। ਪ੍ਰਿੰ. ਕੁਲਦੀਪ ਗੁਪਤਾ ਨੇ ਬੱਚਿਆਂ ਦੀ ਪ੍ਰਤਿਭਾ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਆਦਰਸ਼ ਭਾਰਤੀ ਕਾਲਜ ਵਿੱਚ ਸਮੇਂ ਸਮੇਂ ਸਿਲੇਬਸ ਦੇ ਨਾਲ-ਨਾਲ ਸਟੂਡੈਂਟਸ ਦੀ ਪ੍ਰਤਿਭਾ ਪੇਸ਼ ਕਰਨ ਲਈ ਯਤਨ ਹੁੰਦਾ ਰਿਹਾ ਹੈ।

## ਕੋਡਾ ਆਟੋ ਵੱਲੋਂ ਭਾਰਤ ਲਈ ਨਵੀਂਆਂ ਯੋਜਨਾਵਾਂ ਦਾ ਐਲਾਨ

**ਜਲੰਧਰ:** ਸਕੋਡਾ ਆਟੋ ਇੰਡੀਆ ਨੇ ਇੱਕ ਆਲ-ਨਿਊ ਕੰਪੈਕਟ ਲਈ ਆਪਣੀਆਂ ਨਵੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਇਸ ਨੂੰ ਭਾਰਤ 'ਚ 2025 ਦੇ ਪਹਿਲੇ ਅੱਧ 'ਚ ਲਾਂਚ ਕੀਤਾ ਜਾਵੇਗਾ।

ਇਹ ਕੰਪਨੀ ਦਾ ਭਾਰਤ ਲਈ ਬਣਿਆ ਤੀਜਾ ਉਤਪਾਦ ਹੋਵੇਗਾ। ਐਲਾਨ 'ਤੇ ਟਿੱਪਣੀ ਕਰਦੇ ਹੋਏ ਸਕੋਡਾ ਆਟੋ ਨੇ ਕਿਹਾ ਕਿ ਭਾਰਤ ਦੁਨੀਆ ਭਰ ਵਿੱਚ ਸਕੋਡਾ ਆਟੋ ਦੇ ਵਾਧੇ ਲਈ ਇੱਕ ਬਹੁਤ ਮਹੱਤਵਪੂਰਨ ਬਾਜ਼ਾਰ ਹੈ। ਭਾਰਤ ਆਪਣੀ ਜ਼ਬਰਦਸਤ ਮਾਰਕਿਟ ਸ਼ਕਤੀ ਦੇ ਨਾਲ, ਸਕੋਡਾ ਆਟੋ ਦੇ ਵਿਸ਼ਵ ਭਰ ਦੇ ਦੂਜੇ ਦੇਸ਼ ਦੇ ਬਾਜ਼ਾਰਾਂ ਵਿੱਚ ਵਿਸਤਾਰ ਲਈ ਵਿਕਾਸ ਅਤੇ ਨਿਰਮਾਣ ਅਧਾਰ ਵੀ ਹੈ। ਇਨ੍ਹਾਂ ਦੇਸ਼ਾਂ ਵਿੱਚ ਆਸੀਆਨ ਅਤੇ ਮੱਧ ਪੂਰਬ ਦੇ ਦੇਸ਼ ਵੀ ਸ਼ਾਮਲ ਹਨ। ਸਕੋਡਾ ਆਟੋ ਨੇ ਨਵੰਬਰ 2001 ਵਿੱਚ ਦੁਨੀਆ ਵਿੱਚ ਆਪਣੀ 129 ਸਾਲਾਂ ਦੀ ਵਿਰਾਸਤ ਦੇ ਨਾਲ ਭਾਰਤ ਵਿੱਚ ਪ੍ਰਵੇਸ਼ ਕੀਤਾ। ਵਿਕਰੀ ਦੇ ਲਿਹਾਜ਼ ਨਾਲ 2022 ਕੰਪਨੀ ਲਈ ਸਭ ਤੋਂ ਵੱਡਾ ਸਾਲ ਸੀ।

# ਗੁਰਦੀਪ ਸਿੰਘ ਰੰਧਾਵਾ ਨੇ ਆਮ ਆਦਮੀ ਮੁਹੱਲਾ ਕਲੀਨਿਕ ਦਾ ਕੀਤਾ ਉਦਘਾਟਨ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਪਿੰਡ ਸ਼ਾਹਪੁਰ ਜਾਜਨ ਵਿੱਚ ਨਵੇਂ ਬਣ ਕੇ ਤਿਆਰ ਹੋਏ ਆਮ ਆਦਮੀ ਮੁਹੱਲਾ ਕਲੀਨਿਕ ਦਾ ਉਦਘਾਟਨ ਹਲਕਾ ਇੰਚਾਰਜ ਤੇ ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰੀ ਡਿਵੈਲਪਮੈਂਟ ਬੋਰਡ ਗੁਰਦੀਪ ਸਿੰਘ ਰੰਧਾਵਾ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਰੰਧਾਵਾ ਦਾ ਪਹੁੰਚਣ ਉਪਰੰਤ ਪਿੰਡ ਵਾਸੀਆਂ ਵੱਲੋਂ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਐੱਸਐੱਮਓ ਪੀਐੱਚਸੀ ਧਿਆਨਪੁਰ ਮੈਡਮ ਗੁਨੀਤ ਕੌਰ ਵੱਲੋਂ ਸਮੂਹ ਸਟਾਫ ਸਮੇਤ ਗੁਰਦੀਪ ਸਿੰਘ ਰੰਧਾਵਾ ਨੂੰ ਬੁੱਕਾ ਅਤੇ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਰੰਧਾਵਾ ਨੇ ਕਿਹਾ ਕਿ ਸਿਹਤ ਸੇਵਾਵਾਂ ਦੇ ਖੇਤਰ ਵਿਚ ਆਮ ਆਦਮੀ ਕਲੀਨਿਕ ਪੂਰੇ ਸੂਬੇ ਵਿਚ ਵਰਦਾਨ ਸਾਬਤ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੋਲ੍ਹੇ ਗਏ ਆਮ ਆਦਮੀ ਕਲੀਨਿਕਾਂ ਦੀ ਅੱਜ ਦੁਨੀਆ ਭਰ ਵਿਚ ਚਰਚਾ ਹੋ ਰਹੀ ਹੈ ਅਤੇ ਪੂਰੀ ਦੁਨੀਆ ਇਸ ਮਾਡਲ ਨੂੰ ਦੇਖ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬੇ ਵਿਚ 700 ਤੋਂ ਵੱਧ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ ਅਤੇ ਜਿਨ੍ਹਾਂ ਵਿਚ ਜਿਥੇ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ, ਉਥੇ ਕਈ ਤਰ੍ਹਾਂ ਦੇ ਟੈਸਟ ਵੀ ਮੁਫ਼ਤ ਕੀਤੇ ਜਾ ਰਹੇ ਹਨ। ਚੇਅਰਮੈਨ ਰੰਧਾਵਾ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹਾ ਗੁਰਦਾਸਪੁਰ ਵਿੱਚ 62 ਆਮ ਆਦਮੀ ਕਲੀਨਿਕ ਕੰਮ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ 35 ਆਮ ਆਦਮੀ ਕਲੀਨਿਕ ਕੰਮ ਕਰ ਰਹੇ ਸਨ ਅਤੇ ਹੁਣ ਪੰਜਾਬ ਸਰਕਾਰ ਵੱਲੋਂ 27 ਹੋਰ ਖੋਲ੍ਹੇ ਗਏ ਹਨ ਜਿਸ ਨਾਲ ਹੁਣ ਜ਼ਿਲ੍ਹੇ ਵਿੱਚ ਕੁੱਲ ਗਿਣਤੀ 62 ਹੋ ਗਈ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਹੋਰ ਵੀ ਖੋਲ੍ਹੇ ਜਾਣਗੇ। ਚੇਅਰਮੈਨ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਹਰ ਉਮੀਦ 'ਤੇ ਖਰ੍ਹਾ ਉਤਰਦੇ ਹੋਏ ਸੂਬੇ ਦੀ ਤਰੱਕੀ ਲਈ ਕੰਮ ਕਰ ਰਹੀ ਹੈ। ਇਸ ਮੌਕੇ ਮੈਡੀਕਲ ਅਫਸਰ ਡਾਕਟਰ ਚਰਨਜੀਤ ਸਿੰਘ, ਗਗਨਦੀਪ ਸਿੰਘ ਫਾਰਮਾਸਿਸਟ, ਰੁਪਿੰਦਰ ਕੌਰ ਕਲੀਨਿਕ ਅਸਿਸਟੈਂਟ, ਰਣਜੀਤ ਸਿੰਘ ਬੀਈ, ਮਾਸਟਰ ਕੁਲਜੀਤ ਸਿੰਘ, ਤਜਿੰਦਰ ਸਿੰਘ ਮਾਨ, ਗੁਰਵਿੰਦਰ ਸਿੰਘ, ਜੋਗਿੰਦਰ ਸਿੰਘ ਚੰਡੀਗੜ੍ਹ, ਗੁਰਮੇਜ ਸਿੰਘ, ਚੰਨਣ ਸਿੰਘ ਪਹਿਲਵਾਨ, ਬਲਦੇਵ ਸਿੰਘ ਬੱਲੀ, ਗੁਰਮੁਖ ਸਿੰਘ ਪਾਂਧਾ, ਰਾਜੂ ਮਸੀਹ, ਬਲਜੀਤ ਸਿੰਘ ਐੱਮਪੀਐੱਚਡਬਲੂ, ਜੋਗਿੰਦਰ ਸਿੰਘ ਐੱਚਆਈ, ਗਗਨਦੀਪ ਸਿੰਘ ਐੱਮਪੀਐੱਚਡਬਲਿਊ ਕੋਮਲਪ੍ਰੀਤ ਕੌਰ ਸੀਐੱਚਓ, ਰਾਜਵਿੰਦਰ ਕੌਰ ਆਸ਼ਾ ਵਰਕਰ, ਸਿਮਰ ਕੌਰ, ਪ੍ਰਸੰਨਤਾ ਦੇਵੀ, ਨਰਿੰਦਰਪਾਲ ਕੌਰ, ਬਿਮਲਾ ਦੇਵੀ ਆਦਿ ਹਾਜ਼ਰ ਸਨ।



# ਪ੍ਰੈਸ਼ਰ ਹਾਰਨਾਂ ਨੇ ਲੋਕਾਂ ਦਾ ਜਿਊਣਾ ਕੀਤਾ ਦੁੱਭਰ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ ਸ਼ਹਿਰ ਅੰਦਰ ਅਤੇ ਆਸ ਪਾਸ ਦੇ ਖੇਤਰ ਵਿਚ ਵੱਜਦੇ ਪ੍ਰੈਸ਼ਰ ਹਾਰਨਾਂ ਨੇ ਲੋਕਾਂ ਦਾ ਜਿਊਣਾ ਮੋਹਾਲ ਕੀਤਾ ਹੋਇਆ ਹੈ। ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋਏ ਵਾਹਨ ਚਾਲਕਾਂ ਵਲੋਂ ਉਚੀ ਉਚੀ ਆਵਾਜ਼ ਵਿਚ ਪ੍ਰੈਸ਼ਰ ਹਾਰਨਾਂ ਦੀ ਵਰਤੋ ਕਰਕੇ ਜਿੱਥੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ ਉਥੇ ਹੀ ਸ਼ੋਰ ਪ੍ਰਦੂਸ਼ਣ ਵਿਚ ਵੀ ਹੋ ਰਿਹਾ ਵਾਧਾ ਚਿੰਤਾ ਦਾ ਵਿਸ਼ਾ ਹੈ। ਇਨ੍ਹਾਂ ਪ੍ਰੈਸ਼ਰ ਹਾਰਨ ਮਾਰਨ ਵਾਲਿਆਂ ਖ਼ਿਲਾਫ਼ ਪੁਲਿਸ ਪ੍ਰਸ਼ਾਸਨ ਵਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਕਰਕੇ ਲੋਕਾਂ ਦਾ ਪ੍ਰਸ਼ਾਸਨ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਪ੍ਰੈਸ਼ਰ ਹਾਰਨਾਂ ਦੀ ਆਵਾਜ਼ ਨੂੰ ਸ਼ਹਿਰ ਅੰਦਰ ਆਮ ਹੀ ਸੁਣਿਆ ਜਾਂਦਾ ਹੈ ਪਰ ਪੁਲਸ ਪ੍ਰਸ਼ਾਸਨ ਇਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਦਾ। ਉਨ੍ਹਾਂ ਕਿਹਾ ਹਸਪਤਾਲਾਂ ਨਜ਼ਦੀਕ ਵੱਜਦੇ ਇਨ੍ਹਾਂ ਪ੍ਰੈਸ਼ਰ ਹਾਰਨਾਂ ਕਾਰਨ ਮਰੀਜ਼ਾਂ ਦਾ ਕਾਫ਼ੀ ਬੁਰਾ ਹਾਲ ਕੀਤਾ ਪਿਆ ਹੈ। ਇਨ੍ਹਾਂ ਹਾਰਨਾਂ ਦੀ ਆਵਾਜ਼ ਜਿੱਥੇ ਪੇਪਰਾਂ ਦੀ ਤਿਆਰੀ ਕਰਦੇ ਵਿਦਿਆਰਥੀਆਂ ਨੂੰ ਪ੍ਰੇਸ਼ਾਨ ਕਰਦੀ ਹੈ ਉਥੇ ਹੀ ਦਿਲ ਦੇ ਮਰੀਜ਼ ਅਤੇ ਬਜ਼ੁਰਗਾਂ ਲਈ ਕਾਫ਼ੀ ਖ਼ਤਰਨਾਕ ਸਾਬਤ ਹੁੰਦੀ ਹੈ। ਵੱਡੇ ਵਾਹਨ ਚਾਲਕ ਜਿਵੇਂ ਬੱਸਾਂ ਅਤੇ ਟਰੱਕਾਂ ਵਾਲਿਆਂ ਵਲੋਂ ਇਨ੍ਹਾਂ ਹਾਰਨਾਂ ਦੀ ਵਰਤੋ ਲਗਾਤਾਰ ਕੀਤੀ ਜਾਂਦੀ ਹੈ। ਇਨ੍ਹਾਂ ਪ੍ਰੈਸ਼ਰ ਹਾਰਨਾਂ ਕਾਰਨ ਸ਼ੋਰ ਪ੍ਰਦੂਸ਼ਣ ਵਿਚ ਵੀ ਕਾਫ਼ੀ ਜਿਆਦਾ ਵਾਧਾ ਹੁੰਦਾ ਹੈ। ਵਾਤਾਵਰਣ ਪ੍ਰੇਮੀਆਂ ਦਾ ਕਹਿਣਾ ਹੈ ਕਿ ਸ਼ੋਰ ਪ੍ਰਦੂਸ਼ਣ ਵਧਣ ਤੋਂ ਰੋਕਣ ਲਈ ਉਚੀ-ਉਚੀ ਆਵਾਜ਼ ਵਿਚ ਵੱਜਦੇ ਪ੍ਰੈਸ਼ਰ ਹਾਰਨਾਂ ਤੋਂ ਇਲਾਵਾ ਲਾਊਡ ਸਪੀਕਰਾਂ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਹੋਣੇ ਚਾਹੀਦੇ ਹਨ। ਉਨ੍ਹਾਂ ਜਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਉਚੀ ਉਚੀ ਆਵਾਜ਼ ਵਿਚ ਪ੍ਰੈਸ਼ਰ ਹਾਰਨ ਵਜਾਉਣ ਵਾਲੇ ਵਾਹਨ ਚਾਲਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਸ਼ੋਰ ਪ੍ਰਦੂਸ਼ਣ ਵਿਚ ਹੋ ਰਹੇ ਵਾਧੇ ਨੂੰ ਰੋਕਣ ਤੋਂ ਇਲਾਵਾ ਲੋਕਾਂ ਨੂੰ ਆ ਰਹੀ ਇਸ ਪ੍ਰੇਸ਼ਾਨੀ ਤੋਂ ਨਿਜ਼ਾਤ ਮਿਲ ਸਕੇ।

## ਗੁ. ਬੀੜ ਬਾਬਾ ਬੁੱਢਾ ਸਾਹਿਬ ਦੀ ਕਾਰ ਪਾਰਕਿੰਗ 'ਚ ਇੰਟਰਲੌਕ ਟਾਇਲਾਂ ਦੀ ਸੇਵਾ ਸ਼ੁਰੂ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਨਵੀਂ ਬਣੀ ਕਾਰ ਪਾਰਕਿੰਗ ਵਿਚ ਇੰਟਰਲੌਕ ਟਾਇਲਾਂ ਲਗਾਉਣ ਦੀ ਸੇਵਾ ਅੱਜ ਤੋਂ ਸ਼ੁਰੂ ਹੋਗਈ ਹੈ। ਬਾਬਾ ਸੁਬੇਗ ਸਿੰਘ ਕਾਰ ਸੇਵਾ ਗੋਇੰਦਵਾਲ ਵਾਲੇ ਅਤੇ ਮੈਨੇਜਰ ਰਾਜਿੰਦਰ ਸਿੰਘ ਟੌਹੜਾ, ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਵਲੋਂ ਅਰਦਾਸ ਕਰਨ ਉਪਰੰਤ ਬਾਬਾ ਸੁਬੇਗ ਸਿੰਘ ਗੋਇੰਦਵਾਲ ਵਾਲੇ, ਮੈਨੇਜਰ ਰਾਜਿੰਦਰ ਸਿੰਘ ਟੌਹੜਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੀਂ ਕਾਰ ਪਾਰਕਿੰਗ ਬਣਾਉਣ ਲਈ ਸੰਗਤਾਂ ਨੂੰ ਅਪੀਲ ਕਰਦੇ ਹਾਂ ਕਿ ਚੱਲ ਰਹੀ ਇਸ ਸੇਵਾ ਵਿੱਚ ਹਿੱਸਾ ਪਾਉਣ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਸ ਮੌਕੇ ਮੀਤ ਮੈਨੇਜਰ ਅਜੈ ਸਿੰਘ, ਬਿਕਰਮਜੀਤ ਸਿੰਘ, ਰਿਕਾਰਡ ਕੀਪਰ ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਲੰਗਰ ਇੰਚਾਰਜ ਰੇਸ਼ਮ ਸਿੰਘ, ਗੁਰਬਿੰਦਰ ਸਿੰਘ, ਜਥੇਦਾਰ ਬਲਕਾਰ ਸਿੰਘ ਬਘਿਆੜੀ, ਬਾਬਾ ਅਮਰ ਸਿੰਘ, ਬਾਬਾ ਅਮਰੀਕ ਸਿੰਘ ਦੋ ਕਰੋੜੀ ਬਾਬਾ ਪਿੰਦੂ, ਗੁਰਪ੍ਰੀਤ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਿਕਰਮਜੀਤ ਸਿੰਘ ਰੰਧਾਵਾ ਕਸੇਲ ਅਤੇ ਬਹੁਤ ਸਾਰੀ ਸੰਗਤ ਹਾਜ਼ਰ ਸੀ।

# ਰਮਨ ਬਹਿਲ ਨੇ ਡੇਰਾ ਬਾਬਾ ਨਾਨਕ ਰੋਡ 'ਤੇ ਲੁੱਕ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ



**ਗੁਰਦਾਸਪੁਰ, (ਦਿਨੇਸ਼ ਕੁਮਾਰ)** ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਗੁਰਦਾਸਪੁਰ ਸ਼ਹਿਰ ਵਿੱਚ ਸਥਿਤ ਡੇਰਾ ਬਾਬਾ ਨਾਨਕ ਰੋਡ ਤੋਂ ਨਬੀਪੁਰ ਬਾਈਪਾਸ ਤੱਕ ਸੜਕ ਉੱਪਰ ਲੁੱਕ ਪਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਸੜਕ ਉੱਪਰ ਲੁੱਕ ਪਾਉਣ ਦੇ ਇਸ ਕੰਮ ਨੂੰ ਤਿੰਨ ਦਿਨ ਵਿੱਚ ਮੁਕੰਮਲ ਕਰ ਲਿਆ ਜਾਵੇਗਾ।

ਸੜਕ ਉੱਪਰ ਲੁੱਕ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਨ ਮੌਕੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਕਾਹਨੂੰਵਾਨ ਚੌਂਕ ਤੋਂ ਡੇਰਾ ਬਾਬਾ ਨਾਨਕ ਰੋਡ ਰਾਹੀਂ ਨਬੀਪੁਰ ਬਾਈਪਾਸ ਤੱਕ ਸੜਕ ਅਤੇ ਨਾਲ ਹੀ ਨਬੀਪੁਰ ਬਾਈਪਾਸ ਦੀ ਸੜਕ ਦੀ ਕੁੱਲ ਲੰਬਾਈ 6 ਕਿੱਲੋਮੀਟਰ ਬਣਦੀ ਹੈ ਅਤੇ ਇਸ ਸੜਕ ਉੱਪਰ 3.21 ਕਰੋੜ ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 4 ਕਿੱਲੋਮੀਟਰ ਨਬੀਪੁਰ ਬਾਈਪਾਸ ਦੀ ਸੜਕ ਉੱਪਰ ਲੁੱਕ ਪਾਉਣ ਦਾ ਕੰਮ ਪਹਿਲਾਂ ਹੀ ਮੁਕੰਮਲ ਕਰ ਲਿਆ ਗਿਆ ਅਤੇ ਨਬੀਪੁਰ ਬਾਈਪਾਸ ਤੋਂ ਸ਼ਹਿਰ ਵੱਲ ਨੂੰ ਡੇਰਾ ਬਾਬਾ ਨਾਨਕ ਰੋਡ ਦੇ ਦੋ ਕਿੱਲੋਮੀਟਰ ਟੋਟੇ ਉੱਪਰ ਵੀ ਲੁੱਕ ਪਾਉਣ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਲੁੱਕ ਪਾਉਣ ਦੇ ਇਸ ਕੰਮ ਨੂੰ 3 ਦਿਨਾਂ ਵਿੱਚ ਸੰਗ ਯਾਤਰਾ ਆਉਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇਗਾ।ਇਸ ਮੌਕੇ ਰਮਨ ਬਹਿਲ ਦੇ ਨਾਲ ਮਾਰਕਿਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸ੍ਰੀ ਭਾਰਤ ਭੂਸ਼ਨ ਸ਼ਰਮਾ ਤੋਂ ਇਲਾਵਾ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਅਤੇ ਇਲਾਕੇ ਦੇ ਮੋਹਤਬਰ ਹਾਜ਼ਰ ਸਨ।

# ਬੀਬੀ ਸੇਖਵਾਂ ਨੇ ਪਿੰਡ ਮਾਲੀ ਸਮਰਾਏ, ਖੁੰਡਾ ਤੇ ਖੁੰਡੀ 'ਚ ਜਨ-ਸੁਵਿਧਾ ਕੈਂਪਾਂ ਦਾ ਜਾਇਜ਼ਾ ਲਿਆ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

'ਆਪ ਦੀ ਸਰਕਾਰ, ਆਪ ਦੇ ਦੁਆਰ' ਤਹਿਤ ਬਲਾਕ ਧਾਰੀਵਾਲ ਦੇ ਪਿੰਡ ਮਾਲੀ ਸਮਰਾਏ, ਖੁੰਡਾ ਅਤੇ ਖੁੰਡੀ ਵਿੱਚ ਆਪ ਦੇ ਬਲਾਕ ਪ੍ਰਧਾਨ ਅਤੇ ਨੈਸ਼ਨਲ ਐਵਾਰਡੀ ਸਰਪੰਚ ਅਤੇ ਜਤਿੰਦਰ ਕੌਰ ਖੁੰਡੀ ਅਤੇ ਮਾਰਕੀਟ ਕਮੇਟੀ ਧਾਰੀਵਾਲ ਦੇ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ ਖੁੰਡਾ ਦੀ ਅਗਵਾਈ ਹੇਠ ਜਨ ਕਲਿਆਣ ਸੁਵਿਧਾ ਕੈਂਪ ਲਗਾਏ ਗਏ। ਇਨ੍ਹਾਂ ਕੈਂਪਾਂ ਦੌਰਾਨ ਨਾਇਬ ਤਹਿਸੀਲਦਾਰ ਧਾਰੀਵਾਲ ਅਸ਼ਵਨੀ ਕੁਮਾਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਲੋਕਾਂ ਨੂੰ 43 ਕਿਸਮ ਦੀਆਂ ਸੇਵਾਵਾਂ ਮੁਹੱਈਆਂ ਕਰਵਾਈਆਂ ਗਈਆਂ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੇ ਮਾਤਾ ਬੀਬੀ ਅਮਰਜੀਤ ਕੌਰ ਸੇਖਵਾਂ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਕੈਂਪਾਂ ਦਾ ਜਾਇਜ਼ਾ ਲਿਆ ਅਤੇ ਲਾਭਪਾਤਰੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਬੀਬੀ ਅਮਰਜੀਤ ਕੌਰ ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਮੁਹਿੰਮ ਨਾਲ ਆਮ ਲੋਕਾਂ ਦੀ ਸਰਕਾਰੀ ਦਫਤਰਾਂ ਵਿੱਚ ਖੱਜਲ-ਖੁਵਾਰੀ ਨਹੀਂ ਹੋਵੇਗੀ ਅਤੇ ਸਮੇਂ ਬਚਤ ਹੋਵੇਗੀ। ਬੀਬੀ ਅਮਰਜੀਤ ਕੌਰ ਨੇ ਕਿਹਾ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਪੰਜਾਬ ਦੀਆਂ 13 ਸੀਟਾਂ ਤੇ ਸ਼ਾਨਦਾਰ ਜਿੱਤ ਹਾਸਿਲ ਕਰੇਗੀ। ਪਿੰਡ ਖੁੰਡਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰ. ਜਤਿੰਦਰ ਡੋਗਰਾ ਵੱਲੋਂ ਬੀਬੀ ਅਮਰਜੀਤ ਕੌਰ ਸੇਖਵਾਂ ਨੂੰ ਫੁੱਲਾਂ ਦਾ ਬੁੱਕਾ ਭੇਟ ਕਰਕੇ ਸਵਾਗਤ ਕੀਤਾ ਗਿਆ। ਸਰਪੰਚ ਜਤਿੰਦਰ ਕੌਰ ਖੁੰਡੀ ਅਤੇ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ ਨੇ ਕਿਹਾ ਜਨ ਸੁਵਿਧਾ ਕੈਂਪ ਲਗਾਉਣ ਨਾਲ ਆਮ ਜਨਤਾ ਦਾ ਵਿਸ਼ਵਾਸ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਤੇ ਹੋਰ ਮਜ਼ਬੂਤ ਹੋਇਆ ਹੈ ਜਿਸ ਦਾ ਅਸਰ ਆਉਣ ਵਾਲੀਆਂ ਲੋਕ ਸਭਾ ਚੋਣਾ ਵਿੱਚ ਦਿਖਾਈ ਦੇਵੇਗਾ ਅਤੇ ਲੋਕ ਆਪ ਦੇ ਹੱਕ ਵਿੱਚ ਫੱਤਵਾ ਦੇਣਗੇ। ਇਸ ਮੌਕੇ ਪਿੰਡ ਖੁੰਡੀ ਦੇ ਪੰਚ ਜਗੀਰ, ਪੰਚ ਬੱਬਲੀ, ਪੰਚ ਮੇਜਰ ਸਿੰਘ, ਸਤਨਾਮ ਸਿੰਘ, ਦਿਲਬਾਗ ਸਿੰਘ, ਕੰਵਲਜੀਤ ਸਿੰਘ, ਰਮਨਦੀਪ ਕੌਰ, ਗੁਰਮੀਤ ਸਿੰਘ, ਗੁਰਵਿੰਦਰਪਾਲ ਸਿੰਘ, ਪਿੰਡ ਖੁੰਡਾ ਦੇ ਸਤਨਾਮ ਸਿੰਘ ਪ੍ਰਧਾਨ, ਤਰਸੇਮ ਸਿੰਘ, ਮਾਸਟਰ ਕਮਲ, ਸੁਖਦੇਵ ਸਿੰਘ ਸੋਖੀ, ਬਾਬਾ ਲਖਵਿੰਦਰ ਸਿੰਘ, ਪਿੰਡ ਮਾਲੀ ਸਰਾਂ ਦੇ ਬਲਕਾਰ ਸਿੰਘ, ਹਰਦੇਵ ਸਿੰਘ ਬੀਕੇਯੂ, ਰਵਿੰਦਰ ਸਿੰਘ, ਜੁਗਰਾਜ ਸਿੰਘ, ਨਿਸ਼ਾਨ ਸਿੰਘ, ਅਵਤਾਰ ਆਦਿ ਹਾਜ਼ਰ ਸਨ।



# ਇਲੈਕਸ਼ਨ ਐਕਸਪੈਂਡੀਚਰ ਮੋਨੀਟਰਿੰਗ ਕਮੇਟੀ ਨੂੰ ਦਿੱਤੀ ਸਿਖਲਾਈ




**ਗੁਰਦਾਸਪੁਰ (ਜਨਕ ਮਹਾਜਨ, ਦਨੇਸ਼ ਕੁਮਾਰ)**-ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅਧਿਕਾਰੀ ਹੁਣੇ ਤੋਂ ਯੋਜਨਾਬੱਧ ਢੰਗ ਨਾਲ ਅਗੇਤਰੇ ਕੰਮਾਂ ਨੂੰ ਨਿਪਟਾਉਣਾ ਯਕੀਨੀ ਬਣਾਉਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਸੁਭਾਸ਼ ਚੰਦਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿਖੇ ਅਗਾਮੀ ਲੋਕ ਸਭਾ ਚੋਣਾਂ ਲਈ ਖਰਚਾ ਕਮੇਟੀ ਦੇ ਸਿਖਲਾਈ ਸੈਸ਼ਨ ਦੌਰਾਨ ਕੀਤਾ।ਉਨ੍ਹਾਂ ਅਧਿਕਾਰੀਆਂ ਨੂੰ ਚੋਣ ਪ੍ਰਕਿਰਿਆ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਅਧਿਕਾਰੀ ਚੋਣ ਪ੍ਰਕਿਰਿਆ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਮਿਹਨਤ, ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਨ।ਉਨ੍ਹਾਂ ਕਿਹਾ ਕਿ ਹਰ ਕਮੇਟੀ ਚੋਣਾਂ ਦੌਰਾਨ ਆਪਣੇ ਰੋਲ ਅਤੇ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਸਮਝ ਲਵੇ ਤਾਂ ਜੋ ਸੁਚਾਰੂ ਢੰਗ ਨਾਲ ਚੋਣ ਅਮਲ ਨੂੰ ਨੇਪਰੇ ਚਾੜ੍ਹਿਆ ਜਾ ਸਕੇ।ਅੱਜ ਦੇ ਸਿਖਲਾਈ ਸੈਸ਼ਨ ਦੌਰਾਨ ਇਲੈਕਸ਼ਨ ਐਕਸਪੈਂਡੀਚਰ ਮੋਨੀਟਰਿੰਗ ਕਮੇਟੀ ਦੀ ਸਿਖਲਾਈ ਲਗਾਈ ਗਈ, ਜਿਸ ਵਿੱਚ ਇਸ ਨੋਡਲ ਕਮੇਟੀ ਦੇ ਨੋਡਲ ਅਫ਼ਸਰ ਡੀਡੀਪੀਓ ਸਤੀਸ਼ ਕੁਮਾਰ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਚੋਣਾਂ ਦੌਰਾਨ ਕੀਤੇ ਜਾਣ ਵਾਲੇ ਖਰਚੇ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।ਉਨ੍ਹਾਂ ਨੇ ਅਧਿਕਾਰੀਆਂ ਨੂੰ ਚੋਣ ਖਰਚਾ ਦਰਜ ਕਰਨ ਬਾਰੇ ਵੀ ਦੱਸਿਆ ਗਿਆ। ਇਸ ਮੌਕੇ ਇਲੈਕਸ਼ਨ ਤਹਿਸੀਲਦਾਰ ਮਨਜਿੰਦਰ ਸਿੰਘ ਬਾਜਵਾ ਤੋਂ ਇਲਾਵਾ ਹੋਰ ਵਿਭਾਗੀ ਅਧਿਕਾਰੀ ਵੀ ਮੌਜੂਦ ਸਨ।

## ਸੁਖਜਿੰਦਰਾ ਗਰੁੱਪ ਆਫ਼ ਇੰਸਟੀਚਿਊਟ 'ਚ ਬਣੇਗਾ ਕਾਊਂਟਿੰਗ ਸੈਂਟਰ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੁਖਜਿੰਦਰਾ ਗਰੁੱਪ ਆਫ਼ ਇੰਸਟੀਚਿਊਟ ਗੁਰਦਾਸਪੁਰ ਵਿਖੇ ਕਾਊਂਟਿੰਗ ਸੈਂਟਰ ਸਥਾਪਤ ਕੀਤਾ ਜਾਵੇਗਾ।

ਇਸ ਕਾਊਂਟਿੰਗ ਸੈਂਟਰ ਦੀ ਇਮਾਰਤ ਦਾ ਮੁਆਇਨਾ ਕਰਨ ਦੇ ਨਾਲ ਓਥੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਐੱਸਐੱਸਪੀ ਗੁਰਦਾਸਪੁਰ ਹਰੀਸ਼ ਦਾਯਮਾ, ਐੱਸਐੱਸਪੀ ਬਟਾਲਾ ਮੈਡਮ ਅਸ਼ਵਨੀ ਗੋਟਿਆਲ, ਵਧੀਕ ਡਿਪਟੀ ਕਮਿਸ਼ਨਰ ਸੁਭਾਸ਼ ਚੰਦਰ, ਚੋਣ ਤਹਿਸੀਲਦਾਰ ਮਨਜਿੰਦਰ ਸਿੰਘ ਬਾਜਵਾ ਅਤੇ ਜ਼ਿਲ੍ਹੇ ਦੇ ਸਮੂਹ ਈਆਰਓਜ਼ ਨਾਲ ਸੁਖਜਿੰਦਰਾ ਗਰੁੱਪ ਆਫ਼ ਇੰਸਟੀਚਿਊਟ ਦਾ ਦੌਰਾ ਕੀਤਾ ਗਿਆ।

# ਖ਼ਾਲਸਾ ਕਾਲਜ ਅਧੀਨ ਵਿੱਦਿਅਕ ਅਦਾਰਿਆਂ ਨੇ ਮਾਂ ਬੋਲੀ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**

ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਵਿੱਦਿਅਕ ਅਦਾਰੇ ਖ਼ਾਲਸਾ ਕਾਲਜ ਫ਼ਾਰ ਵੂਮੈਨ ਅਤੇ ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ। ਕਾਲਜ ਪ੍ਰਿੰ. ਡਾ. ਸੁਰਿੰਦਰ ਕੌਰ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਪ੍ਰੋਗਰਾਮ ਮੌਕੇ ਪੰਜਾਬੀ ਸਾਹਿਤ ਜਗਤ ਦੀ ਪ੍ਰਸਿੱਧ ਹਸਤੀ ਅਰਤਿੰਦਰ ਕੌਰ ਸੰਧੂ ਨੇ ਪ੍ਰਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ ਜਦਕਿ ਸਕੂਲ ਪ੍ਰਿੰ: ਪੁਨੀਤ ਕੌਰ ਨਾਗਪਾਲ ਨੇ ਉਕਤ ਦਿਵਸ ਦੀ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਆਪਣੀ ਮਾਤ-ਭਾਸ਼ਾ ਪੰਜਾਬੀ ਨੂੰ ਅਪਨਾਉਣ ਤੇ ਇਸ ਦੇ ਮਾਣ ਨੂੰ ਵਧਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜੀਵਨ 'ਚ ਹੋਰ ਭਾਸ਼ਾਵਾਂ ਸਿੱਖਣਾ ਚੰਗੀ ਗੱਲ ਹੈ ਪਰ ਆਪਣੀ ਮਾਤ ਭਾਸ਼ਾ ਤੋਂ ਬੇਮੁੱਖ ਹੋਣਾ ਬਹੁਤ ਹੀ ਮਾੜੀ ਗੱਲ ਹੈ। ਮਾਤ ਭਾਸ਼ਾ ਦੁਆਰਾ ਹੀ ਅਸੀਂ ਆਪਣੇ ਵਿਚਾਰਾਂ ਨੂੰ ਦੂਸਰਿਆਂ ਨਾਲ ਚੰਗੇ ਤਰੀਕੇ ਨਾਲ ਸਾਂਝਿਆਂ ਕਰ ਸਕਦੇ ਹਾਂ। ਉਨ੍ਹਾਂ ਮਾਤ-ਭਾਸ਼ਾ ਤੋਂ ਦੂਰ ਹੋਣ ਤੋਂ ਭਾਵ ਆਪਣੀਆਂ ਜੜ੍ਹਾਂ, ਸੱਭਿਆਚਾਰ ਤੋਂ ਟੁੱਟਣਾ ਹੈ। ਇਸ ਮੌਕੇ ਕਵਿਤਾ ਉਚਾਰਨ, ਗੀਤ-ਗਾਇਨ, ਮੁਹਾਰਨੀ ਉਚਾਰਨ, ਚਾਰਟ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ। ਪ੍ਰਿੰ: ਡਾ. ਸੁਰਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਪੰਜਾਬੀ ਵਿਭਾਗ ਦੀਆਂ ਵਿਦਿਆਰਥਣਾਂ ਨੂੰ ਸ਼ੁਭ ਇੱਛਾਵਾਂ ਦਿੱਤੀਆਂ। ਭਾਸ਼ਾ ਅਤੇ ਸਾਹਿਤ ਪ੍ਰਤੀ ਰੁਚੀ ਪੈਦਾ ਕਰਨ ਲਈ ਲੇਖ ਮੁਕਾਬਲੇ, ਕਵਿਤਾ ਮੁਕਾਬਲੇ, ਕਹਾਣੀ ਮੁਕਾਬਲੇ ਅਤੇ ਸਲੋਗਨ ਲਿਖਤ ਮੁਕਾਬਲੇ ਕਰਵਾਏ ਗਏ ਜਿਸ 'ਚ ਜੇਤੂ ਵਿਦਿਆਰਥਣਾਂ ਨੂੰ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਵਿਭਾਗ ਮੁਖੀ ਰਵਿੰਦਰ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਵਿਦਿਆਥਣਾਂ ਨੂੰ ਭਾਸ਼ਾ ਦੀ ਪ੍ਰਫੁੱਲਤਾ ਲਈ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਗੱਲ ਕੀਤੀ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਡਾ. ਪ੍ਰਦੀਪ ਕੌਰ ਨੇ ਨਿਭਾਈ। ਇਸ ਮੌਕੇ ਚੰਚਲ ਬਾਲਾ, ਕਮਲਜੀਤ ਕੌਰ ਤੇ ਹੋਰ ਸਟਾਫ਼ ਤੇ ਵਿਦਿਆਰਥਣਾਂ ਹਾਜ਼ਰ ਸਨ।

# ਰੰਧਾਵਾ ਨੂੰ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਪਿੰਡ ਵਾਸੀਆਂ ਵੱਲੋਂ ਨਿੱਘਾ ਸਵਾਗਤ



**ਡੇਰਾ ਬਾਬਾ ਨਾਨਕ (ਰਮੇਸ ਸ਼ਰਮਾ)** ਬੀਤੇ ਦਿਨ ਪੰਜਾਬ ਸਰਕਾਰ ਵੱਲੋਂ ਹਲਕਾ ਡੇਰਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਮੀਡੀਅਮ ਇੰਡਸਟਰੀ ਡਿਵੈਲਪਮੈਂਟ ਬੋਰਡ ਦਾ ਸੀਨੀਅਰ ਵਾਈਸ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਬੀਤੀ ਰਾਤ ਉਹਨਾਂ ਦੇ ਆਪਣੇ ਗ੍ਰਹਿ ਪਿੰਡ ਸਾਹਪੁਰ ਜਾਜਨ ਪਹੁੰਚਣ 'ਤੇ ਸੀਨੀਅਰ ਯੂਥ ਆਗੂ ਤਜਿੰਦਰ ਸਿੰਘ ਮਾਨ ਦੀ ਅਗਵਾਈ ਹੇਠ ਵੱਡੀ ਗਿਣਤੀ 'ਚ ਪਿੰਡ ਵਾਸੀਆਂ ਨੇ ਗੁਰੂ ਘਰ ਦੀ ਬਖ਼ਸ਼ਿਸ਼ ਸਿਰਪਾਉ ਸਾਹਿਬ ਅਤੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸੀਨੀਅਰ ਯੂਥ ਆਗੂ ਤੇਜਿੰਦਰ ਸਿੰਘ ਮਾਨ ਵੱਲੋਂ ਗੁਰਦੀਪ ਸਿੰਘ ਰੰਧਾਵਾ ਤੇ ਪੂਰੇ ਪਰਵਾਰ ਨੂੰ ਵਧਾਈ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਸਮੇਤ ਪੂਰੀ ਸਰਕਾਰ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਜੋਗਿੰਦਰ ਸਿੰਘ ਚੰਡੀਗੜ੍ਹ, ਗੁਰਵਿੰਦਰ ਸਿੰਘ, ਬਲਦੇਵ ਸਿੰਘ ਬੱਲੀ, ਚੰਨਣ ਸਿੰਘ ਪਹਿਲਵਾਨ, ਬਾਬਾ ਹਰਜੀਤ ਲਾਲ, ਸਾਬਕਾ ਸਰਪੰਚ ਰਜਿੰਦਰ ਕੁਮਾਰ, ਜਗਰੂਪ ਸਿੰਘ ਪੱਡਾ, ਸਾਬਕਾ ਮੈਂਬਰ ਮਨਜੀਤ ਸਿੰਘ, ਰਾਜੂ ਮਸੀਹ, ਗੁਰਮੇਜ ਸਿੰਘ ਕਾਲਾ ਡੋਗਰ, ਨਥਾਨੀਅਲ ਮਸੀਹ ਤੋਂ ਇਲਾਵਾ ਹੋਰ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

## ਸ਼ਿਵਰਾਤਰੀ ਮੇਲੇ ਸਬੰਧੀ ਕਲਾਨੌਰ 'ਚ ਪ੍ਰਭਾਤ ਫੇਰੀਆਂ ਦਾ ਸਿਲਸਿਲਾ ਜਾਰੀ




**ਕਲਾਨੌਰ, (ਮਨਦੀਪ ਕੋਹਲੀ)**-ਕਸਬਾ ਕਲਾਨੌਰ ਵਿੱਚ 8 ਮਾਰਚ ਨੂੰ ਵਿਸ਼ਵ ਪ੍ਰਸਿੱਧ ਸ਼ਿਵਰਾਤਰੀ ਮੇਲੇ ਸਬੰਧੀ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ। ਸ਼ਿਵ ਮੰਦਰ ਸ਼ਿਵਾਲਾ ਕਮੇਟੀ ਦੇ ਪ੍ਰਧਾਨ ਅਮਰਜੀਤ ਖੁੱਲਰ ਦੀ ਅਗਵਾਈ ਵਿੱਚ ਇਹ ਪ੍ਰਭਾਤ ਫੇਰੀਆਂ 24 ਫਰਵਰੀ ਤੋਂ ਆਰੰਭ ਕੀਤੀਆਂ ਗਈਆਂ ਹਨ ਜਿਸ ਵਿੱਚ ਸ਼ਿਵ ਭਗਤ ਸੈਂਕੜਿਆਂ ਦੀ ਗਿਣਤੀ ਵਿੱਚ ਪ੍ਰਭਾਤ ਫੇਰੀ ਦਾ ਹਿੱਸਾ ਬਣਦੇ ਹਨ ਅਤੇ ਸ਼ਿਵ ਭੋਲੇ ਦਾ ਗੁਣਗਾਨ ਕਰਦੇ ਹਨ। ਪ੍ਰਧਾਨ ਅਮਰਜੀਤ ਖੁੱਲਰ ਨੇ ਕਿਹਾ ਕਿ ਪ੍ਰਭਾਤ ਫੇਰੀਆਂ ਤੋਂ ਬਾਅਦ ਛੇ ਤਰੀਕ ਨੂੰ ਕਲਾਨੌਰ ਸ਼ਹਿਰ ਵਿੱਚ ਜਾਗੋ ਕੱਢੀ ਜਾਵੇਗੀ ਅਤੇ 7 ਤਰੀਕ ਨੂੰ ਸ਼ੋਭਾ ਯਾਤਰਾ ਸਜਾਈ ਜਾਵੇਗੀ ਅਤੇ 8 ਮਾਰਚ ਵਾਲੇ ਦਿਨ ਸ਼ਿਵਰਾਤਰੀ ਦਾ ਮੇਲਾ ਜਿਸ ਵਿੱਚ ਕਿ ਲੋਕ ਕਲਾਨੌਰ ਸ਼ਹਿਰ ਹੀ ਨਹੀਂ ਸਗੋਂ ਦੇਸ਼ਾਂ-ਵਿਦੇਸ਼ਾਂ ਤੋਂ ਵੀ ਉਚੇਚੇ ਤੌਰ ਤੇ ਪਹੁੰਚਦੇ ਹਨ ਕਿਉਂਕਿ ਇਸ ਮੰਦਰ ਦੀ ਬਹੁਤ ਹੀ ਮਹਾਨਤਾ ਹੈ। ਸ਼ਿਵ ਭਗਤ ਭੋਲੇ ਸ਼ੰਕਰ ਦੇ ਦਰਸ਼ਨ ਕਰਨ ਲਈ ਆਉਂਦੇ ਹਨ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੰਦਰ ਕਮੇਟੀ ਦੇ ਪ੍ਰਧਾਨ ਅਮਰਜੀਤ ਖੁੱਲਰ, ਮੰਗਤ ਰਾਮ, ਬੌਬੀ ਵਿੱਗ, ਕੁਲਵਿੰਦਰ ਲਾਡਾ, ਸੈਰੀ ਸਿੰਘ, ਗੋਪੀ ਬਲਹੋਤਰਾ, ਰਾਘਵ ਬੇਦੀ, ਕਰਨ ਅਗਰਵਾਲ, ਪੰਕਜ ਜੋਸ਼ੀ, ਬੱਬਲ ਤੁੱਲੀ, ਸੰਜੀਵ ਤੁੱਲੀ, ਜੀਆ ਲਾਲ ਵਰਮਾ, ਦੀਪਕ ਵਰਮਾ, ਹਰੀ ਪ੍ਰਸਾਦ, ਜਗਦੀਪ ਕੁਮਾਰ, ਪ੍ਰਮੋਦ ਮੈਹਰਾ, ਸ਼ੁਭਮ ਕੁਮਾਰ, ਰਜਤ ਸ਼ਰਮਾ, ਕਾਕਾ ਖੁੱਲਰ, ਪੱਪੂ ਖੁੱਲਰ ਆਦਿ ਤੋਂ ਇਲਾਵਾ ਸ਼ੰਕਰ ਭੋਲੇ ਦੇ ਭਗਤ ਹਾਜ਼ਰ ਸਨ।

ਨਵਾਂ ਜ਼ਮਾਨਾ

ਸ਼ੁੱਕਰਵਾਰ, 1 ਮਾਰਚ 2024

# ਇਹ ਹੈ ਰਾਮ ਰਾਜ

ਲੋਕ ਸਭਾ ਚੋਣਾਂ ਵਿੱਚ 400 ਦਾ ਟੀਚਾ ਪਾਰ ਕਰਨ ਲਈ ਹਾਕਮਾਂ ਨੇ ਸਾਰੀਆਂ ਚਾਲਾਂ-ਕੁਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ ਹਨ। ਵਿਰੋਧੀ ਪਾਰਟੀਆਂ ਅੰਦਰ ਸੰਨ੍ਹ ਲਾਉਣ ਲਈ ਇਹ ਵੀ ਨਹੀਂ ਦੇਖਿਆ ਜਾ ਰਿਹਾ ਕਿ ਜਿਸ ਨੂੰ ਬੁੱਕਲ 'ਚ ਲੈ ਰਹੇ ਹਨ, ਉਹ ਚੋਰ-ਡਾਕੂ ਹੈ ਜਾਂ ਸਾਧ, ਬਸ ਇੱਕੋ ਨੀਤੀ ਹੈ ਕਿ ਦੇਸ਼ ਭਰ ਵਿੱਚ ਅਜਿਹੀ ਹਵਾ ਬੰਨ੍ਹੀ ਜਾਵੇ, ਜਿਸ ਤੋਂ ਲੱਗੇ ਕਿ ਸਿਆਸਤ ਦੇ ਮੈਦਾਨ ਵਿੱਚ ਭਾਜਪਾ ਤੋਂ ਬਿਨਾਂ ਹੋਰ ਕੋਈ ਧਿਰ ਬਚੀ ਹੀ ਨਹੀਂ। ਇਸ ਕਾਰਜ ਨੂੰ ਪੂਰਾ ਕਰਨ ਲਈ ਈ ਡੀ ਤੇ ਸੀ ਬੀ ਆਈ ਪੱਬਾਂ ਭਾਰ ਹੋਈਆਂ ਲਗਾਤਾਰ ਓਵਰ ਟਾਈਮ ਕਰ ਰਹੀਆਂ ਹਨ।

ਹਵਾ ਬੰਨ੍ਹਣ ਵਿੱਚ ਭਾਜਪਾ ਦੀ ਮੁੱਖ ਟੇਕ ਗੋਦੀ ਮੀਡੀਆ 'ਤੇ ਹੈ। ਉਹ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਅ ਰਿਹਾ ਹੈ। ਮੋਦੀ ਦਾ ਮਾਸਟਰ ਸਟ੍ਰੋਕ, 'ਇੰਡੀਆ' ਬਿਖਰਨਾ ਸ਼ੁਰੂ, 'ਹਿਮਾਚਲ 'ਚ ਕਾਂਗਰਸ ਗਈ, ਸਮਾਜਵਾਦੀ ਪਾਰਟੀ ਟੁੱਟਣ ਕੰਢੇ, ਜਿਹੇ ਹੈਡਿੰਗਾਂ ਰਾਹੀਂ ਵਿਰੋਧੀ ਧਿਰਾਂ ਨੂੰ ਭੰਡਣ-ਛੰਡਣ ਦਾ ਸਿਲਸਲਾ ਤਾਂ ਪਿਛਲੇ ਦਸਾਂ ਸਾਲਾਂ ਤੋਂ ਹੀ ਚੱਲ ਰਿਹਾ ਹੈ, ਹੁਣ ਇਸ ਦਲਾਲ ਮੀਡੀਏ ਨੇ ਸਮਾਜ ਅੰਦਰ ਵਾਪਰਦੇ ਨਾਂਹਪੱਖੀ ਵਰਤਾਰਿਆਂ ਵੱਲੋਂ ਵੀ ਅੱਖਾਂ ਮੀਟਣੀਆਂ ਸ਼ੁਰੂ ਕਰ ਦਿੱਤੀਆਂ ਹਨ। ਉਸ ਦਾ ਇੱਕੋ-ਇੱਕ ਮਕਸਦ ਹੈ ਕਿ ਲੋਕਾਂ ਨੂੰ ਸਭ ਕੁਝ ਹਰਾ-ਹਰਾ ਹੀ ਦਿਸੇ।

ਪਿਛਲੇ ਮਹੀਨੇ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਰਾਮ ਲੱਲਾ' ਦੀ ਮੂਰਤੀ ਅੰਦਰ ਪ੍ਰਾਣ ਪਾਏ ਸਨ, ਉਸੇ ਦਿਨ ਤੋਂ ਹੀ ਮੀਡੀਆ ਨੇ ਸੋਚ ਲਿਆ ਸੀ ਕਿ ਹੁਣ ਰਾਮ ਰਾਜ ਆ ਚੁੱਕਾ ਹੈ। ਰਾਮ ਰਾਜ ਵਿੱਚ ਤਾਂ ਕੋਈ ਗਲਤ ਕੰਮ ਹੋ ਹੀ ਨਹੀਂ ਸਕਦਾ, ਜੋ ਹੋ ਰਿਹਾ ਹੈ, ਉਹ ਰਾਮ ਦੀ ਕ੍ਰਿਪਾ ਨਾਲ ਹੋ ਰਿਹਾ ਹੈ, ਇਸ ਲਈ ਉਸ ਨੂੰ ਗਲਤ ਕਹਿਣਾ ਵੀ ਪਾਪ ਹੈ। ਇਸੇ ਸੋਚ ਅਧੀਨ ਗੋਦੀ ਮੀਡੀਆ ਨੇ ਅਯੁੱਧਿਆ ਵਿੱਚ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਦੌਰਾਨ ਜੋ ਵਾਪਰਿਆ, ਉਸ ਪਾਸਿਓਂ ਅੱਖਾਂ ਮੀਟ ਲਈਆਂ ਸਨ। ਉਸ ਦਿਨ 'ਰਾਮ ਲੱਲਾ' ਦੇ ਦਰਸ਼ਨ ਕਰਨ ਲਈ ਆਈ ਭੀੜ ਨੇ ਸਾਰੇ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ ਸੀ। ਇਸ ਮੌਕੇ ਹੋਈ ਧੱਕਾਮੁੱਕੀ ਵਿੱਚ ਦਰਜਨਾਂ ਵਿਅਕਤੀ ਜ਼ਖ਼ਮੀ ਹੋ ਗਏ ਸਨ। ਬਿਹਾਰ ਤੋਂ ਆਈ 45 ਸਾਲਾ ਚੁੰਨੀ ਦੇਵੀ ਦੀ ਮੈਡੀਕਲ ਕਾਲਜ ਵਿੱਚ ਇਲਾਜ ਦੌਰਾਨ ਮੌਤ ਹੋ ਗਈ ਸੀ। ਗੋਦੀ ਮੀਡੀਆ ਨੇ ਆਪਣਾ ਦਰਬਾਰੀ ਫਰਜ਼ ਨਿਭਾਉਂਦਿਆਂ ਇਸ ਦੀ ਭਿਣਕ ਨਹੀਂ ਲੱਗਣ ਦਿੱਤੀ। ਗੱਲ ਸਿਰਫ਼ ਉਸ ਦਿਨ ਦੀ ਨਹੀਂ, ਹੁਣ ਤੱਕ ਵੀ 'ਰਾਮ ਰਾਜ' ਦੇ ਮੱਥੇ 'ਤੇ ਕਲੰਕ ਲਾ ਦੇਣ ਵਾਲੀ ਕੋਈ ਵੀ ਖ਼ਬਰ ਗੋਦੀ ਮੀਡੀਆ ਦਾ ਦਰਵਾਜ਼ਾ ਲੰਘਣ ਦੀ ਹਿੰਮਤ ਨਹੀਂ ਕਰਦੀ।

ਇਸ ਦੇ ਉਲਟ ਮੀਡੀਆ ਦਾ ਜ਼ੋਰ ਇਸ ਗੱਲ ਉਤੇ ਲੱਗਾ ਹੋਇਆ ਹੈ ਕਿ ਅਯੁੱਧਿਆ ਦੀ ਅਜਿਹੀ ਸ਼ਾਨਦਾਰ ਤਸਵੀਰ ਪੇਸ਼ ਕੀਤੀ ਜਾਵੇ, ਜਿਸ ਨੂੰ ਦੇਖ ਕੇ ਲੱਖਾਂ ਲੋਕ ਆਉਣ ਤੇ ਮੋਦੀ ਦਾ ਗੁਣਗਾਨ ਕਰਨ। ਇਸ ਤਸਵੀਰ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਵਾਟਰ ਮੈਟਰੋ ਤੇ ਖੁੱਲ੍ਹੇ ਰਸਤੇ, ਜਿਨ੍ਹਾਂ ਨਾਲ ਆਵਾਜਾਈ ਦੀਆਂ ਵਧੀਆ ਸਹੂਲਤਾਂ ਦਾ ਅਜਿਹਾ ਨਕਸ਼ਾ ਖਿੱਚਿਆ ਜਾਂਦਾ ਹੈ, ਕਿ ਮੱਲੋ-ਮੱਲੀ ਦਿਲ ਕਰੇ ਬਈ ਚੱਲੋ ਅਯੁੱਧਿਆ, ਪਰ ਸਚਾਈ ਇਸ ਤੋਂ ਕੋਹਾਂ ਦੂਰ ਹੈ। ਕਰਨਾਟਕ ਤੇ ਤੇਲੰਗਾਨਾ ਦੇ ਕਈ ਜਥੇ 10 ਫ਼ਰਵਰੀ ਨੂੰ ਵਾਰਾਨਸੀ ਵਿਚਲੇ ਕਾਸ਼ੀ ਵਿਸ਼ਵਨਾਥ ਮੰਦਰ ਦੇ ਦਰਸ਼ਨ ਕਰਨ ਤੋਂ ਬਾਅਦ 'ਆਸਥਾ ਸਪੈਸ਼ਲ ਟਰੇਨ' ਰਾਹੀਂ ਅਯੁੱਧਿਆ ਪਹੁੰਚੇ ਸਨ। ਉਨ੍ਹਾਂ ਦਾ ਸਵਾਗਤ ਕਰਨ ਲਈ ਹਨੂੰਮਾਨ ਗੜ੍ਹੀ ਕੋਲ ਪਾਕਟਮਾਰ, ਚੋਰ-ਉਚੱਕੇ ਤੇ ਲੁਟੇਰੇ ਵੱਡੀ ਗਿਣਤੀ ਵਿੱਚ ਤਿਆਰ-ਬਰ-ਤਿਆਰ ਸਨ। ਇਨ੍ਹਾਂ ਸ਼ਰਧਾਲੂਆਂ ਵਿੱਚ ਸ਼ਾਮਲ ਔਰਤਾਂ ਤੇ ਮਰਦਾਂ ਦੇ ਗਲਾਂ ਵਿੱਚ ਪਏ ਸਾਰੇ ਗਹਿਣੇ ਲੁੱਟ ਲਏ ਗਏ। ਲੁਟੇਰਿਆਂ ਨੇ ਉਨ੍ਹਾਂ ਦੇ ਗਲਾਂ ਵਿੱਚ ਪਾਏ ਸੁਹਾਗ ਦੀ ਨਿਸ਼ਾਨੀ ਮੰਗਲ ਸੂਤਰ ਵੀ ਨਾ ਰਹਿਣ ਦਿੱਤੇ। ਕਈ ਲਾਕੇਟ ਤੇ ਚੇਨਾਂ 30 ਤੋਂ 80 ਗਰਾਮ ਦੀਆਂ ਸਨ। ਇਨ੍ਹਾਂ ਸ਼ਰਧਾਲੂਆਂ; ਆਨੰਦ, ਸੁਸ਼ਮਾ, ਮੰਜੁਲਾ, ਉਪੇਂਦਰ, ਅਹੱਲਿਆ, ਰੇਣੁਕਾ, ਕੱਕਰਾ, ਚਿੰਦੂਵੇਤਾ ਰਾਣੀ ਤੇ ਵਿੱਦਿਆ ਲਕਸ਼ਮੀ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰਨ। ਜਥੇ ਨਾਲ ਹੈਦਰਾਬਾਦ ਹਾਈ ਕੋਰਟ ਦਾ ਇੱਕ ਵਕੀਲ ਵੀ ਸੀ। ਉਹ ਪੀੜਤਾਂ ਨੂੰ ਲੈ ਕੇ ਰਾਮਜਨਮਭੂਮੀ ਥਾਣੇ ਪੁੱਜਾ, ਪਰ ਉਨ੍ਹਾਂ ਦੀ ਕਿਸੇ ਨਾ ਸੁਣੀ। ਰਾਮ ਰਾਜ ਸਥਾਪਤ ਕਰ ਦੇਣ ਦਾ ਦਾਅਵਾ ਕਰਨ ਵਾਲੇ ਯੋਗੀ ਆਦਿੱਤਿਆਨਾਥ ਦੇ ਉਸ ਹੁਕਮ ਦੀ ਵੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਸੀ ਕਿ ਸ਼ਰਧਾਲੂਆਂ ਨਾਲ ਆਦਰ ਨਾਲ ਪੇਸ਼ ਆਇਆ ਜਾਵੇ, ਤਾਂ ਜੋ ਉਹ ਚੰਗੀਆਂ ਯਾਦਾਂ ਲੈ ਕੇ ਮੁੜਨ।

ਪੀੜਤਾਂ ਨੇ ਪੁਲਸ ਨੂੰ ਕੁਝ ਲੁਟੇਰਿਆਂ ਦੀ ਪਛਾਣ ਵੀ ਦੱਸੀ, ਪਰ ਅਧਿਕਾਰੀ ਟੱਸ ਤੋਂ ਮੱਸ ਨਾ ਹੋਏ। ਆਖਰ ਉਨ੍ਹਾਂ ਥਾਣੇ ਮੂਹਰੇ ਧਰਨਾ ਲਾ ਕੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਤੋਂ ਬਾਅਦ ਹੀ ਪੁਲਸ ਹਰਕਤ ਵਿੱਚ ਆਈ ਤੇ ਉਸ ਨੇ ਲੁਟੇਰਾ ਗਰੋਹ ਦੇ 16 ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 355 ਗਰਾਮ ਸੋਨੇ ਦੀਆਂ 11 ਚੇਨਾਂ ਤੇ ਬਾਕੀ ਗਹਿਣੇ ਬਰਾਮਦ ਕੀਤੇ, ਜਿਨ੍ਹਾਂ ਦੀ ਕੀਮਤ 21 ਲੱਖ ਰੁਪਏ ਬਣਦੀ ਸੀ। ਮੀਡੀਆ ਨੇ ਪਹਿਲਾਂ ਤਾਂ ਪੀੜਤਾਂ ਨਾਲ ਹੋਈ ਲੁੱਟ ਦਾ ਨੋਟਿਸ ਹੀ ਨਾ ਲਿਆ, ਪਰ ਬਾਅਦ ਵਿੱਚ ਇਸ ਨੂੰ ਯੋਗੀ ਸਰਕਾਰ ਦੀ ਪ੍ਰਾਪਤੀ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਹਾਲਾਂਕਿ ਘਟਨਾ ਦੇ ਤੱਥ ਦੱਸਦੇ ਹਨ ਕਿ ਇਹ ਸਾਰੀ ਲੁੱਟ ਪੁਲਸ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ ਸੀ। ਮੀਡੀਆ ਤਾਂ ਇੱਥੋਂ ਤੱਕ ਗਰਕ ਗਿਆ ਹੈ ਕਿ ਉਸ ਨੇ ਗੁਜਰਾਤ ਤੋਂ ਆਏ ਸ਼ਰਧਾਲੂਆਂ ਦਾ ਵਹੀਕਲ ਹਾਦਸਾਗ੍ਰਸਤ ਹੋਣ ਦੀ ਖ਼ਬਰ ਵੀ ਨਾ ਦਿੱਤੀ, ਜਿਸ ਵਿੱਚ ਇੱਕ ਦਰਜਨ ਵਿਅਕਤੀ ਜ਼ਖ਼ਮੀ ਹੋ ਗਏ ਸਨ। ਇਨ੍ਹਾਂ ਘਟਨਾਵਾਂ ਤੋਂ ਸਮਝਣ ਲੈਣਾ ਚਾਹੀਦਾ ਹੈ ਕਿ ਹਾਦਸਿਆਂ ਤੱਕ ਦੀਆਂ ਨਾਂਹ-ਪੱਖੀ ਖ਼ਬਰਾਂ ਵੱਲੋਂ ਅੱਖਾਂ ਮੀਟ ਕੇ ਮੀਡੀਆ ਰਾਮ ਰਾਜ ਦੀ ਸਥਾਪਨਾ ਦੇ ਭਰਮ ਰਾਹੀਂ ਲੋਕਾਂ ਨੂੰ ਮੂਰਛਿਤ ਕਰਕੇ ਅਜਿਹਾ ਚੱਕਰਵਿਊ ਸਿਰਜ ਰਿਹਾ ਹੈ, ਜਿਸ ਰਾਹੀਂ ਹਾਕਮਾਂ ਦੀ 400 ਦੇ ਅੰਕੜੇ ਤੱਕ ਪੁੱਜਣ ਵਿੱਚ ਸਹਾਇਤਾ ਕੀਤੀ ਜਾ ਸਕੇ।

-ਚੰਦ ਫਤਿਹਪੁਰੀ

# ਕੀ ਐੱਮ ਐੱਸ ਪੀ ਦੀ ਕਾਨੂੰਨੀ ਗਾਰੰਟੀ ਦੇਸ਼ ਨੂੰ ਆਰਥਿਕ ਦੀਵਾਲੀਆਪਨ ਵੱਲ ਲੈ ਜਾਵੇਗੀ?

**ਡਾ. ਸੋਮਾ ਮਰਲਾ**
**ਅਨੁਵਾਦ: ਐੱਮ ਐੱਸ ਭਾਟੀਆ**

ਮੰਡੀਆਂ ਵਿੱਚ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਵਾਲੇ ਕਾਨੂੰਨ ਦੀ ਮੰਗ ਇੱਕ ਵਾਰ ਫਿਰ ਕਿਸਾਨ ਅੰਦੋਲਨ ਦੇ ਨਵੇਂ ਰੂਪ ਵਿੱਚ ਸਾਹਮਣੇ ਆਈ ਹੈ। ਨਿਊਜ਼ ਮੀਡੀਆ ਅਤੇ ਟੀ ਵੀ ਵਿੱਚ ਕਈ ਲੇਖ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਨੂੰ ਕਾਨੂੰਨੀ ਗਰੰਟੀ ਪ੍ਰਦਾਨ ਕਰਨ ਦੇ ਖਤਰਿਆਂ ਬਾਰੇ ਨਿੱਤ ਬਹਿਸ ਕਰਦੇ ਹਨ। ਆਪਣੇ ਲੇਖਾਂ ਰਾਹੀਂ ਡਾ. ਅਸ਼ੋਕ ਗੁਲਾਟੀ (ਟਾਇਮਜ਼ ਆਫ ਇੰਡੀਆ, 14 ਫਰਵਰੀ, 2024) ਅਤੇ ਡਾ. ਰਮੇਸ਼ ਚੰਦ (ਨੀਤੀ ਆਯੋਗ, 2023) ਇਸ ਕਿਸਾਨ ਮਾਰੂ ਦਲੀਲ ਦੇ ਹੱਕ ਵਿਚ ਖੁੱਲ ਕੇ ਆਏ ਹਨ। ਉਹ ਦਲੀਲ ਦਿੰਦੇ ਹਨ ਕਿ ਗਾਰੰਟੀਸ਼ੁਦਾ ਘੱਟੋ-ਘੱਟ ਸਮਰਥਨ ਮੁੱਲ 'ਤੇ ਸਾਰੀਆਂ ਫਸਲਾਂ (ਉਹਨਾਂ ਵਿੱਚੋਂ 23) ਦੀ ਖਰੀਦ ਸਰਕਾਰ ਨੂੰ ਦੀਵਾਲੀਆਪਨ ਵੱਲ ਧੱਕ ਦੇਵੇਗੀ ਅਤੇ ਬੁਨਿਆਦੀ ਢਾਂਚੇ ਅਤੇ ਵਿਕਾਸ ਲਈ ਬਜਟ ਵਿੱਚ ਬਹੁਤ ਘੱਟ ਪੈਸਾ ਬਚੇਗਾ।

ਗਾਰੰਟੀ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਹੋਰ ਮੰਗਾਂ ਲਈ ਅੰਦੋਲਨ ਨੂੰ ਮੁੜ ਸੁਰਜੀਤ ਕਰ ਰਹੇ ਕਿਸਾਨਾਂ ਦੀ ਸ਼ਿਕਾਇਤ ਹੈ ਕਿ ਇਹ ਲਾਗੂ ਨਾ ਕਰਨ ਦਾ ਬਹਾਨਾ ਹੈ। ਉਨ੍ਹਾਂ ਦਾ ਕਹਿਣਾ ਹੈ, ਐਲਾਨੀ ਜਾਂਦੀ ਐਮ ਐੱਸ ਪੀ ਇਕ ਦਿਖਾਵਾ ਹੀ ਹੈ, ਕਿਉਂਕਿ ਸਰਕਾਰੀ ਖਰੀਦ ਸੀਮਤ ਹੈ ਅਤੇ ਵੱਖ-ਵੱਖ ਰਾਜਾਂ ਵਿੱਚ ਵੱਡੀ ਬਹੁ-ਗਿਣਤੀ ਕਿਸਾਨ ਅਕਸਰ ਮੰਡੀਆਂ ਵਿੱਚ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਤੋਂ ਕਾਫੀ ਘੱਟ ਮੁੱਲ ਪ੍ਰਾਪਤ ਕਰ ਰਹੇ ਹਨ। ਇਸ ਲਈ ਕਿਸਾਨ ਦੇਸ਼ ਭਰ ਵਿੱਚ ਬਜ਼ਾਰਾਂ ਵਿੱਚ ਘੱਟੋ-ਘੱਟ ਸਮਰਥਨ ਮੁੱਲ 'ਤੇ 23 ਫਸਲਾਂ ਦੀ ਖਰੀਦ ਦੀ ਕਾਨੂੰਨੀ ਗਾਰੰਟੀ ਦੇਣ ਵਾਲੇ ਕਾਨੂੰਨ ਦੀ ਮੰਗ ਕਰਦੇ ਹਨ।

ਕੀ ਗਾਰੰਟੀਸ਼ੁਦਾ ਐੱਮ ਐੱਸ ਪੀ ਨਾਲ ਸਰਕਾਰ ਵਿੱਤੀ ਦੀਵਾਲੀਆ ਹੋ ਜਾਵੇਗੀ? ਆਓ ਖਰੀਦ ਅਤੇ ਬੋਝ ਦੀ ਲਾਗਤ ਦੇ ਮਾਮਲੇ ਦੀ ਘੋਖ ਕਰੀਏ।

ਜਿਵੇਂ ਕਿ ਬਿਜ਼ਨਸ ਟੂਡੇ ਦੁਆਰਾ ਰਿਪੋਰਟ ਕੀਤੀ ਗਈ ਹੈ ਕਿ 2020 ਵਿੱਚ ਸਾਰੀਆਂ ਖੇਤੀਬਾੜੀ ਉਪਜਾਂ ਦਾ ਕੁੱਲ ਮੁੱਲ 40 ਲੱਖ ਕਰੋੜ ਰੁਪਏ ਹੈ। ਹਾਲਾਂਕਿ ਇਸ ਵਿੱਚ ਡੇਅਰੀ, ਮੀਟ, ਗੰਨਾ, ਕਪਾਹ ਅਤੇ ਹੋਰ ਛੋਟੀਆਂ ਫਸਲਾਂ ਸ਼ਾਮਲ ਹਨ ਅਤੇ ਅਨਾਜ ਦਾ ਮੁੱਲ ਭਾਵ ਝੋਨਾ, ਕਣਕ ਅਤੇ ਮੱਕੀ ਜੋ ਕਿ ਮੰਡੀ ਵਿੱਚ ਆਉਂਦੀਆਂ ਹਨ, ਦੀ ਕੀਮਤ ਲੱਗਭੱਗ 7 ਲੱਖ ਕਰੋੜ ਰੁਪਏ ਹੈ (ਕਿਰਨ ਵੀਸਾ ਅਤੇ ਯੋਗੇਂਦਰ ਯਾਦਵ ਅਨੁਸਾਰ) ਜਾਂ 8 ਲੱਖ ਕਰੋੜ ਰੁਪਏ (ਹਰਸ਼ ਦਾਮੋਦਰਨ ਅਨੁਸਾਰ) ਅਤੇ ਜਾਂ 10 ਲੱਖ ਕਰੋੜ ਰੁਪਏ (ਬਿਜ਼ਨਸ ਟੂਡੇ ਅਨੁਸਾਰ)। ਕਿਸਾਨਾਂ ਦੁਆਰਾ ਪੈਦਾ ਕੀਤੇ ਅਨਾਜ ਦੇ ਹਰ ਦਾਣੇ ਨੂੰ ਸਰਕਾਰੀ ਏਜੰਸੀਆਂ ਲਈ ਖਰੀਦਣਾ ਜ਼ਰੂਰੀ ਨਹੀਂ। ਛੋਟੇ ਕਿਸਾਨਾਂ ਦੀ ਬਹੁਗਿਣਤੀ (1 ਹੈਕਟੇਅਰ ਤੋਂ ਘੱਟ ਜ਼ਮੀਨ ਦੇ ਮਾਲਕ) ਹੋਣ ਦੇ ਨਾਤੇ ਆਪਣੀ ਪਰਵਾਰਕ ਖਪਤ ਅਤੇ ਅਗਲੀ ਫਸਲ ਲਈ ਬੀਜ ਦੇ ਰੂਪ ਵਿਚ ਲੱਗਭੱਗ 30 ਪ੍ਰਤੀਸ਼ਤ ਕੋਲ ਰੱਖਦੀ ਹੈ। ਇਸ ਤਰ੍ਹਾਂ 23 ਫਸਲਾਂ ਦੀ ਉਪਜ ਦਾ ਲੱਗਭੱਗ 70 ਪ੍ਰਤੀਸ਼ਤ ਹੀ ਮੰਡੀਆਂ ਵਿੱਚ ਆਉਂਦਾ ਹੈ। ਸਰਕਾਰੀ ਏਜੰਸੀਆਂ ਅਨਾਜ ਦਾ ਮੰਡੀਆਂ ਵਿੱਚ ਸਿਰਫ 10 ਪ੍ਰਤੀਸ਼ਤ ਤੱਕ ਹੀ ਖਰੀਦ ਰਹੀਆਂ ਹਨ। ਕਾਨੂੰਨੀ ਗਾਰੰਟੀ ਦੁਆਰਾ ਸਮਰਥਤ, ਇਹ ਖੁੱਲ੍ਹੇ ਬਜ਼ਾਰ ਵਿੱਚ ਕੀਮਤ ਨੂੰ ਐੱਮ ਐੱਸ ਪੀ ਦੇ ਪੱਧਰ ਤੋਂ ਉੱਪਰ ਰੱਖਣ ਲਈ ਕਾਫੀ ਹੈ। ਇਸ ਨਾਲ ਬਾਜ਼ਾਰ ਵਿੱਚ ਸਥਿਰਤਾ ਆਵੇਗੀ ਅਤੇ ਨਿੱਜੀ ਵਪਾਰੀ ਵਧੇ ਹੋਏ ਬਾਜ਼ਾਰ ਮੁੱਲ 'ਤੇ ਖਰੀਦ ਕਰਨ ਲਈ ਪਾਬੰਦ ਹੋਣਗੇ। ਯੋਗੇਂਦਰ ਯਾਦਵ ਅਤੇ ਹੋਰ ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਜੇਕਰ ਕਾਨੂੰਨੀ ਗਾਰੰਟੀ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਸਰਕਾਰ ਦੀ ਵਾਧੂ ਲਾਗਤ ਸਿਰਫ 47,764 ਕਰੋੜ ਰੁਪਏ (2017-18 ਦੇ ਅੰਕੜੇ ਮੁਤਾਬਕ) ਹੀ ਹੋਵੇਗੀ। ਕਿਸੇ ਫਸਲ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ "ਰਿਜ਼ਰਵ ਕੀਮਤ" ਵਜੋਂ ਨਹੀਂ ਮੰਨਿਆ ਜਾਣਾ ਚਾਹੀਦਾ, ਜਿਸ ਤੋਂ ਹੇਠਾਂ ਕਾਨੂੰਨੀ ਤੌਰ 'ਤੇ ਵਪਾਰ ਦੀ ਇਜਾਜ਼ਤ ਨਹੀਂ ਹੈ। ਗਾਰੰਟੀ ਕਾਨੂੰਨ ਇਹ ਭਰੋਸਾ ਦਿਵਾਉਂਦਾ ਹੈ ਕਿ ਕੀਮਤਾਂ ਬਜ਼ਾਰ ਵਿੱਚ ਨਿਯੰਤ੍ਰਿਤ ਕੀਤੀਆਂ ਜਾਂਦੀਆਂ ਹਨ, ਪਰ ਬਜ਼ਾਰ ਦਾ ਵਾਧੂ ਜਾਂ ਅਨਾਜ ਦਾ ਹਰੇਕ ਦਾਣਾ ਖਰੀਦਣ ਲਈ ਸਰਕਾਰ ਨੂੰ ਮਜਬੂਰ ਨਹੀਂ ਕਰਦਾ। ਸਰਕਾਰ ਖੁਰਾਕ ਸੁਰੱਖਿਆ ਕਾਨੂੰਨ ਦੇ ਤਹਿਤ ਜਨਤਕ ਵੰਡ ਪ੍ਰਣਾਲੀ ਲਈ ਲੋੜੀਂਦੀ ਮਾਤਰਾ ਵਿੱਚ ਨਿਯਮਿਤ ਤੌਰ 'ਤੇ ਖਰੀਦਦਾਰੀ ਕਰਦੀ ਹੈ। ਅੰਤ ਵਿੱਚ ਸਰਕਾਰ ਜਨਤਕ ਵੰਡ ਪ੍ਰਣਾਲੀ ਲਈ ਕੀਤੇ ਖਰਚੇ ਦੇ ਦੋ ਤਿਹਾਈ ਤੋਂ ਵੱਧ ਅਤੇ ਬਾਜ਼ਾਰ ਵਿੱਚ ਸਟਾਕ ਦੀ ਵਿਕਰੀ ਤੋਂ ਬਾਅਦ ਕੀਤੇ ਖਰਚ ਨੂੰ ਵਾਪਸ ਪ੍ਰਾਪਤ ਕਰ ਲਵੇਗੀ।

ਨੀਤੀ ਆਯੋਗ ਦਾ ਸਮਰਥਨ ਕਰਨ ਵਾਲੇ ਅਰਥਸ਼ਾਸਤਰੀ ਅਤੇ ਨਿਊਜ਼ ਮੀਡੀਆ ਦਾਅਵਾ ਕਰਦੇ ਹਨ ਕਿ ਖਰਚਾ ਬਹੁਤ ਵੱਡਾ ਅਤੇ ਬੋਝ ਪਾਉਣ ਵਾਲਾ ਹੈ। ਸਰਕਾਰ ਕੋਲ ਬੁਨਿਆਦੀ ਢਾਂਚੇ ਦੇ ਨਿਰਮਾਣ, ਰੱਖਿਆ ਅਤੇ ਹੋਰ ਲੋੜਾਂ ਲਈ ਕੋਈ ਪੈਸਾ ਨਹੀਂ ਬਚੇਗਾ, ਕਿਉਂਕਿ 10 ਲੱਖ ਕਰੋੜ ਰੁਪਏ ਦਾ ਵਾਧੂ ਖਰਚਾ ਹੋ ਜਾਵੇਗਾ, ਜੋ ਕਿ ਸਰਕਾਰ ਦੁਆਰਾ ਵਧਾ ਕੇ ਦੱਸਿਆ ਗਿਆ ਅੰਕੜਾ ਹੈ। ਉਹ ਅੱਗੇ ਦਲੀਲ ਦਿੰਦੇ ਹਨ ਕਿ ਇਹ ਉਸ ਸਮੇਂ ਆਰਥਿਕਤਾ ਨੂੰ ਪਟੜੀ ਤੋਂ ਉਤਾਰ ਦੇਵੇਗਾ ਜਦੋਂ ਦੇਸ਼ 5 ਟ੍ਰਿਲੀਅਨ ਡਾਲਰ ਦੀ ਆਰਥਿਕਤਾ ਤੱਕ ਪਹੁੰਚਣ ਵੱਲ ਵਧ ਰਿਹਾ ਹੈ। ਅਸਲੀਅਤ ਵਿੱਚ ਜਿਵੇਂ ਕਿ ਉੱਪਰ ਦਿਖਾਇਆ ਗਿਆ ਹੈ, ਕਾਨੂੰਨੀ ਗਾਰੰਟੀ ਦੇ ਸੰਦਰਭ ਵਿੱਚ ਕੀਮਤਾਂ ਨੂੰ ਸਥਿਰ ਕਰਨ ਲਈ ਵਾਧੂ ਖਰਚਾ 74 ਤੋਂ 80,000 ਕਰੋੜ ਰੁਪਏ ਤੋਂ ਵੱਧ ਨਹੀਂ ਹੋਵੇਗਾ।

ਇਹ ਦਲੀਲ ਕਿ ਐੱਮ ਐੱਸ ਪੀ ਵਿੱਚ ਕੋਈ ਵੀ ਵਾਧਾ ਖਪਤਕਾਰਾਂ ਲਈ ਕੀਮਤਾਂ ਵਿੱਚ ਵਾਧਾ ਕਰੇਗਾ, ਭੁਲੇਖਾ ਪਾਊ ਹੈ, ਕਿਉਂਕਿ ਖੇਤੀਬਾੜੀ ਉਪਜ ਦੀ ਖਰੀਦ 'ਤੇ ਹਰ ਰੁਪਏ ਵਿੱਚੋਂ ਕਿਸਾਨ ਦਾ ਹਿੱਸਾ ਸਿਰਫ 30 ਪੈਸੇ ਹੈ ਅਤੇ ਬਾਕੀ ਦਾ ਹਿੱਸਾ ਵਿਚੋਲਿਆਂ ਅਤੇ ਵੱਡੀਆਂ ਖੇਤੀ ਕਾਰੋਬਾਰੀ ਕਾਰਪੋਰੇਸ਼ਨਾਂ ਜਿਵੇਂ ਕਿ ਅਡਾਨੀ ਦੀ ਫਾਰਚੂਨ ਜਾਂ ਆਈ ਟੀ ਸੀ ਅਤੇ ਸੁਪਰ ਮਾਰਕੀਟਾਂ ਦੁਆਰਾ ਜੇਬ ਵਿੱਚ ਪਾਇਆ ਜਾ ਰਿਹਾ ਹੈ।

ਇਹ ਦਲੀਲ ਕਿ ਸਰਕਾਰ ਨੂੰ ਉਹ ਸਾਰੀਆਂ ਉਪਜਾਂ ਦੀ ਖਰੀਦ ਕਰਨੀ ਪਵੇਗੀ, ਜੋ ਬਜ਼ਾਰ ਵਿੱਚ ਆਉਂਦੀਆਂ ਹਨ, ਜੋ ਇਸ ਨੂੰ ਦੀਵਾਲੀਆ ਕਰ ਦੇਣਗੀਆਂ, ਗੈਰ-ਵਿਗਿਆਨਕ ਅਤੇ ਤੱਥ ਰਹਿਤ ਹੈ। ਜਦੋਂ ਬਾਜ਼ਾਰ ਵਿੱਚ ਕੀਮਤਾਂ ਵਧ ਜਾਂਦੀਆਂ ਹਨ ਤਾਂ ਸਰਕਾਰ ਦਾ ਦਖਲ ਕੋਈ ਨਵੀਂ ਗੱਲ ਨਹੀਂ ਹੈ.। ਵਿਦੇਸ਼ੀ ਵਟਾਂਦਰਾ (ਫੋਰੈਕਸ) ਰਿਜ਼ਰਵ ਨੂੰ ਨਿਯਮਤ ਕਰਨ ਲਈ ਜਾਂ ਵਿਦੇਸ਼ਾਂ ਤੋਂ ਸਟੀਲ ਡੰਪ ਕੀਤੇ ਜਾਣ 'ਤੇ ਕੀਮਤਾਂ ਨੂੰ ਘੱਟ ਕਰਨ ਲਈ ਆਰ ਬੀ ਆਈ ਦਾ ਦਖ਼ਲ ਨਵਾਂ ਨਹੀਂ ਹੈ।

**ਸਰੋਤਾਂ ਨੂੰ ਵਰਤੋਂ ਵਿੱਚ ਲਿਆਉਣਾ**

ਸਰਕਾਰੀ ਖਰਚੇ ਲਈ ਲੋੜੀਂਦੇ 5.2 ਲੱਖ ਕਰੋੜ ਰੁਪਏ ਵਿੱਚੋਂ ਪਹਿਲਾਂ ਹੀ ਐੱਫ ਸੀ ਆਈ ਅਤੇ ਕੇਂਦਰ ਸਰਕਾਰ ਦੀਆਂ ਹੋਰ ਸਰਕਾਰੀ ਏਜੰਸੀਆਂ ਦੁਆਰਾ ਫਸਲਾਂ ਦੀ ਖਰੀਦ 'ਤੇ ਖਰਚ ਕੀਤੇ ਜਾਂਦੇ ਹਨ। ਬਾਕੀ ਵਾਧੂ ਖਰਚੇ ਜਨਤਕ ਵਿੱਤ ਦੇ ਤਿੰਨ ਸਰੋਤਾਂ ਰਾਹੀਂ ਪੂਰੇ ਕੀਤੇ ਜਾ ਸਕਦੇ ਹਨ।

ਪਹਿਲਾ ਇਹ ਕਿ ਦਹਾਕੇ ਦੌਰਾਨ ਅਮੀਰ ਉਦਯੋਗਪਤੀਆਂ ਨੂੰ ਦਿੱਤੇ ਗਏ ਕਾਰਪੋਰੇਟ, ਆਮਦਨ ਅਤੇ ਜਾਇਦਾਦ ਟੈਕਸਾਂ ਵਿੱਚ ਕੀਤੀ ਗਈ ਬੇਲੋੜੀ ਕਟੌਤੀ ਨੂੰ ਵਾਪਸ ਲਿਆ ਜਾਵੇ। ਕਾਰਪੋਰੇਟ ਟੈਕਸ ਦੀ ਕਟੌਤੀ ਨੂੰ 33% (ਇਸ ਵੇਲੇ 27%) ਅਤੇ ਆਮਦਨ ਕਰ 29% (ਇਸ ਵੇਲੇ ਕਟੌਤੀ ਤੋਂ ਬਾਅਦ 22%) 'ਤੇ ਬਹਾਲ ਕੀਤਾ ਜਾਣਾ ਚਾਹੀਦਾ ਹੈ। ਨੋਟ ਕਰੋ ਕਿ ਵਿੱਤ ਮੰਤਰੀ ਦੁਆਰਾ ਪੇਸ਼ ਕੀਤੇ ਗਏ ਕੇਂਦਰੀ ਬਜਟ ਦੇ ਅੰਕੜਿਆਂ ਦੇ ਅਨੁਸਾਰ ਕੁੱਲ ਟੈਕਸ ਮਾਲੀਏ ਵਿੱਚ ਕਾਰਪੋਰੇਟ ਅਤੇ ਆਮਦਨ ਕਰ ਦੇ ਹਿੱਸੇ ਕ੍ਰਮਵਾਰ 27% ਅਤੇ 29% ਬਣਦੇ ਹਨ। ਕਾਰਪੋਰੇਟ ਅਤੇ ਧਨਾਢਾਂ 'ਤੇ ਟੈਕਸ ਨੂੰ ਬਹਾਲ ਕਰਨ ਨਾਲ, ਲੱਗਭੱਗ 4.5 ਲੱਖ ਕਰੋੜ ਦਾ ਵਾਧੂ ਮਾਲੀਆ ਉਪਲੱਬਧ ਹੋਵੇਗਾ, ਜੋ ਗਾਰੰਟੀਸ਼ੁਦਾ ਐੱਮ ਐੱਸ ਪੀ ਤੇ ਖਰਚਿਆਂ ਨੂੰ ਪੂਰਾ ਕਰਨ ਲਈ ਆਸਾਨੀ ਨਾਲ ਵਰਤਿਆ ਜਾ ਸਕਦਾ ਹੈ।

ਦੂਜਾ ਜਿਨ੍ਹਾਂ ਲੋਕਾਂ ਦੀ ਜਾਇਦਾਦ 10 ਕਰੋੜ ਰੁਪਏ ਤੋਂ ਵੱਧ ਹੈ, ਉਨ੍ਹਾਂ 'ਤੇ ਟੈਕਸ ਲਗਾਇਆ ਜਾਵੇ।

ਅਤੇ ਤੀਜੀ ਗਾਰੰਟੀ ਐੱਮ ਐੱਸ ਪੀ ਖਰਚਿਆਂ ਲਈ ਲੋੜੀਂਦੇ ਫੰਡਾਂ ਨੂੰ ਪੂਰਾ ਕਰਨ ਲਈ ਜਨਤਕ ਖੇਤਰ ਦੇ ਬੈਂਕਾਂ ਦੇ ਸਟੈਚੂਰੀ ਲਿਕੁਡਿਟੀ ਰੇਸ਼ੋ (ਐੱਸ.ਐੱਲ.ਆਰ) ਨੂੰ ਵਧਾਓ। ਇਸੇ ਤਰ੍ਹਾਂ ਦੀਆਂ ਦਲੀਲਾਂ ਉਦੋਂ ਉਠਾਈਆਂ ਗਈਆਂ ਸਨ, ਜਦੋਂ ਪਿਛਲੀ ਯੂ ਪੀ ਏ ਸਰਕਾਰ ਦੌਰਾਨ ਮਨਰੇਗਾ ਪੇਂਡੂ ਰੁਜ਼ਗਾਰ ਜਾਂ ਜਨਤਕ ਵੰਡ ਪ੍ਰਣਾਲੀ ਲਈ ਖੁਰਾਕ ਸੁਰੱਖਿਆ ਕਾਨੂੰਨ ਪੇਸ਼ ਕੀਤਾ ਗਿਆ ਸੀ। ਬਾਅਦ ਵਿੱਚ ਇਹ ਦਲੀਲਾਂ ਗਲਤ ਸਾਬਤ ਹੋਈਆਂ, ਕਿਉਂਕਿ ਪੇਂਡੂ ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਵਾਧੇ ਨੂੰ ਕਾਬੂ ਰੱਖਿਆ ਜਾ ਸਕਿਆ ਸੀ। ਫਸਲਾਂ ਦੀ ਕੀਮਤ ਘੱਟੋ-ਘੱਟ ਸਮਰਥਨ ਮੁੱਲ ਤੋਂ ਉੱਪਰ ਰੱਖਣ ਨਾਲ ਕਰਜ਼ੇ ਦੇ ਬੋਝ ਹੇਠ ਦੱਬੇ ਛੋਟੇ ਕਿਸਾਨਾਂ ਨੂੰ ਕੁਝ ਰਾਹਤ ਮਿਲੇਗੀ ਅਤੇ ਕੁਝ ਪੈਸਾ ਉਨ੍ਹਾਂ ਦੀਆਂ ਜੇਬਾਂ 'ਚ ਜਾਵੇਗਾ। ਵੱਡੇ ਉਦਯੋਗਾਂ ਨੂੰ ਉਤਪਾਦਨ ਪ੍ਰੋਤਸਾਹਨ ਯੋਜਨਾ ਅਤੇ ਹੋਰ ਟੈਕਸ ਛੋਟਾਂ ਰਾਹੀਂ 1.97 ਲੱਖ ਕਰੋੜ ਰੁਪਏ, ਕਾਰਪੋਰੇਟ ਅਤੇ ਸੰਪਤੀ ਟੈਕਸ ਦੀਆਂ ਭਾਰੀ ਛੋਟਾਂ ਦੇ ਬਾਵਜੂਦ ਨਿੱਜੀ ਨਿਵੇਸ਼ ਅਤੇ ਨੌਕਰੀਆਂ ਦੀ ਸਿਰਜਣਾ ਵਿਚ ਕੋਈ ਵਾਧਾ ਨਹੀਂ ਹੋਇਆ। ਵਿੱਤੀ ਲਾਭਾਂ ਨੂੰ ਨਿਰਮਾਣ ਅਤੇ ਨਵੀਆਂ ਨੌਕਰੀਆਂ ਦੇ ਵਿਸਤਾਰ ਲਈ ਨਿਵੇਸ਼ ਨਹੀਂ ਕੀਤਾ ਗਿਆ ਸੀ ਅਤੇ ਪੂੰਜੀਪਤੀਆਂ ਦੁਆਰਾ ਆਪਣੇ ਮੁਨਾਫੇ ਨੂੰ ਵਧਾਉਣ ਲਈ ਸੱਟੇਬਾਜ਼ੀ ਸ਼ੇਅਰ ਬਾਜ਼ਾਰਾਂ ਵਿੱਚ ਨਿਵੇਸ਼ ਕੀਤਾ ਗਿਆ ਸੀ।

**ਆਰਥਿਕ ਸੁਰੱਖਿਆ, ਆਰਥਿਕਤਾ ਅਤੇ ਵਾਤਾਵਰਣ ਦੀ ਸੰਭਾਲ**

ਇਸ ਦੇ ਉਲਟ ਫਸਲਾਂ ਦੀ ਵਿਕਰੀ ਤੋਂ ਪ੍ਰਾਪਤ ਕੋਈ ਵੀ ਵਾਧੂ ਪੈਸਾ ਇੱਕ ਛੋਟਾ ਕਿਸਾਨ ਤੁਰੰਤ ਮੰਡੀ ਵਿੱਚ ਖਰਚਦਾ ਹੈ ਅਤੇ ਮੰਗ ਵਧਾਉਂਦਾ ਹੈ। ਉਹ ਜ਼ਿਆਦਾਤਰ ਪੈਸਾ ਖੇਤੀਬਾੜੀ ਦੇ ਸਾਮਾਨ, ਸਾਈਕਲ ਖਰੀਦਣ ਜਾਂ ਧੀ ਦੇ ਵਿਆਹ 'ਤੇ ਖਰਚ ਕਰਦਾ ਹੈ। ਵਧਦੀ ਮੰਗ ਬਦਲੇ ਵਿੱਚ ਉਤਪਾਦਨ ਵਿੱਚ ਸੁਧਾਰ ਕਰਦੀ ਹੈ ਅਤੇ ਇਸ ਨਾਲ ਆਰਥਿਕਤਾ ਸੁਧਰਦੀ ਹੈ। ਝੋਨੇ ਅਤੇ ਕਣਕ ਦੇ ਨਾਲ ਦਾਲਾਂ, ਬਾਜਰੇ ਅਤੇ ਤੇਲ ਬੀਜਾਂ ਨੂੰ ਗਾਰੰਟੀਸ਼ੁਦਾ ਭਾਅ ਦੇਣ ਨਾਲ ਕਿਸਾਨਾਂ ਵਿੱਚ ਵਿਸ਼ਵਾਸ ਪੈਦਾ ਹੁੰਦਾ ਹੈ ਅਤੇ ਉਹ ਹੋਰ ਫਸਲਾਂ ਦੀ ਕਾਸ਼ਤ ਕਰਕੇ ਚੌਲ-ਕਣਕ ਦੇ ਚੱਕਰ ਤੋਂ ਦੂਰ ਹੋ ਜਾਂਦੇ ਹਨ। ਇਹ ਨਾ ਸਿਰਫ ਪੇਂਡੂ ਭਾਰਤ ਨੂੰ ਪੌਸ਼ਟਿਕ ਸੁਰੱਖਿਆ ਪ੍ਰਦਾਨ ਕਰਦਾ ਹੈ, ਸਗੋਂ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਵਿੱਚ ਕਮੀ ਲਿਆਉਂਦਾ ਹੈ। ਇਸ ਤੋਂ ਇਲਾਵਾ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਹਾਲ ਕਰਨਾ, ਝੋਨੇ ਦੀ ਪਰਾਲੀ ਨੂੰ ਨਾ ਸਾੜਨਾ ਅਤੇ ਵਾਤਾਵਰਣ ਸੁਧਾਰ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਂਦਾ ਹੈ।

ਸਵਾਮਨਾਥਨ ਕਮਿਸ਼ਨ ਨੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਵਿਗਿਆਨਕ ਗਣਨਾ ਤੋਂ ਇਲਾਵਾ ਪੇਂਡੂ ਆਮਦਨ ਵਧਾਉਣ ਲਈ ਹੋਰ ਮਹੱਤਵਪੂਰਨ ਉਪਾਵਾਂ, ਜ਼ਮੀਨੀ ਸੁਧਾਰ, ਭੋਜਨ ਅਤੇ ਪੋਸ਼ਣ ਸੁਰੱਖਿਆ, ਬੁਢਾਪਾ ਪੈਨਸ਼ਨਾਂ, ਟਿਕਾਊ ਖੇਤੀ ਅਤੇ ਹੋਰ ਵਾਤਾਵਰਣ ਪ੍ਰਸਤਾਵਾਂ ਦੀ ਸਿਫਾਰਸ਼ ਕੀਤੀ ਹੈ। ਐੱਮ ਐੱਸ ਪੀ ਕਾਨੂੰਨ ਛੋਟੇ ਕਿਸਾਨਾਂ ਲਈ ਸਿਰਫ ਇੱਕ ਅਸਥਾਈ ਰਾਹਤ ਹੈ ਅਤੇ ਇਹਨਾਂ ਹੋਰ ਸਿਫਾਰਸ਼ਾਂ ਨੂੰ ਤੁਰੰਤ ਨਾਲ ਦੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਛੋਟੇ ਕਿਸਾਨਾਂ ਦੇ ਬੋਝ ਨੂੰ ਦੂਰ ਕੀਤਾ ਜਾ ਸਕੇ ਅਤੇ ਖੁਰਾਕ ਉਤਪਾਦਨ ਵਿੱਚ ਵਾਧਾ ਕੀਤਾ ਜਾ ਸਕੇ, ਜਿਸ ਨਾਲ ਜਨਤਕ ਵੰਡ ਪ੍ਰਣਾਲੀ ਰਾਹੀਂ ਆਮ ਖੁਰਾਕ ਸੁਰੱਖਿਆ ਪ੍ਰਾਪਤ ਕੀਤੀ ਜਾ ਸਕੇ।

ਕਾਰਪੋਰੇਟਾਂ ਵੱਲੋਂ ਖੇਤੀਬਾੜੀ ਤੇ ਕਬਜ਼ਾ ਛੋਟੇ ਕਿਸਾਨਾਂ ਦੀ ਪ੍ਰੇਸ਼ਾਨੀ ਦਾ ਮੁੱਖ ਕਾਰਨ ਹੈ। ਸਰਕਾਰ ਦੁਆਰਾ 2020 ਵਿੱਚ ਪੇਸ਼ ਕੀਤੇ ਗਏ ਤਿੰਨ ਖੇਤੀ ਕਾਨੂੰਨ ਛੋਟੇ ਕਿਸਾਨਾਂ ਦੀ ਖੇਤੀ ਤੇ ਕਾਰਪੋਰੇਟਾਂ ਵੱਲੋਂ ਕਬਜਾ ਕਰਨ ਲਈ ਹੀ ਲਿਆਂਦੇ ਗਏ ਸਨ। ਕਾਰਪੋਰੇਟ ਖੇਤੀ ਤੋਂ ਇਲਾਵਾ ਉਪਜ ਦੇ ਸਮੁੱਚੇ ਨਿੱਜੀ ਭੰਡਾਰਨ 'ਤੇ ਪਾਬੰਦੀ ਹਟਾਉਣਾ, ਸਬਸਿਡੀਆਂ ਦੇ ਸਬੰਧ ਵਿੱਚ ਵਿਸ਼ਵ ਵਪਾਰ ਸੰਗਠਨ ਦੀਆਂ ਸ਼ਰਤਾਂ ਅੱਗੇ ਸਮਰਪਣ ਕਰਦੇ ਹੋਏ ਖੇਤੀਬਾੜੀ ਦੇ ਕੁੱਲ ਉਤਪਾਦਨ ਨੂੰ ਦੇਸੀ ਅਤੇ ਸਾਮਰਾਜਵਾਦੀ ਅੰਤਰਰਾਸ਼ਟਰੀ ਅਨਾਜ ਵਪਾਰੀਆਂ ਦੇ ਹਵਾਲੇ ਕਰਨਾ ਹੈ। ਅੰਦੋਲਨਕਾਰੀ ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਾਲੇ ਮੌਜੂਦਾ ਗੱਲਬਾਤ ਦੌਰਾਨ ਦਾਲਾਂ ਅਤੇ ਹੋਰ ਫਸਲਾਂ ਦੀ ਖਰੀਦ ਅਗਲੇ 5 ਸਾਲਾਂ ਲਈ ਤੈਅ ਕੀਮਤ 'ਤੇ ਕਰਨ ਦਾ ਨਵਾਂ ਪ੍ਰਸਤਾਵ ਹੈ। ਉਦਾਹਰਣ ਵਜੋਂ ਪੰਜਾਬ ਦੇ ਕਿਸਾਨਾਂ ਨੂੰ ਪਿਛਲੇ 15 ਸਾਲਾਂ ਤੋਂ ਪੈਪਸੀ ਕੰਪਨੀ ਨਾਲ ਆਲੂਆਂ ਅਤੇ ਟਮਾਟਰਾਂ ਦੀ ਖਰੀਦ ਦੇ ਸਮਝੌਤਿਆਂ ਦਾ ਕੌੜਾ ਤਜਰਬਾ ਹੈ। ਇਕਰਾਰਨਾਮੇ ਦੀਆਂ ਸ਼ਰਤਾਂ ਦੇ ਵਿਰੁੱਧ ਕਿਸਾਨਾਂ ਨੂੰ ਅਕਸਰ ਮੰਗ ਦੀ ਘਾਟ ਜਾਂ ਅਢੁਕਵੀਂ ਗੁਣਵੱਤਾ ਦੇ ਆਧਾਰ 'ਤੇ ਮੂਲ ਇਕਰਾਰਨਾਮੇ ਨੂੰ ਮੰਨਣ ਤੋਂ ਇਨਕਾਰ ਕੀਤਾ ਜਾਂਦਾ ਸੀ। ਇਸੇ ਤਰ੍ਹਾਂ ਠੇਕੇ ਦੀ ਫਸਲ ਦੀ ਖਰੀਦ ਦੀ ਨਵੀਂ ਤਜਵੀਜ਼ (ਗਾਰੰਟੀਸ਼ੁਦਾ ਐੱਮ ਐੱਸ ਪੀ, ਉਤਪਾਦਨ ਦੀ ਲਾਗਤ ਦਾ ਸਵਾਮੀਨਾਥਨ ਫਾਰਮੂਲਾ + 50%) ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਕਿਸਾਨਾਂ ਨੂੰ ਧੋਖਾ ਦੇਣ ਲਈ ਸਰਕਾਰ ਦਾ ਇੱਕ ਹੋਰ ਜੁਮਲਾ (ਚਾਲ) ਹੈ।

ਗਾਰੰਟੀਸ਼ੁਦਾ ਘੱਟੋ-ਘੱਟ ਸਮਰਥਨ ਮੁੱਲ ਕਾਨੂੰਨ ਅਤੇ ਹੋਰ ਮੰਗਾਂ ਲਈ ਕਿਸਾਨ ਅੰਦੋਲਨ ਦੁਖੀ ਕਿਸਾਨਾਂ ਨੂੰ ਕੁਝ ਰਾਹਤ ਪ੍ਰਦਾਨ ਕਰਨ ਵਿੱਚ ਮਦਦ ਕਰਨਗੇ। ਹਾਲਾਂਕਿ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਖੇਤੀਬਾੜੀ, ਅਨਾਜ ਮੰਡੀਆਂ ਅਤੇ ਜਨਤਕ ਸੰਪਤੀਆਂ ਵਿੱਚ ਕਾਰਪੋਰੇਟ ਕਬਜ਼ੇ ਵਿਰੁੱਧ ਲੜਾਈ ਜਾਰੀ ਰੱਖਣੀ ਚਾਹੀਦੀ ਹੈ, ਪਰੰਤੂ ਇਸ ਸੰਯੁਕਤ ਸੰਘਰਸ਼ ਦਾ ਅੰਤਮ ਉਦੇਸ਼ ਘਰੇਲੂ ਸਰਮਾਏਦਾਰੀ ਅਤੇ ਵਿਸ਼ਵ ਸਾਮਰਾਜਵਾਦ ਦੇ ਸ਼ੋਸ਼ਣ ਤੋਂ ਮਿਹਨਤਕਸ਼ ਲੋਕਾਂ ਦੀ ਮੁਕਤੀ ਅਤੇ ਉਤਪਾਦਨ ਦੇ ਸਾਧਨਾਂ 'ਤੇ ਜਨਤਕ ਮਾਲਕੀ ਦੀ ਪ੍ਰਾਪਤੀ ਹੋਣਾ ਚਾਹੀਦਾ ਹੈ, ਜੋ ਸਮਾਜਵਾਦ ਦੇ ਅਧੀਨ ਹੀ ਸੰਭਵ ਹੁੰਦਾ ਹੈ।

**(ਡਾ. ਸੋਮਾ ਮਰਲਾ, ਆਈ ਸੀ ਏ ਆਰ ਦੇ ਪ੍ਰਮੁੱਖ ਵਿਗਿਆਨੀ (ਸੇਵਾਮੁਕਤ), ਨਵੀਂ ਦਿੱਲੀ)**

# ਦੁਨੀਆ ਨੂੰ ਤੇਜ਼ੀ ਨਾਲ ਬਦਲ ਰਹੀ ਹੈ ਤਕਨੀਕ



ਗੁਰਚਰਨ ਸਿੰਘ ਨੂਰਪੁਰ

ਸਦੀਆਂ ਤੋਂ ਮਨੁੱਖ ਇਸ ਦੁਨੀਆ ਨੂੰ ਬਦਲਦਾ ਆਇਆ ਹੈ। ਇੱਕ ਸਦੀ ਪਹਿਲਾਂ ਤੱਕ ਇਹ ਬਦਲਾਅ ਬਹੁਤ ਧੀਮਾ ਸੀ। ਹੁਣ ਅਸੀਂ ਉਸ ਦੌਰ ਵਿੱਚ ਪ੍ਰਵੇਸ਼ ਕਰ ਗਏ ਹਾਂ, ਜਿੱਥੇ ਸਾਡਾ ਆਲਾ-ਦੁਆਲਾ ਹੀ ਨਹੀਂ, ਬਲਕਿ ਅਸੀਂ ਵੀ ਬੜੀ ਤੇਜ਼ੀ ਨਾਲ ਬਦਲ ਰਹੇ ਹਾਂ। ਹੁਣ ਮਨੁੱਖ ਬੜੀ ਤੇਜ਼ੀ ਨਾਲ ਆਪਣੇ ਆਲੇ-ਦੁਆਲੇ ਨੂੰ ਹੀ ਨਹੀਂ ਬਦਲ ਰਿਹਾ, ਬਲਕਿ ਮਨੁੱਖੀ ਸੁਭਾਅ ਵਿੱਚ ਵੀ ਵੱਡੀਆਂ ਤਬਦੀਲੀਆਂ ਵੇਖਣ ਨੂੰ ਮਿਲ ਰਹੀਆਂ ਹਨ। ਦੂਜੇ ਅਰਥਾਂ ਵਿੱਚ ਤਰੱਕੀ ਤੇ ਵਿਕਾਸ ਦੁਆਰਾ ਆਏ ਬਦਲਾਅ ਨਾਲ ਇਹ ਦੁਨੀਆ ਬੜੀ ਤੇਜ਼ੀ ਨਾਲ ਬਦਲਣ ਲੱਗੀ ਹੈ। ਇਹ ਬਦਲਾਅ ਹੁਣ ਮਨੁੱਖ ਦੇ ਮਨ ਮਸਤਕ ਤੇ ਵਿਹਾਰ ਨੂੰ ਵੀ ਬਦਲਣ ਦੇ ਸਮਰੱਥ ਹੋ ਗਿਆ ਹੈ।

ਤਕਨੀਕੀ ਵਿਕਾਸ ਦੇ ਇਸ ਦੌਰ ਵਿੱਚ ਇੰਟਰਨੈੱਟ ਨੇ ਮਨੁੱਖ ਦੇ ਸੁਭਾਅ 'ਤੇ ਸਭ ਤੋਂ ਵੱਧ ਅਸਰ ਪਾਇਆ ਹੈ। ਇਹਦਾ ਨਤੀਜਾ ਕੀ ਹੋਵੇਗਾ, ਇਸ ਦਾ ਸਹੀ-ਸਹੀ ਮੁਲਾਂਕਣ ਫਿਲਹਾਲ ਅਸੰਭਵ ਜਿਹਾ ਹੈ। ਮੋਬਾਇਲ ਇੰਟਰਨੈੱਟ ਨੇ ਇੱਕ ਤਰਾ ਨਾਲ ਪੂਰੀ ਦੁਨੀਆ ਨੂੰ ਤਬਦੀਲ ਕਰ ਕੇ ਰੱਖ ਦਿੱਤਾ ਹੈ। ਇਹ ਦੁਨੀਆ ਹੁਣ ਇੱਕ ਦੁਨੀਆ ਨਹੀਂ ਰਹੀ, ਬਲਕਿ ਦੋ ਹਿੱਸਿਆਂ ਵਿੱਚ ਵੰਡੀ ਗਈ ਹੈ, ਇੱਕ ਦੁਨੀਆ ਉਹ ਹੈ,ਜੋ ਅਸੀਂ ਆਪਣੇ ਆਲੇ-ਦੁਆਲੇ ਦੇਖਦੇ ਹਾਂ, ਦੂਜੀ ਉਹ ਹੈ ਜਿਸ ਦੀ ਖਿੜਕੀ ਸਾਡੇ ਮੋਬਾਇਲ ਫੋਨ ਦੀ ਸਕਰੀਨ ਰਾਹੀਂ ਸਾਡੇ ਸਾਹਮਣੇ ਖੁੱਲ੍ਹਦੀ ਹੈ। ਅਸੀਂ ਆਪਣੀਆਂ ਲੋੜਾਂ ਦੀ ਪੂਰਤੀ ਲਈ ਸ਼ਹਿਰ ਬਾਜ਼ਾਰ ਜਾਂਦੇ ਹਾਂ। ਵਸਤਾਂ ਖਰੀਦਦੇ ਹਾਂ। ਵਸਤਾਂ ਦੇ ਸਵਾਦ ਚੱਖ ਕੇ ਵੇਖਦੇ ਹਾਂ। ਕੱਪੜਾ, ਬੂਟ-ਜੁਰਾਬਾਂ, ਗਹਿਣੇ, ਖਾਣ-ਪੀਣ ਦੀਆਂ ਵਸਤਾਂ, ਜੁੱਤੀਆਂ, ਸੌਦਾ ਪੱਤਾ ਤੇ ਕਿਤਾਬਾਂ-ਕਾਪੀਆਂ ਆਦਿ ਦੇਖਦੇ ਹਾਂ, ਨਗਦੀ ਦਿੰਦੇ ਹਾਂ ਤੇ ਆਪਣੇ ਹੱਥੀਂ ਇਹ ਸਭ ਕੁਝ ਖਰੀਦਦੇ ਹਾਂ। ਅੱਜ ਤੋਂ 50 ਕੁ ਸਾਲ ਪਹਿਲਾਂ ਤੱਕ ਕਿਸੇ ਨੇ ਕਦੇ ਇਹ ਨਹੀਂ ਸੋਚਿਆ ਹੋਣਾ ਕਿ ਇਹ ਸਭ ਤਰ੍ਹਾਂ ਦੀਆਂ ਦੁਕਾਨਾਂ ਸਾਡੇ ਘਰ ਵਿੱਚ ਮੋਬਾਇਲ ਦੀ ਇੱਕ ਛੋਟੀ ਜਿਹੀ ਸਕਰੀਨ 'ਤੇ ਹਾਜ਼ਰ ਹੋਣਗੀਆਂ। ਇਹ ਸਭ ਤਰ੍ਹਾਂ ਦੇ ਬਾਜ਼ਾਰ ਸਾਡੇ ਘਰਾਂ ਵਿੱਚ ਪ੍ਰਵੇਸ਼ ਕਰ ਜਾਣਗੇ ਤੇ ਦੁਨੀਆ ਭਰ ਦੀਆਂ ਉਹ ਚੀਜ਼ਾਂ ਜੋ ਸਾਨੂੰ ਕਦੇ ਇੱਕ ਨੇੜਲੇ ਸ਼ਹਿਰ ਤੋਂ ਨਹੀਂ ਵੀ ਮਿਲਦੀਆਂ, ਉਹ ਵੀ ਘਰ ਬੈਠਿਆਂ ਮੋਬਾਇਲ ਦੀ ਸਕਰੀਨ 'ਤੇ ਵੇਖ ਕੇ ਖਰੀਦ ਸਕਾਂਗੇ। ਇਹਨਾਂ ਵਸਤਾਂ ਦੀ ਖਰੀਦਦਾਰੀ ਕਰਦਿਆਂ ਸਾਨੂੰ ਆਪਣੇ ਬਟੂਆ 'ਚੋਂ ਨਗਦੀ ਕੱਢ ਕੇ ਦੇਣ ਦੀ ਵੀ ਲੋੜ ਨਹੀਂ। ਮੋਬਾਇਲ ਦੀ ਸਕਰੀਨ ਰਾਹੀਂ ਹੀ ਭੁਗਤਾਨ ਹੋ ਜਾਇਆ ਕਰੇਗਾ। ਜੇਕਰ ਪੰਜਾਹ ਸਾਲ ਪਹਿਲਾਂ ਸਾਨੂੰ ਕੋਈ ਇਸ ਬਾਜ਼ਾਰ ਬਾਰੇ ਦੱਸਦਾ ਤਾਂ ਸ਼ਾਇਦ ਅਸੀਂ ਉਹਦੀ ਅਕਲ 'ਤੇ ਹੱਸਦੇ, ਪਰ ਹੁਣ ਇਹ ਸਭ ਕੁਝ ਅਸੀਂ ਦੇਖ ਰਹੇ ਹਾਂ, ਕਰ ਰਹੇ ਹਾਂ। ਬੜੀ ਤੇਜ਼ੀ ਨਾਲ ਇਸ ਬਾਜ਼ਾਰ ਦਾ ਵਿਸਥਾਰ ਵਧ ਰਿਹਾ ਹੈ। ਅਜਿਹੀਆਂ ਜੁਗਤਾਂ 'ਤੇ ਕੰਮ ਹੋ ਰਿਹਾ ਹੈ, ਤੁਸੀਂ ਆਰਡਰ ਕਰੋ ਤੇ ਘੱਟ ਤੋਂ ਘੱਟ ਸਮੇਂ ਵਿੱਚ ਉਹ ਚੀਜ਼ ਤੁਹਾਡੇ ਹੱਥਾਂ ਵਿੱਚ ਹੋਵੇ। ਇਸ ਬਾਜ਼ਾਰ ਨੇ ਹੁਣ ਸਾਡੇ ਬਾਹਰੀ ਬਾਜ਼ਾਰ ਨੂੰ ਵੀ ਫਿਕਰ ਵਿੱਚ ਪਾ ਦਿੱਤਾ ਹੈ। ਵੱਡੀ ਗਿਣਤੀ ਵਿੱਚ ਲੋਕ ਹੁਣ ਖਰੀਦੋ-ਫਰੋਖਤ ਕਰਨ ਲਈ ਪੈਸਿਆਂ ਵਾਲਾ ਪਰਸ ਲੈ ਕੇ ਬਾਜ਼ਾਰ ਨਹੀਂ ਜਾਂਦੇ, ਬਲਕਿ ਆਪਣੇ ਮੋਬਾਇਲ ਰਾਹੀਂ ਹੀ ਭੁਗਤਾਨ ਕਰਦੇ ਹਨ। ਜਿੱਥੇ ਅਸੀਂ ਅਕਸਰ ਆਖਦੇ ਹਾਂ ਕਿ ਕੈਮਰਾ, ਘੜੀ, ਡਾਇਰੀ, ਟਾਰਚ, ਕਿਤਾਬ, ਰੇਡੀਓ, ਚਿੱਠੀਆਂ, ਟੀ ਵੀ, ਟੇਪ ਰਿਕਾਰਡ, ਕੈਲਕੁਲੇਟਰ, ਕੈਲੰਡਰ, ਐਲਬਮ, ਨਕਸ਼ੇ ਆਦਿ ਨੂੰ ਮੋਬਾਇਲ ਫੋਨ ਨੇ ਨਿਗਲ ਲਿਆ ਹੈ। ਉੱਥੇ ਹੁਣ ਅਸੀਂ ਇਹ ਵੀ ਕਹਾਂਗੇ ਕਿ ਸਾਡੇ ਪਰਸ ਤੇ ਬੈਂਕ ਦੀ ਲੋੜ ਨੂੰ ਵੀ ਮੋਬਾਇਲ ਫੋਨ ਨੇ ਖਤਮ ਕਰ ਦਿੱਤਾ ਹੈ। ਭਵਿੱਖ ਵਿੱਚ ਬੈਂਕਾਂ, ਡਾਕਖਾਨਿਆਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਲੋੜ ਨਹੀਂ ਰਹੇਗੀ। ਬੈਂਕ ਦੀਆਂ ਸਭ ਤਰ੍ਹਾਂ ਦੀਆਂ ਸੇਵਾਵਾਂ ਮੋਬਾਇਲ ਫੋਨ ਤੋਂ ਹੀ ਜਾਰੀ ਹੋਣਗੀਆਂ। ਹੁਣ ਵੀ ਦੁਨੀਆ ਦੇ ਵਿਕਸਤ ਮੁਲਕਾਂ ਵਿੱਚ ਸਰਕਾਰੀ ਦਫਤਰਾਂ ਦੇ ਸਟਾਫ ਦੀ ਛਾਂਟੀ ਕੀਤੀ ਜਾ ਰਹੀ ਹੈ। ਜੇਕਰ ਅਦਾਰੇ ਨਾਲ ਸੰਬੰਧਤ ਕੰਮ ਹੈ ਤਾਂ ਕਰਮਚਾਰੀ ਘਰ ਬੈਠਾ ਹੀ ਇਹ ਕੰਮ ਕਰ ਸਕੇਗਾ, ਉਸ ਨੂੰ ਦਫਤਰ ਜਾਣ ਦੀ ਲੋੜ ਨਹੀਂ। ਬੜੀ ਜਲਦੀ ਸਭ ਤਰ੍ਹਾਂ ਦੇ ਸਰਕਾਰੀ ਅਤੇ ਗੈਰ ਸਰਕਾਰੀ ਦਫਤਰ ਇੱਕ ਯਾਦ ਬਣ ਕੇ ਰਹਿ ਜਾਣਗੇ। ਇਹਨਾਂ ਦੀ ਲੋੜ ਨੂੰ ਇੰਟਰਨੈੱਟ ਦੀ ਦੁਨੀਆ ਖਤਮ ਕਰ ਦੇਵੇਗੀ। ਹੋ ਸਕਦਾ ਹੈ ਸਾਡੇ 'ਚੋਂ ਬਹੁਤਿਆਂ ਨੂੰ ਇਹ ਗੱਲ ਅਜੀਬ ਲੱਗੇ, ਪਰ ਹੋਣ ਵਾਲਾ ਨਹੀਂ, ਬਲਕਿ ਹੋਣਾ ਸ਼ੁਰੂ ਹੋ ਗਿਆ ਹੈ। ਬਹੁਤ ਸਾਰੀਆਂ ਵੱਡੀਆਂ ਕੰਪਨੀਆਂ ਆਪਣੇ ਦਫਤਰਾਂ ਨੂੰ ਬੰਦ ਕਰ ਰਹੀਆਂ ਹਨ। ਸਾਡੀਆਂ ਅਰਜ਼ੀਆਂ ਇੰਟਰਨੈੱਟ ਰਾਹੀਂ ਲਈਆਂ ਜਾਣਗੀਆਂ ਅਤੇ ਇੰਟਰਨੈੱਟ ਰਾਹੀਂ ਹੀ ਇਹਨਾਂ ਦੇ ਹੱਲ ਸੁਝਾਏ ਜਾਣਗੇ।

ਭਵਿੱਖ ਵਿੱਚ ਮੋਬਾਇਲ ਫੋਨਾਂ ਰਾਹੀਂ ਹੋਲੋਗ੍ਰਾਫੀ ਤਕਨੀਕ ਦੀ ਵਰਤੋਂ ਹੋਣ ਲੱਗੇਗੀ। ਇਸ ਵਿੱਚ ਲੇਜ਼ਰ ਬੀਮ ਰਾਹੀਂ ਲਾਈਟ ਨੂੰ ਰਿਕਾਰਡ ਕਰਨ ਦੀ ਸਮਰੱਥਾ ਹਾਸਲ ਕਰ ਲਈ ਗਈ ਹੈ। ਆਉਂਦੇ ਕੁਝ ਹੀ ਸਾਲਾਂ ਵਿੱਚ ਆਪਣੇ ਘਰ ਬੈਠਾ ਵਿਅਕਤੀ ਹੋਰ ਥਾਂਵਾਂ 'ਤੇ ਵੀ ਹਾਜ਼ਰ ਹੋਵੇਗਾ। ਹਾਜ਼ਰ ਹੀ ਨਹੀਂ ਹੋਵੇਗਾ, ਚੀਜ਼ਾਂ ਖਰੀਦ ਸਕੇਗਾ, ਡਾਕਟਰ ਮਰੀਜ਼ ਨੂੰ ਚੈੱਕ ਕਰ ਸਕੇਗਾ, ਆਪਣੇ ਘਰ ਬੈਠਾ ਅਧਿਆਪਕ ਬੱਚਿਆਂ ਨੂੰ ਪੜ੍ਹਾ ਸਕੇਗਾ, ਦਫਤਰਾਂ ਦੇ ਕੰਮ-ਕਾਜ ਕਰਮਚਾਰੀ ਘਰ ਬੈਠੇ ਹੀ ਤੁਹਾਡੇ ਘਰ ਹਾਜ਼ਰ ਹੋ ਕੇ ਕਰ ਸਕਣਗੇ। ਇੱਕ ਦੇਸ਼ ਵਿੱਚ ਬੈਠਾ ਬੰਦਾ ਦੂਜੇ ਦੇਸ਼ ਵਿੱਚ ਹਾਜ਼ਰ ਹੋਵੇਗਾ। ਇੱਥੇ ਹੀ ਬਸ ਨਹੀਂ, ਕੋਈ ਵਿਅਕਤੀ ਜੋ ਹੁਣ ਇਸ ਦੁਨੀਆ 'ਤੇ ਨਹੀਂ ਰਿਹਾ, ਉਹ ਇਸ ਤਕਨੀਕ ਰਾਹੀਂ ਉਸ ਦੀ ਰਿਕਾਰਡ ਕੀਤੀ ਗੱਲਬਾਤ ਨੂੰ ਜਿਵੇਂ ਅਸੀਂ ਉਸ ਦੇ ਜਾਣ ਮਗਰੋਂ ਵੀ ਸੁਣ ਸਕਦੇ ਹਾਂ, ਇਸੇ ਤਰ੍ਹਾਂ ਉਸ ਦੀ ਰਿਕਾਰਡ ਕੀਤੀ ਥ੍ਰੀ ਡੀ ਇਮੇਜ਼ ਨਾਲ ਬੈਠ ਕੇ ਗੱਲਬਾਤ ਕੀਤੀ ਜਾ ਸਕੇਗੀ, ਪਰ ਇਹ ਉਹੀ ਗੱਲਬਾਤ ਹੋਵੇਗੀ, ਜੋ ਉਸ ਦੇ ਜਿਊਂਦੇ ਜੀ ਰਿਕਾਰਡ ਕੀਤੀ ਗਈ ਹੋਵੇ। ਉਹ ਵਿਅਕਤੀ ਹੂਬਹੂ ਸਾਡੇ ਸਾਹਮਣੇ ਬੈਠਾ ਨਜ਼ਰ ਆਵੇਗਾ। ਇੱਕ ਮੁਲਕ ਵਿੱਚ ਬੈਠਾ ਬੰਦਾ ਦੂਜੇ ਦੇਸ਼ ਵਿੱਚ ਆਪਣੇ ਵਿੱਚ ਹਾਜ਼ਰ ਹੋਵੇਗਾ। ਇਹ ਸਭ ਕੁਝ ਕੋਈ ਬਹੁਤ ਦੂਰ ਨਹੀਂ, ਬਹੁਤ ਜਲਦੀ ਹੋਣ ਜਾ ਰਿਹਾ ਹੈ। ਇਸ ਤਕਨੀਕ ਨੂੰ ਹੋਲੋਗ੍ਰਾਫੀ ਤਕਨੀਕ ਆਖਿਆ ਜਾਂਦਾ ਹੈ, ਇਸ ਤਕਨੀਕ ਦੀ ਵਰਤੋਂ ਨਾਲ ਭਵਿੱਖ ਦੀ ਦੁਨੀਆ ਬੜੀ ਵਿਲੱਖਣ ਹੋਣ ਜਾ ਰਹੀ ਹੈ।

ਮੋਬਾਇਲ ਫੋਨ ਦੀ ਅੰਨ੍ਹੀ ਵਰਤੋਂ ਸਾਡੇ ਵਿਹਾਰ ਨੂੰ ਬਦਲ ਰਹੀ ਹੈ। ਇਸ ਦਾ ਸਾਡੇ ਦਿਮਾਗ ਅਤੇ ਖਾਸ ਕਰਕੇ ਸਾਡੇ ਸੋਚਣ-ਸਮਝਣ ਦੀ ਸ਼ਕਤੀ ਅਤੇ ਸਾਡੀ ਸੰਵੇਦਨਸ਼ੀਲਤਾ 'ਤੇ ਇਸ ਦਾ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ। ਮਿਸਾਲ ਵਜੋਂ ਸਾਡੇ ਗਲੀ-ਮੁਹੱਲੇ ਵਿੱਚ ਜੇਕਰ ਕੋਈ ਮਾੜੀ ਘਟਨਾ ਵਾਪਰ ਗਈ ਹੈ, ਕਿਸੇ ਦੀ ਮੌਤ ਹੋ ਗਈ ਹੈ ਤਾਂ ਕੁਦਰਤੀ ਗੱਲ ਹੈ ਕਿ ਸਾਡਾ ਮਨ ਉਦਾਸੀ ਦੇ ਭਾਵ ਵਿੱਚ ਹੋਵੇਗਾ। ਮਨ ਦੀ ਤੰਦਰੁਸਤੀ ਲਈ ਇਹ ਬੜਾ ਜ਼ਰੂਰੀ ਹੈ ਕਿ ਉਦਾਸ ਕਰਨ ਵਾਲੀ ਘਟਨਾ ਨਾਲ ਕੁਝ ਸਮੇਂ ਤੱਕ ਸਾਡਾ ਮਨ ਉਦਾਸੀ ਦੇ ਭਾਵ ਵਿੱਚ ਹੋਵੇ ਅਤੇ ਖੁਸ਼ੀ ਦੇਣ ਵਾਲੀ ਘਟਨਾ ਸਾਨੂੰ ਖੁਸ਼ੀ ਵੀ ਦੇਵੇ, ਪਰ ਇੰਟਰਨੈੱਟ ਇਸ ਪੱਖੋਂ ਸਾਨੂੰ ਸੰਵੇਦਨਹੀਣ ਬਣਾ ਰਿਹਾ ਹੈ। ਕੁਝ ਸਕਿੰਟ ਦੀਆਂ ਰੀਲ੍ਹਾਂ ਵੇਖਦਿਆਂ ਪਲ-ਪਲ 'ਤੇ ਸਾਡੇ ਮਨ ਦੇ ਭਾਵ ਬਦਲਦੇ ਹਨ। ਇੱਕ ਵੀਡੀਓ ਵਿੱਚ ਜੇਕਰ ਅਸੀਂ ਦੇਖਦੇ ਹਾਂ ਕਿ ਇੱਕ ਬੱਚੇ ਨੂੰ ਬੇਰਹਿਮੀ ਨਾਲ ਕੁੱਟਿਆ-ਮਾਰਿਆ ਜਾ ਰਿਹਾ ਹੈ ਤਾਂ ਦੂਜੀ ਵੀਡੀਓ ਵਿੱਚ ਵਿਆਹ ਦੇ ਜਸ਼ਨਾਂ ਦੇ ਗੀਤ ਗਾਏ ਜਾ ਰਹੇ ਹਨ, ਇੱਕ ਵੀਡੀਓ ਵਿੱਚ ਕਿਸੇ ਨੂੰ ਬੈਠੇ-ਬੈਠੇ ਬੰਦੇ ਨੂੰ ਹਾਰਟ ਅਟੈਕ ਆ ਰਿਹਾ ਹੈ, ਦੂਜੀ ਵੀਡੀਓ ਵਿੱਚ ਲਜ਼ੀਜ਼ ਖਾਣੇ ਪਰੋਸਣ ਦੀ ਕਲਾ ਦੱਸੀ ਜਾ ਰਹੀ ਹੈ। ਇਹ ਮਾਤਮ 'ਤੇ ਬੈਠੇ ਨੂੰ ਉੱਠ ਕੇ ਤੁਰੰਤ ਭੰਗੜਾ ਪਾਉਣ ਲਈ ਕਹਿਣ ਜਿਹੀ ਸਥਿਤੀ ਹੈ। ਇਹ ਸਭ ਕੁਝ ਸਾਡੇ ਮਨ ਦੇ ਭਾਵ ਨੂੰ ਪਲ-ਪਲ 'ਤੇ ਬਦਲਦਾ ਹੈ, ਜਿਸ ਕਰਕੇ ਸਾਡੇ ਮਨ ਦੀ ਤੰਦਰੁਸਤੀ ਲਈ ਇਹ ਸਭ ਕੁਝ ਬਹੁਤ ਵੱਡਾ ਖਤਰਾ ਬਣ ਗਿਆ ਹੈ। ਇਹ ਸਭ ਕੁਝ ਸਾਡੇ ਮਨ ਨੂੰ ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਭਾਵਨਾਤਮਿਕ ਤੌਰ 'ਤੇ ਤੇਜ਼ੀ ਨਾਲ ਸੰਵੇਦਨਹੀਣ ਬਣਾ ਰਿਹਾ ਹੈ। ਇਹ ਵਰਤਾਰੇ ਸਾਡੇ ਰਿਸ਼ਤੇ-ਨਾਤੇ, ਮੇਲ-ਜੋਲ, ਮੋਹ-ਪਿਆਰ ਲਈ ਬੇਹੱਦ ਖਤਰਨਾਕ ਹੈ। ਇਸ ਦਾ ਅਸਰ ਸਾਡੇ ਵਿਹਾਰ, ਕੰਮ ਕਰਨ ਦੀ ਯੋਗਤਾ, ਸਾਡੇ ਕੈਰੀਅਰ ਅਤੇ ਭਵਿੱਖ ਦੀਆਂ ਯੋਜਨਾਵਾਂ 'ਤੇ ਹੁੰਦਾ ਹੈ, ਜਿਸ ਦੀ ਚਰਚਾ ਫਿਲਹਾਲ ਕਿਸੇ ਪਾਸੇ ਨਹੀਂ ਹੋ ਰਹੀ। ਮਨੁੱਖ ਦੀ ਇਹ ਮਨੋਬਿਰਤੀ ਹੈ ਕਿ ਇਹ ਹਰ ਪਲ ਕੁਝ ਨਵਾਂ ਚਾਹੁੰਦਾ ਹੈ। ਮੋਬਾਇਲ ਫੋਨ 'ਤੇ ਚੱਲਦੀਆਂ ਐਪਾਂ ਨੇ ਮਨੁੱਖ ਦੀ ਇਸ ਕਮਜ਼ੋਰੀ ਨੂੰ ਜਾਣ-ਸਮਝ ਲਿਆ ਹੈ। ਮਿੰਟਾਂ-ਸਕਿੰਟਾਂ ਵਿੱਚ ਮਿਲਦੇ ਸੰਦੇਸ਼, ਨੋਟੀਫਿਕੇਸ਼ਨ, ਪਲ-ਪਲ 'ਤੇ ਵੱਜਦੀ ਟਿਊਨ ਸਾਨੂੰ ਹਰ ਸਮੇਂ ਸਾਡੀ ਇਕਾਗਰਤਾ ਨੂੰ ਭੰਗ ਕਰਦੇ ਹਨ। ਮੋਬਾਇਲ ਫੋਨ ਅਜਿਹੀ ਵਸਤ ਬਣ ਗਿਆ ਹੈ, ਜਿਸ ਰਾਹੀਂ ਸਾਨੂੰ ਪਤਾ ਹੀ ਨਹੀਂ ਹੁੰਦਾ ਕਿ ਅਗਲੇ ਪੰਜ ਸੈਕਿੰਡ ਬਾਅਦ ਸਾਡਾ ਮਨ ਕਿਸ ਭਾਵ ਵਿੱਚ ਹੋਵੇਗਾ।

ਮੋਬਾਇਲ ਇੱਕ ਤਰ੍ਹਾਂ ਨਾਲ ਸਾਡੀ ਜ਼ਹਿਨੀ ਗੁਲਾਮੀ ਦਾ ਬਹੁਤ ਵੱਡਾ ਕਾਰਨ ਬਣ ਗਿਆ ਹੈ। ਰੋਟੀ ਖਾਂਦਿਆਂ, ਨਹਾਉਂਦਿਆਂ, ਕਿਸੇ ਨਾਲ ਗੱਲਬਾਤ ਕਰਦਿਆਂ ਜੇਕਰ ਅਸੀਂ ਆਪਣਾ ਮੋਬਾਇਲ ਫੋਨ ਵਾਰ-ਵਾਰ ਦੇਖਦੇ ਹਾਂ, ਅਜਿਹੀ ਸਥਿਤੀ ਨੂੰ ਕਿਸੇ ਨਸ਼ੇ ਦੀ ਆਦਤ ਵਾਂਗ ਮੋਬਾਇਲ ਦੀ ਐਡੀਕਸ਼ਨ ਕਿਹਾ ਜਾਂਦਾ ਹੈ। ਇਸ ਸਥਿਤੀ ਤੋਂ ਸੁਚੇਤ ਹੋਣ ਦੀ ਲੋੜ ਹੈ। ਨਸ਼ੇ ਛੁਡਾਉਣ ਵਾਂਗ ਮਨੋਰੋਗ ਹਸਪਤਾਲਾਂ ਵਿੱਚ ਹੁਣ ਮੋਬਾਇਲ ਫੋਨ ਐਡੀਕਸ਼ਨ ਸੈਂਟਰ ਵੀ ਬਣਨ ਲੱਗੇ ਹਨ।

ਇਸ ਸਭ ਦੇ ਬਾਵਜੂਦ ਮੋਬਾਇਲ ਫੋਨ ਮਨੁੱਖ ਲਈ ਬਹੁਤ ਜ਼ਰੂਰੀ ਹੈ। ਇੱਕ ਵਿਲੱਖਣ ਕਾਢ ਹੈ ਜਿਸ ਦੀ ਜੇਕਰ ਸਹੀ ਵਰਤੋਂ ਕਰਨੀ ਅਸੀਂ ਸਿੱਖ ਜਾਈਏ ਤਾਂ ਇਹ ਸਾਡੇ ਲਈ ਵਰਦਾਨ ਸਾਬਿਤ ਹੋ ਸਕਦਾ ਹੈ। ਇਹ ਸਾਨੂੰ ਕਾਰੋਬਾਰ ਕਰਨ ਵਿੱਚ ਵੱਡਾ ਮਦਦਗਾਰ ਸਾਬਿਤ ਹੋ ਸਕਦਾ ਹੈ, ਸਾਨੂੰ ਦੁਨੀਆ ਭਰ ਦੇ ਲੋਕਾਂ ਨਾਲ ਜੋੜਨ ਵਿੱਚ ਸਹਾਈ ਹੋ ਸਕਦਾ ਹੈ। ਬਹੁਤ ਸਾਰੇ ਕੰਮ ਜੋ ਅਸੀਂ ਮੀਲਾਂ ਦੂਰ ਕਿਤੇ ਜਾ ਕੇ ਕਰਨੇ ਹੁੰਦੇ ਹਨ ਉਹ ਘਰ ਬੈਠਿਆਂ ਮਿੰਟਾਂ-ਸਕਿੰਟਾਂ ਵਿੱਚ ਕਰ ਸਕਦੇ ਹਾਂ। ਦੁਨੀਆ ਦੇ ਦੂਜੇ ਪਾਸੇ ਬੈਠੇ ਕਿਸੇ ਆਪਣੇ ਦੀ ਸੁੱਖ-ਸਾਂਦ ਅਸੀਂ ਘਰ ਬੈਠੇ ਪੁੱਛ ਸਕਦੇ ਹਾਂ। ਮਨੋਰੰਜਨ ਕਰ ਸਕਦੇ ਹਾਂ। ਕਿਸੇ ਵਿਸ਼ੇ ਦੀ ਜਾਣਕਾਰੀ ਲੈ ਸਕਦੇ ਹਾਂ। ਇਸ ਦੀ ਮਦਦ ਨਾਲ ਮਿੱਥੀ ਮੰਜ਼ਿਲ 'ਤੇ ਪਹੁੰਚ ਸਕਦੇ ਹਾਂ। ਘਰ ਬੈਠੇ ਕਿਸੇ ਸ਼ਹਿਰ ਦੀ ਦੂਰੀ ਅਤੇ ਉੱਥੋਂ ਦਾ ਮੌਸਮ ਆਦਿ ਵੇਖ ਸਕਦੇ ਹਾਂ। ਇਹ ਸੱਚ ਹੈ ਹੁਣ ਮਨੁੱਖ ਜਾਤੀ ਦਾ ਮੋਬਾਇਲ ਫੋਨ ਬਗੈਰ ਗੁਜ਼ਾਰਾ ਨਹੀਂ।

ਅਸੀਂ ਤਕਨੀਕੀ ਵਿਕਾਸ ਦੇ ਜਿਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ, ਉੱਥੇ ਮੋਬਾਇਲ ਫੋਨ ਵੱਲੋਂ ਕੀਤੀਆਂ ਜਾਣ ਵਾਲੀਆਂ ਬਹੁਤ ਸਾਰੀਆਂ ਕਰਾਮਾਤਾਂ ਫਿਲਹਾਲ ਅਜੇ ਬਾਕੀ ਹਨ। ਮਨੁੱਖੀ ਮਨ ਅਤੇ ਤੇਜ਼ੀ ਨਾਲ ਬਦਲ ਰਹੇ ਵਰਤਾਰਿਆਂ ਨੂੰ ਧਿਆਨ ਵਿੱਚ ਰੱਖਦਿਆਂ ਦੁਨੀਆ ਭਰ ਦੇ ਸਮਾਜਿਕ ਚਿੰਤਕ ਇਸ ਗੱਲੋਂ ਚਿੰਤਤ ਹੋ ਰਹੇ ਹਨ ਕਿ ਤਕਨੀਕ ਦਾ ਇਹ ਵਿਕਾਸ ਮਨੁੱਖ ਜਾਤੀ ਨੂੰ ਉਹਦੀ ਜ਼ਿਹਨੀ ਗੁਲਾਮੀ ਵੱਲ ਲਿਜਾ ਰਿਹਾ ਹੈ। ਇਹ ਸਭ ਕੁਝ ਸਮੁੱਚੇ ਤੌਰ 'ਤੇ ਮਨੁੱਖ ਜਾਤੀ ਲਈ ਬਹੁਤ ਘਾਤਕ ਹੋਵੇਗਾ।

ਸਾਨੂੰ ਸਮਝਣ ਦੀ ਲੋੜ ਹੈ ਕਿ ਮੋਬਾਇਲ ਦੀ ਸਕਰੀਨ ਵਿੱਚ ਭਟਕ ਕੇ ਨਾ ਰਹਿ ਜਾਈਏ। ਅਸੀਂ ਕੁਦਰਤੀ ਨਜ਼ਾਰਿਆਂ ਨਾਲ ਸੈਲਫੀਆਂ ਲੈਂਦਿਆਂ ਉਹਨਾਂ ਨੂੰ ਮਾਨਣਾ ਭੁੱਲ ਹੀ ਨਾ ਜਾਈਏ। ਵਾਲਪੇਪਰਾਂ ਨੂੰ ਦੇਖਦੇ-ਦੇਖਦੇ ਅਸੀਂ ਕੁਦਰਤ ਨੂੰ ਨਿਹਾਰਨਾ ਭੁੱਲ ਹੀ ਨਾ ਜਾਈਏ। ਸੋਸ਼ਲ ਮੀਡੀਆ ਰਾਹੀਂ ਹੋਰਾਂ ਨਾਲ ਰਿਸ਼ਤੇ ਬਣਾਉਂਦੇ-ਬਣਾਉਂਦੇ ਆਪਣੇ ਪਿਆਰੇ ਰਿਸ਼ਤਿਆਂ ਨੂੰ ਵਿਸਾਰ ਹੀ ਨਾ ਦੇਈਏ। ਮੋਬਾਇਲ ਨੂੰ ਅਸੀਂ ਵਰਤੀਏ, ਪਰ ਦਿਨ ਵਿੱਚ ਕੁਝ ਘੰਟੇ ਇਸ ਤੋਂ ਪਾਸੇ ਹੋ ਕੇ ਆਪਣਿਆਂ ਨਾਲ ਗੱਲਾਂ ਕਰੀਏ, ਕੁਦਰਤ ਦੇ ਰੰਗਾਂ ਨੂੰ ਮਾਣੀਏ ਤੇ ਪੰਛੀਆਂ ਦੀਆਂ ਆਵਾਜ਼ਾਂ ਵੀ ਜ਼ਰੂਰ ਸੁਣੀਏ। ਤੁਹਾਡਾ ਕੀ ਖਿਆਲ ਏ?

# ਸੰਪਰਕ: 98550-51099

1-MAR-PAGE-5.qxd 2/29/2024 10:52 PM Page 1



# ਆਸ਼ਾ ਵਰਕਰਾਂ ਤੇ ਫੈਸਿਲੀਟੇਟਰਜ਼ ਵੱਲੋਂ ਸਿਵਲ ਹਸਪਤਾਲ 'ਚ ਰੋਸ ਪ੍ਰਦਰਸ਼ਨ

## 6 ਨੂੰ ਸਿਹਤ ਮੰਤਰੀ ਨਾਲ ਮੀਟਿੰਗ



**ਸੰਗਰੂਰ, (ਪ੍ਰਵੀਨ ਸਿੰਘ)**-ਆਲ ਇੰਡੀਆ ਆਸ਼ਾ ਵਰਕਰਜ਼ ਤੇ ਆਸ਼ਾ ਫੈਸਿਲੀਟੇਟਰਜ਼ ਯੂਨੀਅਨ ਸਬੰਧਤ ਪੰਜਾਬ ਸਬਾਰਡੀਨੇਟ ਸਰਵਿਸ ਫੈਡਰੇਸ਼ਨ 1680 22 ਬੀ ਚੰਡੀਗੜ੍ਹ ਦੇ ਸੱਦੇ 'ਤੇ ਪੰਜਾਬ ਦੇ ਕੋਨੇ ਕੋਨੇ ਤੋਂ ਵੱਡੀ ਗਿਣਤੀ 'ਚ ਆਈਆਂ ਵਰਕਰਾਂ ਨੇ ਸਥਾਨਕ ਸਿਵਲ ਹਸਪਤਾਲ ਵਿਖੇ ਰੋਸ ਪ੍ਰਦਰਸ਼ਨ ਕੀਤਾ ਅਤੇ ਇਸ ਉਪਰੰਤ ਸੰਗਰੂਰ ਸ਼ਹਿਰ ਦੇ ਬਾਜ਼ਾਰਾਂ ਵਿੱਚ ਰੋਸ ਮਾਰਚ ਕਰਕੇ ਪੰਜਾਬ ਸਰਕਾਰ, ਵਿੱਤ ਵਿਭਾਗ ਤੇ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਖਿਲਾਫ ਤਿੱਖੀ ਨਾਅਰੇਬਾਜ਼ੀ ਕੀਤੀ।

ਇਸ ਐਕਸ਼ਨ ਦੀ ਅਗਵਾਈ ਜਥੇਬੰਦੀ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ, ਜਨਰਲ ਸਕੱਤਰ ਬਲਵੀਰ ਕੌਰ ਗਿੱਲ, ਸੀਨੀਅਰ ਮੀਤ ਪ੍ਰਧਾਨ ਦੁਰਗੋ ਬਾਈ ਫਾਜ਼ਿਲਕਾ ਨੇ ਕੀਤੀ। ਵੱਖ-ਵੱਖ ਬੁਲਾਰਿਆਂ ਵਿੱਤ ਸਕੱਤਰ ਸੀਮਾਂ ਸੋਹਲ ਤਰਨਤਾਰਨ, ਨੀਲਮ ਰਾਣੀ ਫਾਜ਼ਿਲਕਾ, ਵਿੱਤ ਸਕੱਤਰ ਸਵਰਨਜੀਤ ਕੌਰ ਹਰਾਜ, ਸੁਖਵਿੰਦਰ ਕੌਰ ਸੁੱਖੀ (ਸਾਂਝਾ ਫਰੰਟ), ਬਲਵਿੰਦਰ ਕੌਰ ਭੈਣੀ ਬਾਘਾ, ਰਜਿੰਦਰ ਕੌਰ, ਰਾਜਵੀਰ ਕੌਰ ਲੁਧਿਆਣਾ, ਅਮਨਦੀਪ ਕੌਰ ਮੋਗਾ ਨੇ ਵੀ ਆਸ਼ਾ ਵਰਕਰਾਂ ਨੂੰ ਆ ਰਹੀ ਹੈ, ਮੁਸ਼ਕਲਾਂ ਸਾਂਝੀਆਂ ਕੀਤੀਆਂ। ਪੰਜਾਬ ਸਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾ, ਏਟਕ ਦੇ ਸੂਬਾਈ ਆਗੂ ਸੁਖਦੇਵ ਸ਼ਰਮਾ, ਸਲਾਹਕਾਰ ਗੁਰਮੇਲ ਸਿੰਘ ਮੈਲਡੇ, ਸੂਬਾਈ ਆਗੂ ਮੇਲਾ ਸਿੰਘ ਪੁੰਨਾਵਾਲ ਤੇ ਸੀਤਾ ਰਾਮ ਸ਼ਰਮਾ ਨੇ ਉਚੇਚੇ ਤੌਰ 'ਤੇ ਸ਼ਾਮਲ ਹੋ ਕੇ ਭਰਾਤਰੀ ਜਥੇਬੰਦੀਆਂ ਵੱਲੋਂ ਮੰਗਾਂ ਦੀ ਪੂਰਨ ਹਮਾਇਤ ਕੀਤੀ ਅਤੇ ਸੰਘਰਸ਼ਾਂ 'ਚ ਪੂਰਨ ਸਹਿਯੋਗ ਕਰਨ ਦਾ ਵਿਸ਼ਵਾਸ ਦਿਵਾਇਆ। ਆਗੂਆਂ ਨੇ ਆਪਣੇ ਸੰਬੋਧਨ ਵਿੱਚ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਆਸ਼ਾ ਵਰਕਰਾਂ ਤੇ ਆਸ਼ਾ ਫੈਸਿਲੀਟੇਟਰ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਇਸ ਕਰਕੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਅੱਜ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੀ ਸੰਗਰੂਰ ਰਿਹਾਇਸ਼ ਵੱਲ ਮਾਸ ਡੈਪੂਟੇਸ਼ਨ ਦੇ ਰੂਪ ਵਿੱਚ ਜਾ ਕੇ ਮਿਲਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਥੇਬੰਦੀ ਮੰਗ ਕਰ ਰਹੀ ਹੈ ਕਿ ਆਸ਼ਾ ਵਰਕਰਾਂ ਤੇ ਸੁਪਰਵੀਜ਼ਰਾਂ ਦੀਆਂ ਸਾਰੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਇਸ ਮੌਕੇ ਚੱਲ ਰਹੇ ਰੋਸ ਪ੍ਰਦਰਸ਼ਨ ਵਿੱਚ ਡਿਊਟੀ ਮਜਿਸਟ੍ਰੇਟ ਸ੍ਰ: ਹਰਦੀਪ ਸਿੰਘ ਵੱਲੋਂ ਆਗੂਆਂ ਤੋਂ ਮੰਗ ਪੱਤਰ ਪ੍ਰਾਪਤ ਕੀਤਾ ਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨਾਲ 6 ਮਾਰਚ ਨੂੰ ਚੰਡੀਗੜ੍ਹ ਵਿਖੇ ਮੀਟਿੰਗ ਦਾ ਸਮਾਂ ਤੈਅ ਹੋਣ ਉਪਰੰਤ ਆਸ਼ਾ ਵਰਕਰਾਂ ਦਾ ਗੁੱਸਾ ਸ਼ਾਂਤ ਹੋਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਸ਼ਾ ਵਰਕਰ ਆਗੂ ਰਾਣੀ ਖੇੜੀ ਗਿੱਲਾਂ ਕਨਵੀਨਰ ਸਾਂਝਾ ਫਰੰਟ, ਸਿੰਬਲਜੀਤ ਕੌਰ ਝੱਖੜ ਵਾਲਾ, ਗੁਰਦੇਵ ਕੌਰ ਫਾਜ਼ਿਲਕਾ ਤੇ ਵੀਰਪਾਲ ਕੌਰ ਮਾਨਸਾ ਸਮੇਤ ਵੱਡੀ ਗਿਣਤੀ 'ਚ ਆਸ਼ਾ ਵਰਕਰਾਂ ਸ਼ਾਮਲ ਸਨ।

# ਕਿਸਾਨੀ ਸੰਘਰਸ਼ ਦੇ ਹੱਕ 'ਚ ਕਾਂਗਰਸ ਵੱਲੋਂ ਟਰੈਕਟਰ ਮਾਰਚ

## ਅੰਨਦਾਤਾ ਨਾਲ ਦੇਸ਼ ਦੀਆਂ ਸਰਕਾਰਾਂ ਵੱਲੋਂ ਅਜਿਹਾ ਵਤੀਰਾ ਮੰਦਭਾਗਾ : ਸਿੰਗਲਾ



**ਨਾਭਾ (ਵਰਿੰਦਰ ਵਰਮਾ)**-ਨਾਭਾ ਵਿਖੇ ਕਾਂਗਰਸ ਪਾਰਟੀ ਦੇ ਅਹੁਦੇਦਾਰਾਂ ਤੇ ਵਰਕਰਾਂ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਟਰੈਕਟਰ ਮਾਰਚ ਕੀਤਾ ਗਿਆ।ਟਰੈਕਟਰਾਂ ਦਾ ਕਾਫਲਾ ਸਾਬਕਾ ਮੰਤਰੀ ਧਰਮਸੋਤ ਦੀ ਰਿਹਾਇਸ਼ ਤੋਂ ਹੁੰਦਾ ਹੋਇਆ ਨਾਭਾ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚੋਂ ਲੰਘਿਆ।ਇਸ ਮੌਕੇ ਕਾਂਗਰਸ ਪਾਰਟੀ ਦੇ ਕੋਆਰਡੀਨੇਟਰ ਸੰਦੀਪ ਸਿੰਗਲਾ, ਸ਼ਹਿਰੀ ਪ੍ਰਧਾਨ ਵਿਵੇਕ ਸਿੰਗਲਾ ਤੇ ਦਿਹਾਤੀ ਪ੍ਰਧਾਨ ਬਲਵਿੰਦਰ ਸਿੰਘ ਬਿੱਟੂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਕਿਸਾਨਾਂ 'ਤੇ ਹੋ ਰਹੇ ਅੱਤਿਆਚਾਰ ਨੂੰ ਵੇਖਦਿਆਂ ਹੀ ਕਾਂਗਰਸ ਪਾਰਟੀ ਵੱਲੋਂ ਇਹ ਫੈਸਲਾ ਲਿਆ ਗਿਆ ਹੈ, ਕਿਸਾਨਾਂ ਦੇ ਹੱਕ ਵਿੱਚ ਕਾਂਗਰਸ ਪਾਰਟੀ ਦੇ ਵਰਕਰਾਂ ਵੱਲੋਂ ਅੱਜ ਟਰੈਕਟਰ ਰੋਸ ਮਾਰਚ ਕੀਤਾ ਗਿਆ ਹੈ।ਉਨ੍ਹਾ ਕਿਹਾ ਕਿ ਕਿਸਾਨੀ ਮੰਗਾਂ ਮਨਾਉਣ ਦਿੱਲੀ ਜਾ ਰਹੇ ਕਿਸਾਨਾਂ 'ਤੇ ਖਨੌਰੀ ਕੋਲ ਪੁਲਸ ਵੱਲੋਂ ਚਲਾਈਆਂ ਸਿੱਧੀਆਂ ਗੋਲੀਆਂ ਨਾਲ ਇੱਕ ਨੌਜਵਾਨ ਕਿਸਾਨ ਦੀ ਮੌਤ ਹੋਣ ਤੇ ਕਈ ਕਿਸਾਨਾਂ ਦੇ ਗੰਭੀਰ ਜ਼ਖ਼ਮੀ ਹੋਣ ਦੀ ਘਟਨਾ ਨੂੰ ਮਨੁੱਖਤਾ ਦਾ ਸਿੱਧਾ ਘਾਣ ਦੱਸਿਆ ਹੈ।ਉਨ੍ਹਾਂ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਕਿਸਾਨ ਕੇਂਦਰ ਸਰਕਾਰ ਕੋਲੋਂ ਆਪਣੇ ਹੱਕਾਂ ਦੀ ਮੰਗ ਕਰ ਰਹੇ ਹਨ, ਪ੍ਰੰਤੂ ਸਰਕਾਰਾਂ ਉਨ੍ਹਾਂ ਦੀਆਂ ਮੰਗਾਂ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਰਹੀਆਂ ਹਨ।ਉਨ੍ਹਾਂ ਕਿਹਾ ਕਿ ਸਰਕਾਰਾਂ ਕਿਸਾਨਾਂ ਦੀਆਂ ਮੰਗਾਂ ਵੱਲੋਂ ਗੌਰ ਕਰਨ ਦੀ ਬਜਾਏ ਉਲਟਾ ਸ਼ਾਂਤਮਈ ਰੋਸ ਕਰ ਰਹੇ ਕਿਸਾਨਾਂ 'ਤੇ ਡਾਂਗਾਂ, ਗੋਲੀਆਂ, ਅੱਥਰੂ ਗੈਸ ਦੇ ਗੋਲ਼ੇ ਤੇ ਪਾਣੀ ਦੀਆਂ ਤੋਪਾਂ ਨਾਲ ਤਸ਼ੱਦਦ ਕਰ ਰਹੀਆਂ ਹਨ।ਕਿਸਾਨਾਂ ਨੂੰ ਆਪਣੇ ਦੇਸ਼ ਵਿੱਚ ਹੀ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਗੋਲੀ ਲੱਗਣ ਵਾਲੇ ਨੌਜਵਾਨ ਕਿਸਾਨ ਦੀ ਮੌਤ 'ਤੇ ਜਿੱਥੇ ਦੁੱਖ ਦਾ ਪ੍ਰਗਟਾਵਾ ਕੀਤਾ, ਉੱਥੇ ਹੀ ਆਪਣੇ ਦੇਸ਼ ਦੇ ਅੰਨਦਾਤਾ ਦੇ ਨਾਲ ਆਪਣੇ ਹੀ ਦੇਸ਼ ਦੀਆਂ ਸਰਕਾਰਾਂ ਵੱਲੋਂ ਅਜਿਹਾ ਵਤੀਰਾ ਕਰਨਾ ਬਹੁਤ ਹੀ ਮੰਦਭਾਗਾ ਹੈ।ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਟਕਰਾਅ ਦੀ ਨੀਤੀ ਛੱਡ ਕਿਸਾਨਾਂ ਦੀਆਂ ਹੱਕੀ ਮੰਗਾਂ ਤੁਰੰਤ ਮੰਨਣੀਆਂ ਚਾਹੀਦੀਆਂ ਹਨ।ਇਸ ਮੌਕੇ ਚਰਨਜੀਤ ਬਾਤਿਸ਼ ਪੀ ਏ, ਗੁਰਜੰਟ ਸਿੰਘ ਦੁਲੱਦੀ ਸੀਨੀਅਰ ਕਾਂਗਰਸੀ ਆਗੂ, ਭੋਲਾ ਭਾਦਸੋਂ, ਹਰਪਾਲ ਸਿੰਘ ਚਹਿਲ, ਕਰਮ ਸਿੰਘ ਸਕੋਹਾ, ਸਿਕੰਦਰ ਸਿੰਘ ਅਗੇਤੀ, ਦਿਲਵਰ ਸਿੰਘ ਕਨਸੂਹਾ, ਸੁੱਚਾ ਸਿੰਘ ਸਹੋਲੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਟਰੈਕਟਰਾਂ ਸਮੇਤ ਹਾਜ਼ਰ ਸਨ।

# ਚੰਗੀਆਂ ਸਿਹਤ ਸੇਵਾਵਾਂ ਤੱਕ ਪਹੁੰਚ ਹਰ ਨਾਗਰਿਕ ਦਾ ਸੰਵਿਧਾਨਕ ਅਧਿਕਾਰ : ਡਾ. ਮਿੱਤਰਾ



**ਲੁਧਿਆਣਾ (ਐੱਮ ਐੱਸ ਭਾਟੀਆ)**-ਪ੍ਰਿੰਸੀਪਲ ਡਾ. ਤਨਵੀਰ ਲਿਖਾਰੀ ਦੀ ਅਗਵਾਈ ਹੇਠ ਸਰਕਾਰੀ ਈਵਨਿੰਗ ਕਾਲਜ ਲੁਧਿਆਣਾ ਵਿਖੇ ਰੈੱਡ ਰਿਬਨ ਕਲੱਬ ਵੱਲੋਂ ਸਿਹਤ ਸੇਵਾਵਾਂ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਸ਼ਹਿਰ ਦੇ ਈ.ਐੱਨ.ਟੀ. ਸਰਜਨ ਡਾ. ਅਰੁਣ ਮਿੱਤਰਾ ਮਹਿਮਾਨ ਬੁਲਾਰੇ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਇਸ ਗੱਲ 'ਤੇ ਚਾਨਣਾ ਪਾਇਆ ਕਿ ਚੰਗੀਆਂ ਸਿਹਤ ਸੇਵਾਵਾਂ ਤੱਕ ਪਹੁੰਚ ਹਰ ਨਾਗਰਿਕ ਦਾ ਨਿਰਦੇਸ਼ਕ ਸੰਵਿਧਾਨਕ ਅਧਿਕਾਰ ਹੈ। ਦੂਜੇ ਦੇਸ਼ਾਂ ਨਾਲ ਭਾਰਤੀ ਸਿਹਤ ਸੇਵਾਵਾਂ ਦੀ ਤੁਲਨਾ ਕਰਦੇ ਹੋਏ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਨੂੰ ਸਸਤੀਆਂ ਡਾਕਟਰੀ ਸਹੂਲਤਾਂ ਲਈ ਆਪਣੇ ਬਜਟ ਦੀ ਵੰਡ ਨੂੰ ਵਧਾਉਣ ਦੀ ਜ਼ਰੂਰਤ ਹੈ ਤਾਂ ਜੋ ਉਹ ਆਮ ਆਦਮੀ ਦੀ ਪਹੁੰਚ ਵਿੱਚ ਹੋਣ। ਡਾ: ਮਿੱਤਰਾ ਨੇ ਸਿਹਤਮੰਦ ਖੁਰਾਕ ਦੇ ਵੱਖ-ਵੱਖ ਤੱਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਤੇ ਵਿਦਿਆਰਥੀਆਂ ਨੂੰ ਨਸ਼ਿਆਂ ਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨਾਲੋਂ ਚੰਗੀ ਸਿਹਤ ਦੀ ਚੋਣ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ ਤੇ ਲੇਖ ਲਿਖਣ ਮੁਕਾਬਲੇ ਵਿੱਚ ਭਾਗ ਲਿਆ ਤੇ ਜੇਤੂਆਂ ਨੂੰ ਡਾ: ਮਿੱਤਰਾ ਨੇ ਸਨਮਾਨਤ ਕੀਤਾ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਪ੍ਰੋ: ਵਿਵੇਕ ਸ਼ਰਮਾ ਨੇ ਕੀਤਾ। ਪ੍ਰੋ: ਪਰਮਜੀਤ ਇੰਚਾਰਜ ਸਰਕਾਰੀ ਈਵਨਿੰਗ ਕਾਲਜ ਨੇ ਅੰਤ ਵਿੱਚ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਡਾ: ਕੁਲਦੀਪ ਬਿੰਦਰ, ਪ੍ਰੋ: ਜਤਿੰਦਰ ਕੁਮਾਰ, ਪ੍ਰੋ: ਸੁਨੰਦਾ, ਪ੍ਰੋ: ਸੋਨੀਆ ਸ਼ਰਮਾ, ਪ੍ਰੋ: ਅਮਨਪ੍ਰੀਤ ਕੌਰ, ਪ੍ਰੋ: ਲੀਨਾ ਸੂਰੀ, ਪ੍ਰੋ: ਸਾਰਦਾ, ਪ੍ਰੋ: ਪੀਯੂਸ਼, ਪ੍ਰੋ: ਚੰਚਲ, ਪ੍ਰੋ: ਪਰਵਿੰਦਰ, ਪ੍ਰੋ: ਜਸਵਿੰਦਰ ਸਿੰਘ ਤੇ ਇਸ ਮੌਕੇ ਮੌਰਨਿੰਗ ਕਾਲਜ ਤੋਂ ਪ੍ਰੋ: ਪਰਮਜੀਤ ਸਿੰਘ ਹਾਜ਼ਰ ਸਨ।

# 700 ਗ੍ਰਾਮ ਹੈਰੋਇਨ ਤੇ ਐਕਟਿਵਾ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਇਕ ਵਿਅਕਤੀ ਨੂੰ 700 ਗ੍ਰਾਮ ਹੈਰੋਇਨ ਤੇ ਐਕਟਿਵਾ ਸਕੂਟਰ ਸਮੇਤ ਗ੍ਰਿਫਤਾਰ ਕਰਕੇ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ 3 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸੀਆਈਏ ਸਟਾਫ ਫਿਰੋਜ਼ਪੁਰ ਦੇ ਸਬ ਇੰਸਪੈਕਟਰ ਤਰਸੇਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਨੇੜੇ ਮਾਰਕਫੈੱਡ ਦਫਤਰ ਮੱਲਵਾਲ ਰੋਡ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਹਰੀਸ਼ ਪੁੱਤਰ ਪਰਮਜੀਤ ਸਿੰਘ ਵਾਸੀ ਪਿੰਡ ਬਾਜੀਦਪੁਰ ਤੇ ਰਾਹੁਲ ਪੁੱਤਰ ਮਹਿੰਦਰ ਅਤੇ ਬੌਬੀ ਉਰਫ ਗੁੱਲੀ ਪੁੱਤਰ ਮੰਗਤ ਰਾਮ ਵਾਸੀਅਨ ਬਸਤੀ ਭੱਟੀਆਂ ਵਾਲੀ ਜੋ ਆਪਸ ਵਿੱਚ ਮਿਲ ਕੇ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ ਤੇ ਅੱਜ ਵੀ ਹੈਰੋਇਨ ਲੈ ਕੇ ਐਕਟਿਵਾ ਸਕੂਟਰ ਨੰਬਰ ਪੀਬੀ 05 ਏਐੱਲ 2580 'ਤੇ ਪਿੰਡ ਸਤੀਏ ਵਾਲਾ ਪਾਸੇ ਤੋਂ ਬਸਤੀ ਨਿਜ਼ਾਮਦੀਨ ਵੱਲ ਆ ਰਹੇ ਹਨ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਮੁਲਜ਼ਮ ਹਰੀਸ਼ ਪੁੱਤਰ ਪਰਮਜੀਤ ਸਿੰਘ ਨੂੰ ਕਾਬੂ ਕੀਤਾ ਗਿਆ ਤੇ ਉਸ ਕੋਲੋਂ 700 ਗ੍ਰਾਮ ਹੈਰੋਇਨ ਤੇ 1 ਐਕਟਿਵਾ ਸਕੂਟਰ ਬਰਾਮਦ ਹੋਇਆ। ਪੁਲਸ ਨੇ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਤਰਕਸ਼ੀਲ ਸੁਸਾਇਟੀ ਸੁਨਾਮ ਨੇ ਅਮਨ ਅਰੋੜਾ ਦੇ ਪੀ ਏ ਨੂੰ ਪੰਜਾਬ ਅੰਧ-ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਸੰਬੰਧੀ ਦਿੱਤਾ ਮੰਗ ਪੱਤਰ

**ਦਿੜ੍ਹਬਾ (ਜਸਵੀਰ ਲਾਡੀ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸੁਨਾਮ ਦੇ ਵਫਦ ਨੇ ਸ੍ਰੀ ਅਮਨ ਅਰੋੜਾ ਐੱਮ.ਐੱਲ.ਏ. ਹਲਕਾ ਸੁਨਾਮ ਦੇ ਪੀ.ਏ. ਨੂੰ ਪੰਜਾਬ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਸੰਬੰਧੀ ਮੰਗ ਪੱਤਰ ਦਿੱਤਾ। ਤਰਕਸ਼ੀਲ ਸੁਸਾਇਟੀ ਸੁਨਾਮ ਇਕਾਈ ਦੇ ਜਥੇਬੰਦਕ ਮੁਖੀ ਦਵਿੰਦਰ ਸਿੰਘ ਸਾਬਕਾ ਇੰਜੀਨੀਅਰ ਨੇ ਪ੍ਰੈੱਸ ਨੂੰ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਸਾਲ 2017-18 'ਚ ਸਮੂਹ ਐੱਮ.ਐੱਲ.ਏਜ਼ ਨੂੰ ਪੰਜਾਬ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਸੰਬੰਧੀ ਖਰੜੇ ਦਿੱਤੇ ਸਨ। ਪੰਜਾਬ ਵਿਧਾਨ ਸਭਾ ਦੇ ਬੈਲਟ ਨਤੀਜੇ ਮਿਤੀ 22/3/2018 ਲੜੀ ਨੰਬਰ 2 ਮੱਦ ਨੰਬਰ 192 ਤੇ ਬੈਲਟ ਨਤੀਜਾ 14/2/2019 ਲੜੀ ਨੰਬਰ 1 ਮੱਦ ਨੰਬਰ 228 ਇਸੇ ਤਰ੍ਹਾਂ ਜਨਵਰੀ 2023 ਨੂੰ ਜੈ ਕਿਸ਼ਨ ਰੋੜੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੂੰ ਵੀ ਦਿੱਤਾ ਸੀ। ਮਾਨਯੋਗ ਕੁਲਤਾਰ ਸਿੰਘ ਸੰਧਵਾਂ ਵਿਧਾਨ ਸਭਾ ਤੇ ਚੀਫ ਸੈਕਟਰੀ ਪੰਜਾਬ ਨੂੰ ਵੀ ਮੰਗ ਪੱਤਰ ਦਿੱਤੇ ਸਨ। ਇਸੇ ਤਹਿਤ ਅੱਜ ਐੱਮ.ਐੱਲ.ਏ./ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੇ ਦਫਤਰ ਉਨ੍ਹਾਂ ਦੇ ਪੀ. ਏ. ਨੂੰ ਮੰਗ ਪੱਤਰ ਦੇ ਮੰਗ ਕੀਤੀ ਕਿ ਪੰਜਾਬ ਵਿੱਚ ਅਖੌਤੀ ਬਾਬਿਆਂ, ਤਾਂਤਰਿਕ ਤੇ ਜੋਤਸ਼ੀਆਂ ਆਦਿ ਪਰਜੀਵੀ ਕਿਸਮ ਦੇ ਵਿਆਕਤੀਆਂ ਵੱਲੋਂ ਜਾਦੂ ਮੰਤਰ, ਕਾਲਾ ਇਲਮ ਤੇ ਗੈਬੀ ਸ਼ਕਤੀਆਂ ਵੱਸ ਕਰਨ ਤੇ ਸਮੱਸਿਆਵਾਂ ਦੇ ਹੱਲ ਕਰਨ ਦੇ ਕੁਫਰ ਤਹਿਤ ਆਮ ਲੋਕਾਂ ਦੀ ਆਰਥਿਕ, ਸਰੀਰਕ ਤੇ ਮਾਨਸਿਕ ਲੁੱਟ ਕੀਤੀ ਜਾ ਰਹੀ ਹੈ। ਇਨ੍ਹਾਂ ਸਮਾਜ ਵਿਰੋਧੀ ਪਰਜੀਵੀ ਅਨਸਰਾਂ ਵੱਲੋਂ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਮਨੁੱਖੀ ਬਲੀ ਦੀਆਂ ਘਟਨਾਵਾਂ ਰੋਜ਼ਾਨਾ ਹੋ ਰਹੀਆਂ ਹਨ। ਇਹ ਲੋਕ ਇਸ਼ਤਿਹਾਰਾਂ ਰਾਹੀਂ, ਪ੍ਰਿੰਟ ਮੀਡੀਆ ਤੇ ਇਲੈਕ੍ਟ੍ਰੋਨਿਕ ਮੀਡੀਆ ਰਾਹੀਂ ਗੁੰਮਰਾਹ ਕਰੂ ਪ੍ਰਚਾਰ ਕਰ ਰਹੇ ਹਨ।

ਇਸ ਵਿਗਿਆਨ ਯੁੱਗ ਵਿੱਚ ਇਹ ਅਨਸਰ ਭਾਰਤੀ ਸੰਵਿਧਾਨ ਦੇ ਆਰਟੀਕਲ 51 ਤੇ ਕਾਨੂੰਨ ਖਿਲਾਫ ਕੰਮ ਕਰਕੇ ਦੇਸ਼ ਦੇ ਲੋਕਾਂ ਦਾ ਨੁਕਸਾਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਮਹਾਰਾਸ਼ਟਰ ਸਰਕਾਰ ਵੱਲੋਂ "ਬਲੈਕ ਮੈਜਿਕ" ਐਕਟ ਬਣਾਇਆ ਗਿਆ, ਜੋ ਲੋਕਾਂ ਲਈ ਕਾਫੀ ਲਾਹੇਵੰਦ ਹੋਇਆ ਹੈ ਤੇ ਕਈ ਹੋਰ ਸੂਬਿਆਂ ਵਿੱਚ ਵੀ ਇਸ ਤਰ੍ਹਾਂ ਦਾ ਕਾਨੂੰਨ ਬਣਾਇਆ ਗਿਆ ਹੈ। ਇਸ ਲਈ ਮੰਗ ਕੀਤੀ ਜਾਂਦੀ ਹੈ ਕਿ ਹੋਰ ਸੂਬਿਆਂ ਦੀ ਤਰ੍ਹਾਂ ਪੰਜਾਬ ਵਿੱਚ ਵੀ ਪੰਜਾਬ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾਇਆ ਜਾਵੇ ਤਾਂ ਜੋ ਮਨੁੱਖੀ ਜਾਨਾਂ, ਆਰਥਿਕ ਤੇ ਮਾਨਸਿਕ ਲੁੱਟ ਨੂੰ ਰੋਕਿਆ ਜਾ ਸਕੇ। ਇਸ ਮੌਕੇ ਪਵਨ ਕੁਮਾਰ, ਪਦਮ ਕੁਮਾਰ, ਕਾਮਰੇਡ ਲਾਭ ਸਿੰਘ ਨਮੋਲ, ਅਨਿਲ ਕੁਮਾਰ ਸਾਬਕਾ ਪ੍ਰਿੰਸੀਪਲ, ਗੁਰਮੇਲ ਸਿੰਘ, ਧੰਨਾ ਸਿੰਘ, ਜੁਝਾਰ ਸਿੰਘ, ਦਾਰਾ ਸਿੰਘ, ਸਦਾਨੰਦ ਰਾਮ, ਰਾਮ ਸਰੂਪ ਢੈਪਈ ਆਦਿ ਹਾਜ਼ਰ ਸਨ।



# ਪੋਸਟਰ ਮੁਕਾਬਲੇ 'ਚ ਸਵਾਮੀ ਰੂਪ ਚੰਦ ਜੈਨ ਸਕੂਲ ਨੇ ਦੂਜਾ ਸਥਾਨ ਜਿੱਤਿਆ

**ਜਗਰਾਉਂ, (ਅਮਿਤ ਖੰਨਾ)**-ਸਨਮਤੀ ਸਰਕਾਰੀ ਵਿਗਿਆਨ ਤੇ ਖੋਜ ਕਾਲਜ ਜਗਰਾਉਂ ਵੱਲੋਂ ਕਰਵਾਏ ਗਏ ਪੋਸਟਰ ਪੇਸ਼ਕਾਰੀ ਦੇ ਮੁਕਾਬਲਿਆਂ ਵਿੱਚ ਸਵਾਮੀ ਰੂਪ ਚੰਦ ਜੈਨ ਸਕੂਲ ਨੇ ਦੂਜਾ ਸਥਾਨ ਹਾਸਲ ਕਰਕੇ ਆਪਣੀ ਕਾਬਲੀਅਤ ਦਾ ਫਿਰ ਤੋਂ ਝੰਡਾ ਗੱਡਿਆ ਹੈ। ਇਸ ਮੁਕਾਬਲੇ ਦਾ ਥੀਮ 'ਇੰਡੀਜੀਨੀਅਸ ਟੈਕਨੋਲੋਜੀਜ਼ ਫਾਰ ਵਿਕਸਿਤ ਭਾਰਤ' ਸੀ, ਜਿਸ ਦੇ ਤਹਿਤ ਸਾਇੰਸ ਦਿਵਸ ਨੂੰ ਮੁੱਖ ਰੱਖਦੇ ਹੋਏ ਸਾਇੰਸ ਤੇ ਟੈਕਨਾਲੋਜੀ ਵਿਸ਼ੇ ਸੰਬੰਧੀ ਪੋਸਟਰ ਤਿਆਰ ਕਰਵਾਏ ਗਏ ਤੇ ਉਨ੍ਹਾਂ ਦੀ ਪੇਸ਼ਕਾਰੀ ਵਿਦਿਆਰਥੀਆਂ ਵੱਲੋਂ ਪਹੁੰਚੇ ਹੋਏ ਜੱਜਾਂ ਸਾਹਮਣੇ ਕੀਤੀ ਗਈ। ਇਸ ਮੁਕਾਬਲੇ 'ਚ ਜਗਰਾਉਂ ਸ਼ਹਿਰ ਦੇ ਲਗਭਗ ਸਾਰੇ ਵੱਡੇ ਵਿੱਦਿਅਕ ਅਦਾਰਿਆਂ ਨੇ ਭਾਗ ਲਿਆ, ਜਿਸ 'ਚ ਸਵਾਮੀ ਰੂਪ ਚੰਦ ਜੈਨ ਸਕੂਲ ਦੇ ਵਿਦਿਆਰਥੀਆਂ ਨੇ ਦੂਜਾ ਜਿੱਤ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ। ਇਸ ਮੁਕਾਬਲੇ ਵਿੱਚ ਸਕੂਲ ਦੇ ਹੋਣਹਾਰ ਵਿਦਿਆਰਥੀ ਰਮੇਸ਼ ਦੁਆਰਾ ਬਣਾਏ ਪੋਸਟਰ ਤੇ ਹਰਸ਼ਮੀਤ ਸਿੰਘ ਤੇ ਨੈਨਸੀ ਕੌਰ ਦੁਆਰਾ ਪੇਸ਼ਕਾਰੀ ਦਿੱਤੀ ਗਈ। ਤਿੰਨਾਂ ਵਿਦਿਆਰਥੀਆਂ ਨੂੰ ਇਨ੍ਹਾਂ ਦੀ ਉਪਲਬਧੀ ਕਾਰਨ ਟਰਾਫੀ ਨਾਲ ਸਨਮਾਨਤ ਕੀਤਾ ਗਿਆ। ਪੋਸਟਰ ਪੇਸ਼ਕਾਰੀ ਮੁਕਾਬਲੇ 'ਚ ਜੇਤੂ ਵਿਦਿਆਰਥੀ ਨਾਲ ਪ੍ਰਧਾਨ ਰਮੇਸ਼ ਜੈਨ, ਪ੍ਰਿੰਸੀਪਲ ਰਾਜਪਾਲ ਕੌਰ ਤੇ ਸਟਾਫ ਦਿਖਾਈ ਦਿੰਦੇ ਹੋਏ।



# ਸਰਕਾਰੀ ਕਾਲਜਾਂ ਦੇ ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਮੰਗਾਂ ਨੂੰ ਲੈ ਕੇ ਰੋਸ ਮਾਰਚ



**ਪਟਿਆਲਾ (ਨ ਜ਼ ਸ)**-ਸਰਕਾਰੀ ਕਾਲਜਾਂ ਵਿਚਲੇ ਕੱਚੇ ਤੇ ਪੱਕੇ ਚੌਥਾ ਦਰਜਾ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਤੇ ਉਚੇਰੀ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵਿਰੁੱਧ ਸਰਕਾਰੀ ਵੂਮੈਨ ਕਾਲਜ ਦੇ ਮੇਨ ਗੇਟ 'ਤੇ ਵਿਸ਼ਾਲ ਰੈਲੀ ਕਰਕੇ ਉਨ੍ਹਾਂ ਦਾ ਜ਼ੋਰਦਾਰ ਪਿੱਟ ਸਿਆਪਾ ਕੀਤਾ।ਰੈਲੀ ਨੂੰ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਜਨਰਲ ਸਕੱਤਰ ਬਲਜਿੰਦਰ ਸਿੰਘ ਤੇ ਕਾਲਜਾਂ ਦੀ ਤਾਲਮੇਲ ਕਮੇਟੀ ਦੇ ਪ੍ਰਧਾਨ ਰਾਮ ਲਾਲ ਰਾਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਚੇਰੀ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਅਪ੍ਰੈਲ 2018 ਵਿੱਚ ਉਚੇਰੀ ਸਿੱਖਿਆ ਮੰਤਰੀ, ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਨਾਲ ਹੋਈਆਂ ਮੀਟਿੰਗਾਂ ਸਮੇਂ ਕੱਚੇ ਕਰਮੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਦੀ ਪੰਜਾਬ ਸਰਕਾਰ ਦੀ ਪਾਲਿਸੀ 2011 ਤੇ 2015 ਵਿੱਚ ਕਵਰ ਨਾ ਕਰਕੇ ਉਨ੍ਹਾਂ ਨਾਲ ਬੇ-ਇਨਸਾਫੀ ਕੀਤੀ ਗਈ ਸੀ। ਇਨ੍ਹਾਂ ਪਾਲਿਸੀਆਂ ਦੀ ਰੋਸ਼ਨੀ ਵਿੱਚ ਰਹਿ ਗਏ ਕੱਚੇ ਕਰਮੀਆਂ ਨੂੰ ਰੈਗੂਲਰ ਕਰਨ ਬਾਰੇ ਮੁੜ ਵਿਚਾਰਿਆ ਜਾਵੇਗਾ, ਪ੍ਰੰਤੂ 7 ਸਾਲ ਹੋਣ ਦੇ ਬਾਵਜੂਦ ਰੈਗੂਲਰ ਕਰਨ ਲਈ ਵਿਚਾਰਿਆ ਨਹੀਂ ਗਿਆ, ਇਹ ਬਹੁਤ ਵੱਡੀ ਬੇਇਨਸਾਫੀ ਤੇ ਧੱਕਾ ਹੈ।ਇਨ੍ਹਾਂ ਆਗੂਆਂ ਨੇ ਕਿਹਾ ਕਿ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ ਪੰਜਾਬ ਨਾਲ 20 ਜੁਲਾਈ 2023 ਤੇ 29 ਸਤੰਬਰ 2023 ਨੂੰ ਮੀਟਿੰਗ ਕਰਕੇ ਰੈਗੂਲਰ ਕਰਨ ਸਮੇਤ ਅਨੇਕਾਂ ਇਸ਼ੂਆਂ 'ਤੇ ਵੀ ਗੱਲਬਾਤ ਕਰਕੇ ਮੰਗਾਂ ਲਾਗੂ ਕਰਨ, ਜਿਵੇਂ ਕਿ ਘੱਟੋ ਘੱਟ ਉਜ਼ਰਤਾਂ ਲਾਗੂ ਕਰਨੀਆਂ, ਸਾਲ 2020 ਤੇ 2022 ਦੇ ਬਕਾਏ ਦੇਣਾ, ਪ੍ਰਮੋਸ਼ਨ ਦਾ ਚੈਨਲ ਖੋਲ੍ਹਣਾ, ਕੋਵਿਡ-19 ਸਮੇਂ ਸਰਕਾਰੀ ਰਿਪੁਦਮਨ ਕਾਲਜ ਨਾਭਾ ਸਮੇਤ ਕਈ ਕਾਲਜਾਂ ਵਿੱਚ ਗੈਰ-ਹਾਜ਼ਰੀ ਲਾ ਕੇ ਤਨਖਾਹ ਕੱਟਣੀ ਦਾ ਬਕਾਇਆ ਦੇਣਾ, ਡੇਲੀਵੇਜਿਜ਼ ਕਰਮੀਆਂ ਨੂੰ ਕੁਸ਼ਲ, ਅੱਧ ਕੁਸ਼ਲ, ਅਤਿ ਕੁਸ਼ਲ ਤੇ ਕੁਸ਼ਲ ਦੀ ਤਨਖਾਹ ਕਿਰਤ ਕਾਨੂੰਨਾਂ ਅਨੁਸਾਰ ਨਾ ਦੇਣਾ, ਕੱਚੇ ਕਰਮੀਆਂ ਨੂੰ ਸੇਵਾ ਮੁਕਤ ਕਰਨ ਸਮੇਂ ਖਾਲੀ ਹੱਥ ਘਰਾਂ ਨੂੰ ਭੇਜਣਾ ਤੇ ਗਰੈਚੂਟੀ ਐਕਟ 1972 ਅਨੁਸਾਰ ਤੇ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ 2016 ਦੇ ਅਨੁਸਾਰ ਲੀਵ ਇਨ ਕੈਸ਼ਮੈਂਟ, ਘੱਟੋ-ਘੱਟ ਪੈਨਸ਼ਨ ਦੇਣਾ ਤੇ ਹੋਰ ਬਨਦੀਆਂ ਸਹੂਲਤਾਂ ਦੇਣਾ, ਜੋ ਕਾਲਜਾਂ ਵਿਚਲੇ ਪ੍ਰਿੰਸੀਪਲ ਨਹੀਂ ਦੇ ਰਹੇ ਤੇ ਉੱਚ ਪੱਧਰੀ ਮੀਟਿੰਗਾਂ ਦੇ ਫੈਸਲੇ ਵੀ ਲਾਗੂ ਨਾ ਹੋਣ ਕਾਰਨ ਸਰਕਾਰੀ ਵੂਮੈਨ ਕਾਲਜ ਵਿਖੇ ਰੈਲੀ ਵਹੀਕਲ ਮਾਰਚ ਸਰਕਾਰੀ ਮਹਿੰਦਰਾ ਕਾਲਜ, ਸਟੇਟ ਕਾਲਜ ਆਫ ਐਜੂਕੇਸ਼ਨ, ਬਿਕਰਮ ਕਾਲਜ ਆਫ ਕਾਮਰਸ ਤੇ ਫਿਜੀਕਲ ਕਾਲਜ ਅਤੇ ਖੇਡ ਯੂਨੀਵਰਸਿਟੀ ਅੱਗੇ ਵੀ ਰੈਲੀਆਂ ਕੀਤੀਆਂ ਗਈਆਂ ਅਤੇ ਇੱਕ ਦਰਜਨ ਮੰਗਾਂ ਮੈਮੋਰੰਡਮ ਦਾ ਵੀ ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਡਾਇਰੈਕਟਰ ਦੇ ਨਾਵਾਂ 'ਤੇ ਦਿੱਤੇ ਗਏ ਅਤੇ 4 ਮਾਰਚ ਦੀ ਚੰਡੀਗੜ੍ਹ ਸਾਂਝੀ ਰੈਲੀ ਵਿੱਚ ਸ਼ਾਮਲ ਹੋਣ ਦਾ ਐਲਾਨ ਵੀ ਕੀਤਾ ਗਿਆ।

ਰੈਲੀ ਤੇ ਵਹੀਕਲ ਮਾਰਚ 'ਚ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਰਾਮ ਲਾਲ ਰਾਮਾ, ਮਾਧੋ ਰਾਹੀ, ਜਗਮੋਹਨ ਨੋਲੱਖਾ, ਸ਼ਿਵ ਚਰਨ, ਸੁਨੀਲ ਦੱਤ, ਗੁਰਪ੍ਰੀਤ ਸਿੰਘ, ਰਾਮ ਜੋਧਾ, ਪ੍ਰਕਾਸ਼ ਲੁਬਾਣਾ, ਅਸ਼ੋਕ ਕੁਮਾਰ ਬਿੱਟੂ, ਰਾਮ ਪ੍ਰਸਾਦ ਸਹੋਤਾ, ਦਰਸ਼ੀ ਕਾਂਤ, ਪ੍ਰਵੀਨ ਨਰੜੂ, ਗੁਰਦਰਸ਼ਨ ਸਿੰਘ, ਬੁੱਧ ਰਾਮ, ਹਰਬੰਸ ਸਿੰਘ, ਇੰਦਰਪਾਲ, ਅਮਰਜੀਤ ਸਿੰਘ, ਹਰਦੀਪ ਸਿੰਘ, ਸੁਨੀਤਾ, ਸੋਨੀਆ, ਦਿਆ ਸ਼ੰਕਰ, ਪ੍ਰੀਤਮ ਚੰਦ ਠਾਕੁਰ, ਬੰਸੀ ਲਾਲ, ਹਰਪਾਲ ਸਿੰਘ, ਰਾਜੂ, ਕੈਲਾਸ਼ ਚੰਦ, ਮੇਘ ਰਾਜ, ਵੇਦ ਪ੍ਰਕਾਸ਼, ਮੁਖਤਿਆਰ ਸਿੰਘ, ਤਰਲੋਚਨ ਮਾੜੂ, ਹਰਦੇਵ ਸਿੰਘ, ਜਗਤਾਰ ਬਾਬਾ, ਚੰਦਰ ਭਾਨ ਆਦਿ ਹਾਜ਼ਰ ਸਨ।

# ਸ਼ੁਭਕਰਨ ਨੂੰ ਸ਼ਰਧਾਂਜਲੀ ਦੇਣ ਲਈ ਕੈਂਡਲ ਮਾਰਚ ਅੱਜ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਥੇ ਸਮਰਾਲਾ ਰੋਡ 'ਤੇ ਸਥਿਤ ਦਾਣਾ ਮੰਡੀ ਵਿੱਚ ਵੱਖ-ਵੱਖ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਦੀ ਇਕ ਸਾਂਝੀ ਮੀਟਿੰਗ ਹੋਈ, ਜਿਸ ਵਿੱਚ ਪਿਛਲੇ ਦਿਨੀਂ ਦਿੱਲੀ ਚੱਲੋ ਅੰਦੋਲਨ-2 ਦੌਰਾਨ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਕਿਸਾਨ ਸ਼ੁਭਕਰਨ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ 1 ਮਾਰਚ ਨੂੰ ਕੈਂਡਲ ਮਾਰਚ ਕੱਢਿਆ ਜਾਵੇਗਾ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਮਾਰਚ ਗੁਰਦੁਆਰਾ ਸ਼੍ਰੀ ਚਰਨ ਕੰਵਲ ਸਾਹਿਬ ਚੌਕ ਤੋਂ ਸ਼ੁਰੂ ਹੋ ਕੇ ਖਾਲਸਾ ਚੌਕ ਆ ਕੇ ਸਮਾਪਤ ਹੋਵੇਗਾ, ਜਿਸ ਵਿੱਚ ਇਲਾਕੇ ਦੀਆਂ ਸਮਾਜਿਕ, ਧਾਰਮਿਕ, ਮਜ਼ਦੂਰ-ਕਿਸਾਨ ਜਥੇਬੰਦੀਆਂ ਦੇ ਆਗੂ ਤੇ ਵਰਕਰ ਸ਼ਮੂਲੀਅਤ ਕਰਨਗੇ।

ਇਸ ਮੌਕੇ ਕਾਮਰੇਡ ਰਣਜੀਤ ਸਿੰਘ, ਕਾਮਰੇਡ ਦਰਸ਼ਨ ਸਿੰਘ, ਕਾਮਰੇਡ ਸੰਦੀਪ ਸ਼ਰਮਾ, ਦਵਿੰਦਰ ਸਿੰਘ ਬਵੇਜਾ, ਸ਼ਿਵ ਕੁਮਾਰ ਸ਼ਿਵਲੀ, ਕਾਮਰੇਡ ਗੁਰਦੀਪ ਸਿੰਘ ਬੁੱਲੇਵਾਲ, ਗੁਰਪ੍ਰੀਤ ਸਿੰਘ ਗੋਪੀ, ਗੁਰਬਚਨ ਸਿੰਘ, ਮਿੰਕੂ ਹੰਸ, ਜੱਸੀ ਚਾਨਣਾ, ਪਰਮਿੰਦਰ ਤਿਵਾੜੀ, ਕਾਮਰੇਡ ਮਸਤਾ ਸਿੰਘ ਜੱਸੋਵਾਲ ਆਦਿ ਹਾਜ਼ਰ ਸਨ।

# ਸਵਨਾ ਨੇ ਸਾਢੇ 5 ਕਰੋੜ ਰੁਪਏ ਦੇ ਵਿਕਾਸ ਕੰਮਾਂ ਦੇ ਰੱਖੇ ਨੀਂਹ ਪੱਥਰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਫਾਜ਼ਿਲਕਾ ਸ਼ਹਿਰ ਨੂੰ ਵੱਡੀ ਸੌਗਾਤ ਮਿਲੀ ਹੈ। ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਸ਼ਾਸਤਰੀ ਚੌਕ ਵਿਖੇ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸ਼ਹਿਰ ਵਿੱਚ ਹੋਣ ਵਾਲੇ ਵੱਖ ਵੱਖ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ, ਜਿਸ 'ਤੇ 5 ਕਰੋੜ 50 ਲੱਖ ਰੁਪਏ ਦੀ ਲਾਗਤ ਆਵੇਗੀ।

ਇਸ ਮੌਕੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਫਾਜ਼ਿਲਕਾ ਸ਼ਹਿਰ ਨੂੰ ਨਮੂਨੇ ਦੇ ਸ਼ਹਿਰ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ ਤੇ ਸ਼ਹਿਰ ਵਿੱਚ ਗਲੀਆਂ-ਨਾਲੀਆਂ ਨਾਲ ਸੰਬੰਧਤ ਤੇ ਹੋਰ ਵਿਕਾਸ ਕਾਰਜਾਂ ਨਾਲ ਸੰਬੰਧਤ ਸਾਢੇ ਪੰਜ ਕਰੋੜ ਰੁਪਏ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ ਹੋਣ ਤੋਂ ਬਾਅਦ ਜਲਦ ਹੀ ਇਹ ਸਾਰੇ ਪ੍ਰੋਜੈਕਟ ਮੁਕੰਮਲ ਹੋਣਗੇ ਤਾਂ ਸ਼ਹਿਰ ਵਾਸੀਆਂ ਨੂੰ ਇੱਕ ਵਿਵਸਥਿਤ ਬੁਨਿਆਦੀ ਢਾਂਚਾ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਲੋਕਾਂ ਦੇ ਰਹਿਣ ਸਹਿਣ ਦੇ ਪੱਧਰ ਵਿੱਚ ਸੁਧਾਰ ਹੋਵੇਗਾ ਤੇ ਲੋਕਾਂ ਨੂੰ ਚੰਗੀਆਂ ਸਹੂਲਤਾਂ ਮਿਲ ਸਕਣਗੀਆਂ। ਵਿਧਾਇਕ ਨੇ ਇਸ ਮੌਕੇ ਆਖਿਆ ਕਿ ਹਲਕੇ ਦੇ ਵਿੱਚ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ ਅਤੇ ਪਿੰਡਾਂ ਤੇ ਸ਼ਹਿਰਾਂ ਵਿੱਚ ਬਰਾਬਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਸ਼ਹਿਰ ਦੇ ਵੀ ਸਾਰੇ ਵਾਰਡਾਂ ਨੂੰ ਇੱਕ ਸਾਰ ਮੰਨਦਿਆਂ ਵਿਕਾਸ ਕਾਰਜ ਆਰੰਭੇ ਗਏ ਹਨ। ਵਿਧਾਇਕ ਸਵਨਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਤੇ ਸ਼ਹਿਰ ਲਈ ਵੱਖ ਵੱਖ ਪ੍ਰੋਜੈਕਟ ਲਿਆਂਦੇ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਫਾਜ਼ਿਲਕਾ ਵਿਖੇ 23 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਨ ਵਾਲੇ ਕ੍ਰਿਟੀਕਲ ਕੇਅਰ ਯੂਨਿਟ ਹਸਪਤਾਲ ਦੇ ਟੈਂਡਰ ਵੀ ਲੱਗ ਚੁੱਕੇ ਹਨ। ਇਸ ਮੌਕੇ ਉਘੇ ਸਮਾਜ ਸੇਵੀ ਸ੍ਰੀ ਕਰਨ ਗਿਲਹੋਤਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਸ਼ਹਿਰ ਵਾਸੀਆਂ ਨੇ ਇਹ ਵਿਕਾਸ ਕਾਰਜ ਸ਼ੁਰੂ ਕਰਵਾਉਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

# ਕਿਸਾਨਾਂ ਦੇ ਹੱਕ 'ਚ ਕਾਂਗਰਸ ਵੱਲੋਂ ਟਰੈਕਟਰ ਮਾਰਚ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਪ੍ਰਦੇਸ਼ ਹਾਈਕਮਾਂਡ ਵੱਲੋਂ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦਿਆਂ ਜਿੱਥੇ ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਟ੍ਰੈਕਟਰ ਮਾਰਚ ਕੱਢ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ, ਉੱਥੇ ਮਾਛੀਵਾੜਾ ਬਲਾਕ ਦੇ ਪਿੰਡਾਂ ਵਿੱਚ ਵੀ ਕਾਂਗਰਸੀ ਵਰਕਰਾਂ ਵੱਲੋਂ ਪੂਰੇ ਜੋਸ਼ੋ-ਖਰੋਸ਼ ਨਾਲ ਟਰੈਕਟਰ ਮਾਰਚ ਕੱਢਿਆ ਗਿਆ। ਕਾਂਗਰਸ ਦੇ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਲਕਾ ਸਮਰਾਲਾ ਤੋਂ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਚੱਲਦਿਆਂ ਪਾਰਟੀ ਦੇ ਆਗੂਆਂ ਨੇ ਆਪਣੇ ਵਰਕਰਾਂ ਨੂੰ ਨਾਲ ਲੈ ਕੇ ਟਰੈਕਟਰ ਮਾਰਚ ਬੇਟ ਇਲਾਕੇ ਦੇ ਪ੍ਰਸਿੱਧ ਪਿੰਡ ਹੇਡੋਂ ਬੇਟ ਤੋਂ ਸ਼ੁਰੂ ਕੀਤਾ, ਜੋ ਵੱਖ-ਵੱਖ ਪਿੰਡਾਂ ਤੋਂ ਹੁੰਦਾ ਹੋਇਆ ਅਨਾਜ ਮੰਡੀ ਮਾਛੀਵਾੜਾ ਵਿਖੇ ਆ ਕੇ ਸਮਾਪਤ ਹੋਇਆ।

ਉਨ੍ਹਾ ਕਿਹਾ ਕਿ ਕਿਸਾਨ ਅੱਜ ਫਿਰ ਆਪਣੀਆਂ ਮੰਗਾਂ ਲਈ ਅੰਦੋਲਨ ਦੇ ਰਾਹ ਤੁਰੇ ਹੋਏ ਹਨ, ਪਰ ਕੇਂਦਰ ਸਰਕਾਰ ਇਹ ਮੰਗਾਂ ਮੰਨਣ ਦੀ ਬਜਾਏ ਉਨ੍ਹਾਂ 'ਤੇ ਤਸ਼ੱਦਦ ਕਰ ਰਹੀ ਹੈ। ਬਲਾਕ ਪ੍ਰਧਾਨ ਤਿਵਾੜੀ ਨੇ ਕਿਹਾ ਕਿ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਾਨਾਂ ਨਾਲ ਵਾਅਦੇ ਕਰਕੇ ਮੁੱਕਰ ਗਿਆ ਤੇ ਨਾ ਹੀ ਕਾਲੇ ਕਾਨੂੰਨ ਰੱਦ ਕੀਤੇ ਗਏ, ਨਾ ਹੀ ਫਸਲਾਂ ਦਾ ਸਮਰਥਨ ਮੁੱਲ ਮਿਲ ਰਿਹਾ ਹੈ।

ਉਨ੍ਹਾ ਕਿਹਾ ਕਿ ਟ੍ਰੈਕਟਰ ਮਾਰਚ ਦੌਰਾਨ ਪਿੰਡਾਂ ਵਿੱਚ ਲੋਕਾਂ ਵੱਲੋਂ ਭਰਵਾਂ ਸਮਰਥਨ ਦਿੱਤਾ ਗਿਆ ਤੇ ਕਿਸਾਨੀ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਸਾਬਕਾ ਚੇਅਰਮੈਨ ਸ਼ਕਤੀ ਆਨੰਦ, ਜਗਜੀਤ ਸਿੰਘ ਪ੍ਰਿਥੀਪੁਰ, ਪਰਮਿੰਦਰ ਸਿੰਘ ਗੋਲਡੀ, ਜਸਪ੍ਰੀਤ ਸਿੰਘ ਸਹਿਜੋ ਮਾਜਰਾ, ਅੰਮ੍ਰਿਤਪਾਲ ਸਿੰਘ, ਸੁਖਦੀਪ ਸਿੰਘ ਗੌਂਸਗੜ੍ਹ, ਸੋਮ ਨਾਥ, ਹਜ਼ਾਰਾ ਸਿੰਘ, ਸੁਰਿੰਦਰ ਛਿੰਦੀ, ਚੇਤਨ ਕੁਮਾਰ, ਦਲਵੀਰ ਸਿੰਘ ਨਾਗਰਾ, ਯੁਵਰਾਜ ਸਿੰਘ, ਅਨੁਰਾਗ ਤਿਵਾੜੀ, ਸਰਪੰਚ ਕੁਲਵਿੰਦਰ ਸਿੰਘ, ਜਸਪਾਲ ਸਿੰਘ, ਸਰਪੰਚ ਰਾਜਨ ਆਦਿ ਮੌਜੂਦ ਸਨ।

# ਵੇਅ ਆਫ ਫੇਥ ਚਰਚ ਰੇਤਗੜ੍ਹ ਵੱਲੋਂ ਛੁਟਕਾਰੇ ਦੀ ਸਭਾ 3 ਨੂੰ



**ਸਮਾਣਾ (ਇਕਬਾਲ ਸਿੰਘ ਬੱਲ)**-ਸਥਾਨਕ ਵੇਅ ਆਫ ਫੇਥ ਚਰਚ ਰੇਤਗੜ੍ਹ ਸਮਾਣਾ ਦੇ ਪਾਸਟਰ ਗੁਰਚਰਨ ਰੇਤਗੜ੍ਹ ਨੇ 3 ਮਾਰਚ ਨੂੰ ਛੁਟਕਾਰੇ ਦੀ ਸਭਾ ਦਾ ਐਲਾਨ ਕੀਤਾ ਹੈ। ਇੱਕ ਸਮਾਗਮ ਦੌਰਾਨ ਪਾਸਟਰ ਗੁਰਚਰਨ ਨੇ ਦੱਸਿਆ ਕਿ ਆਉਣ ਵਾਲੀ 3 ਮਾਰਚ ਨੂੰ ਇੱਕ ਵੱਡੀ ਛੁਟਕਾਰੇ ਦੀ ਸਭਾ ਕਰਵਾਈ ਜਾ ਰਹੀ ਹੈ, ਜਿੱਥੇ ਪੀੜਤਾਂ ਤੇ ਬਿਮਾਰਾਂ ਲਈ ਵਿਸ਼ੇਸ਼ ਪ੍ਰਾਥਨਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹੁਣ ਤੱਕ ਹਜ਼ਾਰਾਂ ਲੋਕਾਂ ਨੂੰ ਵੇਅ ਆਫ ਫੇਥ ਚਰਚ ਰੇਤਗੜ੍ਹ ਤੋਂ ਬਹੁਤ ਭਿਆਨਕ ਬਿਮਾਰੀਆਂ ਤੋਂ ਛੁਟਕਾਰਾ ਪਾ ਚੁੱਕੇ ਹਨ ਅਤੇ ਅੱਜ ਤੱਕ ਕੋਈ ਵੀ ਇਸ ਚਰਚ ਤੋਂ ਖਾਲੀ ਨਹੀਂ ਗਿਆ ਹੈ ਅਤੇ ਇਸ ਵਾਰ ਵੀ ਇਸ ਛੁਟਕਾਰੇ ਦੀ ਸਭਾ ਤੋਂ ਲੋਕ ਹਮੇਸ਼ਾ ਲਈ ਠੀਕ ਹੋ ਕੇ ਜਾਣਗੇ। ਇਸ ਮੌਕੇ ਉਨ੍ਹਾਂ ਕਿਸਾਨ ਜਥੇਬੰਦੀਆਂ ਦੇ ਹੱਕ 'ਚ ਬੋਲਦਿਆਂ ਕਿਹਾ ਕਿ ਪੰਜਾਬ-ਹਰਿਆਣਾ ਬਾਰਡਰ 'ਤੇ ਕਿਸਾਨਾਂ 'ਤੇ ਹੋ ਰਹੇ ਤਸ਼ੱਦਦ ਦੀ ਮੈਂ ਕੜੀ ਨਿੰਦਾ ਕਰਦਾ ਹਾਂ ਤੇ ਜਿਨ੍ਹਾਂ ਕਿਸਾਨਾਂ ਦੀ ਮੌਤ ਹੋਈ ਤੇ ਜਿੰਨੇ ਵੀ ਕਿਸਾਨ ਜ਼ਖ਼ਮੀ ਹੋਏ ਹਨ, ਉਨ੍ਹਾਂ ਲਈ ਅਸੀਂ ਖਾਸ ਪ੍ਰਾਥਨਾ ਕਰਾਂਗੇ। ਇਸ ਮੌਕੇ ਉਨ੍ਹਾਂ ਨਾਲ ਪਾਸਟਰ ਰਾਜਵਿੰਦਰ ਕੌਰ ਸਮੇਤ ਵੇਅ ਆਫ ਫੇਥ ਚਰਚ ਰੇਤਗੜ੍ਹ ਦੀ ਸਮੁੱਚੀ ਟੀਮ ਹਾਜ਼ਰ ਸੀ।

# ਘਰਾਂ ਨੇੜੇ ਮੁਹੱਈਆ ਸੇਵਾਵਾਂ ਦਾ ਲੋਕ ਲਾਭ ਉਠਾਉਣ : ਜਗਸੀਰ ਸਿੰਘ



**ਲਹਿਰਾ ਮੁਹੱਬਤ, 28 ਫਰਵਰੀ (ਭੀਮ ਸੈਨ ਹਦਵਾਰੀਆ)**-ਪੰਜਾਬ ਸਰਕਾਰ ਵੱਲੋਂ ਸ਼ੁਰੂ 'ਆਪ ਦੀ ਸਰਕਾਰ, ਆਪ ਦੇ ਦੁਆਰ' ਤਹਿਤ ਗੁਰਦੁਆਰਾ ਪਾਤਸ਼ਾਹੀ ਛੇਵੀਂ ਦੇ ਲੰਗਰ ਹਾਲ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਵੱਖ ਵੱਖ ਵਿਭਾਗਾਂ ਵੱਲੋਂ ਲੋਕਾਂ ਨੂੰ ਮੌਕੇ 'ਤੇ ਸੇਵਾਵਾਂ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਤਾਂ ਕੀਤੀ ਗਈ, ਪ੍ਰੰਤੂ ਕੈਂਪ ਦਾ ਸਮਾਂ ਘੱਟ ਹੋਣ ਕਰਕੇ ਸਮਾਪਤੀ ਸਮਾਂ ਦੁਪਹਿਰ ਦੇ ਦੋ ਵਜੇ ਸਾਰੇ ਵਿਭਾਗਾਂ ਦੇ ਚਲੇ ਜਾਣ ਤੋਂ ਬਾਅਦ ਵੀ ਲੋਕ ਨਿਰਾਸ਼ ਹੋ ਕੇ ਵਾਪਸ ਪਰਤਦੇ ਦਿਖਾਈ ਦਿੱਤੇ। ਕੈਂਪ ਦਾ ਜਾਇਜ਼ਾ ਲੈਣ ਪਹੁੰਚੇ ਹਲਕਾ ਭੁੱਚੋ ਦੇ ਵਿਧਾਇਕ ਮਾ. ਜਗਸੀਰ ਸਿੰਘ ਨੇ ਕਿਹਾ ਕਿ ਅਜਿਹੇ ਕੈਂਪਾਂ ਵਿੱਚ ਸ਼ਾਮਲ ਹੋ ਕੇ ਘਰਾਂ ਦੇ ਨੇੜੇ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਦਾ ਲੋਕਾਂ ਨੂੰ ਲਾਭ ਉਠਾਉਣਾ ਚਾਹੀਦਾ ਹੈ। ਵਿਧਾਇਕ ਨੇ ਲੋਕਾਂ ਦੀਆਂ ਸਮੱਸਿਆਵਾਂ/ਮੁਸ਼ਕਲਾਂ ਸੁਣੀਆਂ ਤੇ ਵਿਭਾਗਾਂ ਦੇ ਸਬੰਧਤ ਮੌਕੇ 'ਤੇ ਮੌਜੂਦ ਅਧਿਕਾਰੀਆਂ/ਕਰਮਚਾਰੀਆਂ ਨੂੰ ਮੁਸ਼ਕਲਾਂ ਦਾ ਯੋਗ ਹੱਲ ਕਰਨ ਲਈ ਕਿਹਾ। ਕੈਂਪ ਦੌਰਾਨ ਤਹਿਸੀਲ ਆਫਿਸ, ਸੇਵਾ ਕੇਂਦਰ, ਸਮਾਜਿਕ ਸੁਰੱਖਿਆ ਤੇ ਬਾਲ ਵਿਕਾਸ, ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨਾਂ, ਸਿਹਤ, ਬਿਜਲੀ, ਕਿਰਤ, ਜਲ ਸਪਲਾਈ ਤੇ ਫੂਡ ਸਪਲਾਈ ਵਿਭਾਗ ਤੋਂ ਇਲਾਵਾ ਨਗਰ ਪੰਚਾਇਤ ਦਫਤਰ ਸੀ. ਐੱਸ. ਸੀ. ਸੈਂਟਰ ਤੇ ਜੀਤ ਸੁਵਿਧਾ ਕੇਂਦਰ ਆਦਿ ਤੋਂ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ ਵਿਧਾਇਕ ਮਾ. ਜਗਸੀਰ ਸਿੰਘ ਦੇ ਨਾਲ ਧੰਨਾ ਸਿੰਘ, ਜੋਗਿੰਦਰ ਸਿੰਘ, ਮਨਪ੍ਰੀਤ ਸਿੰਘ ਗੋਗੀ, ਗੁਰਪ੍ਰੀਤ ਸਿੰਘ, ਚਰਨਜੀਤ ਸਿੰਘ, ਸਹਿਕਾਰੀ ਸਭਾ ਦੇ ਪ੍ਰਧਾਨ ਅਵਤਾਰ ਸਿੰਘ, ਮੀਤ ਪ੍ਰਧਾਨ ਜਗਸੀਰ ਸਿੰਘ, ਹਰਪਾਲ ਸਿੰਘ ਤੇ ਕੈਂਪ ਇੰਚਾਰਜ ਨਵਜੀਤ ਸਿੰਘ ਆਦਿ ਹਾਜ਼ਰ ਸਨ।

# ਕ੍ਰਾਂਤੀਕਾਰੀ ਯੁਵਾ ਸੰਗਠਨ ਦੀਆਂ ਵਿਦਿਆਰਥਣਾਂ 'ਤੇ ਦਿੱਲੀ ਪੁਲਸ ਵੱਲੋਂ ਜਬਰ ਢਾਹੁਣਾ ਅਤਿ-ਸ਼ਰਮਨਾਕ : ਇਨਕਲਾਬੀ ਕੇਂਦਰ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਮੋਦੀ ਹਕੂਮਤ ਦੀ ਕਥਿਤ ਸ਼ਹਿ 'ਤੇ ਹਰਿਆਣਾ ਦੀ ਖੱਟਰ ਸਰਕਾਰ ਐੱਮ.ਐੱਸ.ਪੀ. ਸਮੇਤ ਹੋਰਨਾਂ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਕਿਸਾਨਾਂ ਉੱਪਰ ਅੰਨ੍ਹਾ ਜਬਰ ਤਾਂ ਢਾਹ ਹੀ ਰਹੀ ਹੈ, ਹੁਣ ਦੋ ਕਦਮ ਅੱਗੇ ਜਾਂਦਿਆਂ ਦਿੱਲੀ ਪੁਲਸ ਨੇ ਕਿਸਾਨ ਸੰਘਰਸ਼ ਦੀ ਹਮਾਇਤ ਕਰ ਰਹੇ ਨੌਜਵਾਨ ਵਿਦਿਆਰਥੀ ਜਥੇਬੰਦੀ ਕ੍ਰਾਂਤੀਕਾਰੀ ਯੁਵਾ ਸੰਗਠਨ ਦੇ ਵਿਦਿਆਰਥੀਆਂ ਨੂੰ ਆਪਣੇ ਜਬਰ ਦਾ ਨਿਸ਼ਾਨਾ ਬਣਾਇਆ ਹੈ। ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਦਿੱਲੀ ਪੁਲਸ ਦੇ ਇਸ ਜ਼ਾਲਮਾਨਾ ਰਵੱਈਏ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਯਾਦ ਰਹੇ ਇਸ ਤੋਂ ਪਹਿਲਾਂ ਕਿਸਾਨਾਂ ਉੱਪਰ ਗੋਲੀਆਂ, ਅੱਥਰੂ ਗੈਸ ਦੇ ਗੋਲਿਆਂ ਨਾਲ ਫੱਟੜ ਹੋਣ ਵਾਲੇ ਕਿਸਾਨਾਂ ਨੂੰ ਮੈਡੀਕਲ ਸੇਵਾਵਾਂ ਮੁਹੱਈਆ ਕਰਵਾ ਰਹੀ ਮੈਡੀਕਲ ਟੀਮ ਨਾਲ ਦੁਰਵਿਹਾਰ ਕਰਨ ਤੋਂ ਬਾਅਦ ਮੈਡੀਕਲ ਟੀਮ ਮੈਂਬਰਾਂ ਦੀ ਕੁੱਟਮਾਰ ਕੀਤੀ ਗਈ, ਮੈਡੀਕਲ ਕੈਂਪ ਪੁੱਟ ਦਿੱਤਾ ਗਿਆ, ਮੈਡੀਕਲ ਵੈਨਾਂ ਤੇ ਕਾਰ ਵੀ ਭੰਨ ਦਿੱਤੀ ਸੀ। ਮੈਡੀਕਲ ਟੀਮ ਦੇ ਡਾਕਟਰਾਂ ਨੂੰ ਜਬਰੀ ਹਰਿਆਣਾ ਵਾਲੇ ਪਾਸੇ ਲਿਜਾਣ ਦੀ ਕੋਸ਼ਿਸ਼ ਕਿਸਾਨਾਂ ਨੇ ਅਸਫ਼ਲ ਬਣਾ ਦਿੱਤੀ। 5 ਰਿਵਰਜ਼ ਮੈਡੀਕਲ ਟੀਮ ਦੀ ਅਗਵਾਈ ਕਰਨ ਵਾਲੇ ਡਾ. ਗੁਰਸਿਮਰਨ ਸਿੰਘ ਹੋਰਾਂ ਦੀ ਮੈਡੀਕਲ ਟੀਮ ਨੂੰ ਉਸ ਸਮੇਂ ਪੁਲਸ ਵੱਲੋਂ ਨਿਸ਼ਾਨਾ ਬਣਾਇਆ ਗਿਆ, ਜਦੋਂ ਉਹ ਬੈਰੀਕੇਡਾਂ ਤੋਂ 500 ਮੀਟਰ ਦੀ ਦੂਰੀ 'ਤੇ ਲੋੜਵੰਦ ਕਿਸਾਨ ਕਾਫ਼ਲਿਆਂ ਦੀ ਮੁੱਢਲੀ ਸਹਾਇਤਾ ਕਰ ਰਹੀ ਸੀ। ਜਦੋਂ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਹਰਿਆਣਾ ਪੁਲਸ ਦੀ ਗੋਲੀ ਦਾ ਸ਼ਿਕਾਰ ਹੋਇਆ ਤਾਂ ਇਹ ਮੈਡੀਕਲ ਟੀਮ ਦੇ ਮੈਂਬਰ ਹੀ ਉਸ ਨੂੰ ਚੁੱਕ ਕੇ ਲੈ ਕੇ ਆਏ, ਇਲਾਜ ਕਰਕੇ ਬਚਾਉਣ ਦਾ ਯਤਨ ਕੀਤਾ। ਹੈਰਾਨੀ ਇਸ ਗੱਲ ਦੀ ਹੈ ਕਿ ਕਿਸਾਨਾਂ ਦੇ ਸੰਘਰਸ਼ ਦਾ ਦਾਅਵਾ ਕਰਨ ਵਾਲੀ ਭਗਵੰਤ ਮਾਨ ਸਰਕਾਰ ਨੇ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ। ਇਨਕਲਾਬੀ ਕੇਂਦਰ ਪੰਜਾਬ ਦੇ ਆਗੂਆਂ ਜਸਵੰਤ ਜੀਰਖ, ਜਗਜੀਤ ਸਿੰਘ ਲਹਿਰਾ ਮੁਹੱਬਤ ਤੇ ਮੁਖਤਿਆਰ ਸਿੰਘ ਪੂਹਲਾ ਨੇ ਕਿਹਾ ਕਿ ਕ੍ਰਾਂਤੀਕਾਰੀ ਯੁਵਾ ਸੰਗਠਨ ਦੇ ਨੌਜਵਾਨ ਵਿਦਿਆਰਥੀ ਦੀ ਕੁੱਟਮਾਰ ਕਰਨ, ਵਿਦਿਆਰਥਣਾਂ ਨੂੰ ਸੜਕਾਂ 'ਤੇ ਘੜੀਸਣ ਤੇ ਗ੍ਰਿਫ਼ਤਾਰ ਕਰਨ ਦੇ ਤਾਨਾਸ਼ਾਹ ਹਮਲੇ ਨੂੰ ਸਭਨਾਂ ਇਨਕਲਾਬੀ ਜਮਹੂਰੀ ਇਨਸਾਫਪਸੰਦ ਤਾਕਤਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਹਰ ਤਬਕੇ ਦਾ ਆਪਣੇ ਹੱਕਾਂ, ਹਿੱਤਾਂ ਲਈ ਜਥੇਬੰਦਕ ਸੰਘਰਸ਼ ਕਰਨਾ ਬੁਨਿਆਦੀ ਅਧਿਕਾਰ ਹੈ। ਦਿੱਲੀ ਦੀਆਂ ਸੜਕਾਂ 'ਤੇ ਨੌਜਵਾਨ ਵਿਦਿਆਰਥੀਆਂ ਨਾਲ ਉਸੇ ਢੰਗ ਨਾਲ ਵਰਤਾਓ ਕੀਤਾ ਗਿਆ, ਜਿਹੋ ਜਿਹਾ ਵਰਤਾਓ ਪਹਿਲਵਾਨ ਖਿਡਾਰੀਆਂ ਨਾਲ ਦਿੱਲੀ ਦੀ ਜ਼ਾਲਮ ਪੁਲਸ ਨੇ ਤਪਦੀਆਂ ਸੜਕਾਂ 'ਤੇ ਘੜੀਸ ਕੇ ਕੀਤਾ ਸੀ। ਭਾਰਤ ਦੀ ਤਾਨਾਸ਼ਾਹ ਹਕੂਮਤ ਆਪਣੇ ਹੀ ਮੁਲਕ ਦੇ ਲੋਕਾਂ 'ਤੇ ਗੋਲੀਆਂ ਚਲਾਉਣ ਤੇ ਅੱਥਰੂ ਗੈਸ ਦੇ ਗੋਲੇ ਵਰ੍ਹਾ ਕੇ ਬੇਗਾਨੇ ਹੋਣ ਦਾ ਅਹਿਸਾਸ ਕਰਵਾ ਰਹੀ ਹੈ।

ਆਗੂਆਂ ਨੇ ਕੇਂਦਰ ਦੀ ਮੋਦੀ ਤੇ ਹਰਿਆਣਾ ਦੀ ਖੱਟਰ ਹਕੂਮਤ ਨੂੰ ਆਪਣੇ ਜਾਬਰ ਹੱਥਕੰਡਿਆਂ ਤੋਂ ਬਾਜ਼ ਆਉਣ ਦੀ ਚਿਤਾਵਨੀ ਦਿੰਦਿਆਂ ਕਿਰਤੀ ਲੋਕਾਂ ਨੂੰ ਮੋਦੀ-ਸ਼ਾਹ-ਖੱਟਰ ਹਕੂਮਤ ਦੇ ਜਾਬਰ ਵਹਿਸ਼ੀ ਹੱਲੇ ਖਿਲਾਫ਼ ਵਿਸ਼ਾਲ ਲੋਕ ਲਹਿਰ ਖੜੀ ਕਰਨ ਦਾ ਪਿੜ ਮੱਲਣ ਦਾ ਸੱਦਾ ਦਿੱਤਾ।

# ਸੜਕਾਂ ਦੀ ਮੁਰੰਮਤ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਰੱਖੇ ਨੀਂਹ ਪੱਥਰ



**ਮੋਗਾ (ਗੁਰਦੀਪ ਸਿੰਘ ਭੁੱਲਰ)** : ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਮੋਗਾ ਦੇ ਵਿਕਾਸ ਨੂੰ ਹੋਰ ਹੁਲਾਰਾ ਦਿੰਦਿਆਂ 76 ਕਿਲੋਮੀਟਰ ਤੋਂ ਵਧੇਰੇ ਲੰਬਾਈ ਵਾਲੀਆਂ ਚਾਰ ਸੜਕਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਕਰੀਬ 45 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੀ ਮੁਰੰਮਤ ਦਾ ਨੀਂਹ ਪੱਥਰ ਪੰਜਾਬ ਦੇ ਲੋਕ ਨਿਰਮਾਣ ਤੇ ਬਿਜਲੀ ਵਿਭਾਗ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਰੱਖਿਆ।

ਇਸ ਸਬੰਧੀ ਪਿੰਡ ਸਮਾਧ ਭਾਈ, ਜਲਾਲਾਬਾਦ, ਧਰਮਕੋਟ ਤੇ ਮੋਗਾ ਵਿਖੇ ਰੱਖੇ ਗਏ ਸੰਖੇਪ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਹਰਭਜਨ ਸਿੰਘ ਨੇ ਕਿਹਾ ਕਿ ਅੱਜ ਮੋਗਾ ਤੋਂ ਸਮਾਧ ਭਾਈ ਬਾਈਪਾਸ, ਕੋਟ ਈਸੇ ਖਾਂ ਤੋਂ ਗ਼ਾਲਿਬ ਕਲਾਂ, ਧਰਮਕੋਟ ਤੋਂ ਜੋਗੇਵਾਲਾ ਸੜਕ, ਮੋਗਾ ਬਾਈਪਾਸ ਤੋਂ ਮੋਗਾ ਹਰੀਕੇ ਸੜਕ ਦੀ ਮੁਰੰਮਤ ਦਾ ਕੰਮ ਸ਼ੁਰੂ ਹੋ ਗਿਆ ਹੈ, ਜੋ ਕਿ ਤਿੰਨ ਮਹੀਨੇ ਵਿੱਚ ਪੂਰੇ ਕੀਤੇ ਜਾਣਗੇ। ਇਨ੍ਹਾਂ ਸੜਕਾਂ ਦੀ ਕੁੱਲ ਲੰਬਾਈ 76.24 ਕਿਲੋਮੀਟਰ ਬਣਦੀ ਹੈ, ਜਿਸ 'ਤੇ 44.52 ਕਰੋੜ ਰੁਪਏ ਦੀ ਲਾਗਤ ਲੱਗਣੀ ਹੈ। ਇਨ੍ਹਾਂ ਸੜਕਾਂ ਨਾਲ ਤਕਰੀਬਨ 60 ਪਿੰਡਾਂ ਦੇ ਲੋਕਾਂ ਨੂੰ ਸਿੱਧੇ ਰੂਪ ਵਿੱਚ ਤੇ 100 ਦੇ ਕਰੀਬ ਪਿੰਡਾਂ ਦੇ ਲੋਕਾਂ ਨੂੰ ਅਸਿੱਧੇ ਤੌਰ 'ਤੇ ਫਾਇਦਾ ਹੋਵੇਗਾ। ਨਿਯਮਾਂ ਮੁਤਾਬਿਕ ਇਹ ਸੜਕਾਂ 5 ਸਾਲ ਪਹਿਲਾਂ ਬਣ ਜਾਣੀਆਂ ਚਾਹੀਦੀਆਂ ਸਨ, ਪਰ ਪਿਛਲੀਆਂ ਸਰਕਾਰਾਂ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ। ਹੁਣ ਇਹ ਸੜਕਾਂ ਬਣਨ ਨਾਲ ਲੋਕਾਂ ਦੀ ਲੰਮੀ ਮੰਗ ਪੂਰੀ ਹੋ ਗਈ ਹੈ। ਇਨ੍ਹਾਂ ਸੜਕਾਂ ਦੀ 5 ਸਾਲ ਦੀ ਮੈਂਟੀਨੈਂਸ ਵੀ ਠੇਕੇਦਾਰ ਵੱਲੋਂ ਕੀਤੀ ਜਾਵੇਗੀ।

ਇਸ ਮੌਕੇ ਡਾਕਟਰ ਅਮਨਦੀਪ ਕੌਰ ਅਰੋੜਾ, ਮਨਜੀਤ ਸਿੰਘ ਬਿਲਾਸਪੁਰ, ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਦਵਿੰਦਰਜੀਤ ਸਿੰਘ ਲਾਡੀ ਢੋਸ (ਸਾਰੇ ਵਿਧਾਇਕ) ਨੇ ਵੀ ਸੰਬੋਧਨ ਕੀਤਾ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਆਪਣੇ ਆਪਣੇ ਹਲਕਿਆਂ ਦੀਆਂ ਲੋੜਾਂ ਬਾਰੇ ਵੀ ਜਾਣੂ ਕਰਵਾਇਆ। ਇਸ ਮੌਕੇ ਹਰਮਨਦੀਪ ਸਿੰਘ ਬਰਾੜ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਦੀਪਕ ਅਰੋੜਾ ਚੇਅਰਮੈਨ ਨਗਰ ਸੁਧਾਰ ਟਰੱਸਟ ਮੋਗਾ, ਬਲਜੀਤ ਸਿੰਘ ਚਾਨੀ ਮੇਅਰ ਨਗਰ ਨਿਗਮ ਮੋਗਾ, ਵਧੀਕ ਡਿਪਟੀ ਕਮਿਸ਼ਨਰ ਸ਼੍ਰੀਮਤੀ ਅਨੀਤਾ ਦਰਸ਼ੀ, ਚੇਅਰਮੈਨ ਹਰਜਿੰਦਰ ਸਿੰਘ ਰੋਡੇ ਤੇ ਹੋਰ ਹਾਜ਼ਰ ਸਨ।

# ਜ਼ਮੀਨੀ ਵਿਵਾਦ 'ਚ ਭਰਾ ਵੱਲੋਂ ਭਰਾ ਦਾ ਸਬੱਲ ਮਾਰ ਕੇ ਕਤਲ



**ਸਮਰਾਲਾ (ਸੁਰਜੀਤ ਸਿੰਘ)** : ਥਾਣਾ ਸਮਰਾਲਾ ਅਧੀਨ ਪੈਂਦੇ ਪਿੰਡ ਪੂਨੀਆਂ ਵਿਖੇ ਬੀਤੀ ਰਾਤ ਉਸ ਸਮੇਂ ਰਿਸ਼ਤੇ ਤਾਰ ਤਾਰ ਹੋ ਗਏ, ਜਦੋਂ ਛੋਟੇ ਭਰਾ ਦਲਵੀਰ ਸਿੰਘ ਨੇ ਆਪਣੇ ਹੀ ਵੱਡੇ ਭਰਾ ਜਗਜੀਵਨ ਸਿੰਘ ਉਮਰ ਕਰੀਬ 35 ਸਾਲ ਨੂੰ ਸੱਬਲ ਮਾਰ ਕੇ ਮਾਰ ਦਿੱਤਾ ਤੇ ਪਿਤਾ ਰਾਮ ਸਿੰਘ ਉਮਰ ਕਰੀਬ 65 ਸਾਲ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀਂ ਕਰ ਦਿੱਤਾ ਗਿਆ ਹੈ। ਜਦੋਂ ਇਸ ਸੰਬੰਧੀ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਪਿੰਡ ਨਿਵਾਸੀ ਪ੍ਰਗਟ ਸਿੰਘ ਦਾ ਕਹਿਣਾ ਸੀ ਕਿ ਮ੍ਰਿਤਕ ਜਗਜੀਵਨ ਸਿੰਘ ਤੇ ਉਸ ਦਾ ਪਿਤਾ ਰਾਮ ਸਿੰਘ ਪਿੰਡ ਵਿੱਚ ਅਲੱਗ ਘਰ 'ਚ ਰਹਿੰਦੇ ਸੀ ਅਤੇ ਛੋਟਾ ਭਰਾ ਦਲਵੀਰ ਸਿੰਘ ਪਿੰਡ ਵਿੱਚ ਅਲੱਗ ਰਹਿੰਦਾ ਸੀ। ਦੋਨਾਂ ਭਰਾਵਾਂ ਵਿਚਕਾਰ ਅਨੇਕਾਂ ਵਾਰ ਲੜਾਈ ਹੋ ਚੁੱਕੀ ਹੈ ਅਤੇ ਪਿੰਡ ਦੀ ਪੰਚਾਇਤ ਬਹੁਤ ਵਾਰ ਦੋਨਾਂ ਵਿਚਕਾਰ ਸਮਝੌਤਾ ਕਰਵਾ ਚੁੱਕੇ ਹਨ। ਪ੍ਰਗਟ ਸਿੰਘ ਦਾ ਕਹਿਣਾ ਸੀ ਕਿ ਮ੍ਰਿਤਕ ਜਗਜੀਵਨ ਸਿੰਘ ਨੇ ਕੁਝ ਸਾਲ ਪਹਿਲਾਂ ਆਪਣੀ ਮਾਂ ਦਾ ਕਤਲ ਕਰ ਦਿੱਤਾ ਸੀ ਤੇ ਕਰੀਬ 4 ਮਹੀਨੇ ਪਹਿਲਾਂ ਜੇਲ੍ਹ ਵਿੱਚੋਂ ਬਾਹਰ ਆਇਆ ਸੀ। ਪ੍ਰਗਟ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਮ੍ਰਿਤਕ ਜਗਜੀਵਨ ਸਿੰਘ ਦੇ ਘਰ ਉਸ ਦਾ ਛੋਟਾ ਭਰਾ ਦਲਵੀਰ ਸਿੰਘ ਆਇਆ ਤੇ ਦੋਨਾਂ ਵਿਚਕਾਰ ਲੜਾਈ ਹੋਈ, ਜਿਸ ਵਿੱਚ ਜਗਜੀਵਨ ਸਿੰਘ ਦੀ ਮੌਤ ਹੋ ਗਈ ਤੇ ਪਿਤਾ ਰਾਮ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਸ ਸੰਬੰਧੀ ਜ਼ਖ਼ਮੀ ਪਿਤਾ ਰਾਮ ਸਿੰਘ ਦਾ ਕਹਿਣਾ ਸੀ ਕਿ ਮੈਂ ਤੇ ਮੇਰਾ ਵੱਡਾ ਬੇਟਾ ਜਗਜੀਵਨ ਸਿੰਘ ਕਾਫੀ ਸਮੇਂ ਤੋਂ ਅਸੀਂ ਅਲੱਗ ਰਹਿੰਦੇ ਸੀ। ਮੇਰਾ ਛੋਟਾ ਬੇਟਾ ਪਿੰਡ 'ਚ ਅਲੱਗ ਘਰ 'ਚ ਰਹਿੰਦਾ ਸੀ। ਬੀਤੀ ਰਾਤ ਮੇਰਾ ਮੁੰਡਾ ਨਸ਼ੇ ਵਿੱਚ ਘਰੇ ਆਇਆ ਤੇ ਉਹਨੇ ਆ ਕੇ ਸਾਡੇ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਆਪਣੀ ਜ਼ਮੀਨ ਨੂੰ ਲੈਣ ਵਾਸਤੇ ਵਾਰ ਵਾਰ ਕਹਿਣ ਲੱਗ ਗਏ। ਉਸ ਤੋਂ ਬਾਅਦ ਛੋਟੇ ਬੇਟੇ ਦਲਵੀਰ ਸਿੰਘ ਨੇ ਸੱਬਲ ਮਾਰ ਕੇ ਮੇਰੇ ਵੱਡੇ ਬੇਟੇ ਜਗਜੀਵਨ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਮੇਰੇ ਉਪਰ ਵੀ ਜਾਨਲੇਵਾ ਹਮਲਾ ਕੀਤਾ, ਜਿਸ ਨਾਲ ਉਹ ਗੰਭੀਰ ਜ਼ਖ਼ਮੀਂ ਹੋ ਗਿਆ, ਜਿਸ ਨੂੰ ਚੁੱਕ ਕੇ ਸਿਵਲ ਹਸਪਤਾਲ ਸਮਰਾਲਾ ਵਿਖੇ ਦਾਖਲ ਕਰਵਾਇਆ ਗਿਆ। ਜਦੋਂ ਇਸ ਸੰਬੰਧੀ ਸਮਰਾਲਾ ਪੁਲਸ ਦੇ ਐੱਸ.ਐੱਚ.ਓ. ਰਾਓ ਵਰਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਦੱਸਿਆ ਕਿ ਕਥਿਤ ਦੋਸ਼ੀ ਦਲਵੀਰ ਸਿੰਘ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ ਤੇ ਮੁਕੱਦਮਾ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਉਕਤ ਜਗਜੀਵਨ ਸਿੰਘ ਦੀ ਲਾਸ਼ ਦਾ ਪੋਸਟ ਮਾਰਟਮ ਕਰਵਾ ਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ।

# ਸ਼ਹੀਦ ਊਧਮ ਸਿੰਘ 'ਵਰਸਟੀ ਕਾਂਸਟੀਚਿਊਟ ਕਾਲਜ ਅੱਗੇ ਧਰਨਾ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸ਼ਹੀਦ ਊਧਮ ਸਿੰਘ ਯੂਨੀਵਰਸਟੀ ਕਾਂਸਟੀਚਿਊਟ ਕਾਲਜ ਮੋਹਨ ਕੇ ਹਿਠਾੜ ਦੇ ਬਹਾਰ ਵਿਦਿਆਰਥੀਆਂ ਵੱਲੋਂ ਧਰਨਾ ਪ੍ਰਦਰਸ਼ਨ ਕੀਤਾ ਗਿਆ, ਜਿਸ ਦੇ ਚਲਦਿਆਂ ਵਿਦਿਆਰਥੀਆਂ ਨੇ ਮੇਨ ਗੇਟ 'ਤੇ ਬੈਠ ਕੇ ਮੰਗ ਕਰਦੇ ਹੋਏ ਕਿਹਾ ਕਿ ਪਿਛਲੇ ਕਾਫੀ ਸਮੇਂ ਤੋਂ ਕਾਲਜ ਦੀ ਲਾਇਬ੍ਰੇਰੀ ਚੰਗੀ ਤਰ੍ਹਾਂ ਨਹੀਂ ਖੁੱਲ੍ਹ ਰਹੀ ਤੇ ਨਾ ਹੀ ਕੋਈ ਲਾਇਬ੍ਰੇਰੀਅਨ ਮੌਜੂਦ ਹੈ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਵਿਦਿਆਰਥੀ ਗਰੀਬ ਘਰਾਂ ਨਾਲ ਸਬੰਧ ਰੱਖਦੇ ਹਾਂ, ਅਸੀਂ ਕਿਤਾਬਾਂ ਖ਼੍ਰੀਦਣ ਤੋਂ ਅਸਮਰਥ ਹਾਂ, ਜਿਸ ਨੂੰ ਲੈ ਕੇ ਕਾਲਜ ਦੇ ਮੇਨ ਗੇਟ 'ਤੇ ਧਰਨਾ ਪ੍ਰਦਰਸ਼ਨ ਕੀਤਾ ਗਿਆ, ਜਿਸ ਸਬੰਧੀ ਇੱਕ ਮੰਗ ਪੱਤਰ ਪ੍ਰਿੰਸੀਪਲ ਨੂੰ ਵੀ ਸੌਂਪਿਆ ਗਿਆ ਤੇ ਮੰਗ ਕਰਦੇ ਵਿਦਿਆਰਥੀਆਂ ਨੇ ਕਿਹਾ ਕਿ ਜੇਕਰ 15 ਦਿਨਾਂ ਵਿੱਚ ਸਾਡੀਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ ਗਿਆ ਤਾਂ ਅਗਲਾ ਧਰਨਾ ਪ੍ਰਦਰਸ਼ਨ ਕਾਲਜ ਦੇ ਗੇਟ ਛੱਡ ਕੇ ਮੇਨ ਫਿਰੋਜ਼ਪੁਰ-ਫਾਜ਼ਿਲਕਾ ਹਾਈਵੇ ਬਲੌਕ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮਾਮਲੇ ਸਬੰਧੀ ਜਦ ਪ੍ਰਿੰਸੀਪਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੈਂ ਹੁਣ ਹੀ ਚਾਰਜ ਸੰਭਾਲਿਆ ਹੈ, ਜਲਦੀ ਹੀ ਵਿਦਿਆਰਥੀਆਂ ਦੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ ਤੇ ਲਾਈਬ੍ਰੇਰੀ ਵਿੱਚ ਜੋ ਸਾਡਾ ਟੀਚਰ ਨਹੀਂ ਹੈ, ਉਸ ਨੂੰ ਨਿਯੁਕਤ ਕੀਤਾ ਜਾਵੇਗਾ।

# ਭਰੂਰ 'ਚ ਲੱਗਾ ਕੈਂਪ, ਲੋਕਾਂ ਦੀਆਂ ਮੁਸ਼ਕਲਾਂ ਹੱਲ



**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)** ਕੈਬਨਿਟ ਅਮਨ ਅਰੋੜਾ ਦੀ ਅਗਵਾਈ ਵਿੱਚ ਨੇੜੇ ਪਿੰਡ ਭਰੂਰ ਵਿਖੇ ਕੈਂਪ ਲਾਇਆ ਗਿਆ, ਜਿਸ ਵਿੱਚ ਬਲਾਕ ਪ੍ਰਧਾਨ ਅਮਨਦੀਪ ਸਿੰਘ ਨੇ ਦੱਸਿਆ ਕਿ ਉਹ ਆਪਣੇ ਇਲਾਕੇ ਦੇ ਜੋ ਵੀ ਅਧੂਰੇ ਪਏ ਕੰਮ ਹਨ, ਉਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਸਰਕਾਰ ਦੀ ਸਹਾਇਤਾ ਨਾਲ ਲੋਕਾਂ ਦੇ ਬਹੁਤ ਹੀ ਦੇਰ ਨਾਲ ਲਟਕਦੇ ਆ ਰਹੇ ਕੰਮ ਜਿਵੇਂ ਆਟਾ ਦਾਲ਼ ਦੇ ਕੱਟੇ ਗਏ ਕਾਰਡ ਜਾਂ ਕਿਸੇ ਦੇ ਜਨਮ ਸਰਟੀਫਿਕੇਟ ਵਿੱਚ ਨਾਂਅ ਗ਼ਲਤ, ਉਸਦੀ ਸੋਧ ਜਾਂ ਨਵੀਂ ਪੈਨਸ਼ਨ ਲੱਗਣੀ ਭਾਵੇਂ ਕੋਈ ਮੈਡੀਕਲ ਸਬੰਧੀ ਕੰਮ ਹੋਵੇ ਜਾਂ ਮਾਲ ਪਟਵਾਰੀਆਂ ਦਾ ਕੰਮ ਹੋਵੇ ਜਾਂ ਕੋਈ ਪੰਚਾਇਤੀ ਰਾਜ ਦਾ ਕੰਮ, ਸਭ ਨੂੰ ਲੈ ਕੇ ਪਿੰਡ ਭਰੂਰ ਵਿਖੇ ਵਿਸ਼ਾਲ ਕੈਂਪ ਲਾਇਆ ਗਿਆ, ਜਿਸ ਵਿੱਚ ਪੰਚਾਇਤ ਸੈਕਟਰੀ ਪ੍ਰਧਾਨ ਕੁਲਦੀਪ ਸਿੰਘ ਬਲਾਕ ਸੁਨਾਮ, ਸੰਦੀਪ ਸਿੰਘ ਮਨਰੇਗਾ ਅਤੇ ਸਮਾਜਿਕ ਸੁਰੱਖਿਆ ਬਾਲ ਮਹਿਕਮੇ ਵੱਲੋਂ ਮੈਡਮ ਸੀਡੀਪੀਓ ਰੇਖਾ ਰਾਣੀ ਸਿਹਤ ਵਿਭਾਗ ਦੀ ਟੀਮ ਗੁਰਪ੍ਰੀਤ ਸਿੰਘ ਤੇ ਹਰ ਇੱਕ ਮਹਿਕਮੇ ਦੇ ਅਫ਼ਸਰ ਕੈਂਪ ਵਿੱਚ ਪਹੁੰਚੇ ਤਾਂ ਜੁ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕੀਤਾ।

ਇਸ ਮੌਕੇ ਉੱਪਰ ਪਿੰਡ ਭਰੂਰ ਤੋਂ ਪ੍ਰਧਾਨ ਹਰਦੀਪ ਸਿੰਘ ਦੀਪਾ, ਹਰਵਿੰਦਰ ਸਿੰਘ ਹੀਰਾ ਯੂਥ ਇੰਚਾਰਜ, ਸੰਦੀਪ ਸਿੰਘ ਸੋਨੀ, ਬਲਕਾਰ ਸਿੰਘ, ਮਨਪ੍ਰੀਤ ਸਿੰਘ, ਵਾਰਿਸ ਸਿੰਘ, ਸੁਖਦੇਵ ਸਿੰਘ ਭੱਟੀ, ਸਿਮਰਨਜੀਤ ਸਿੰਘ, ਕੁਲਵਿੰਦਰ ਸਿੰਘ ਮੈਂਬਰ, ਲਾਡੀ ਸਿੰਘ ਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।

## ਰਫਿਊਜਲ ਦੇ ਬਾਵਜੂਦ ਲਵਾਇਆ ਕੈਨੇਡਾ ਦਾ ਵਿਜ਼ਿਟਰ ਵੀਜ਼ਾ




ਬਾਘਾਪੁਰਾਣਾ (ਮਨੀ ਸਿੰਗਲਾ) ਜੇ.ਐਮ.ਐੱਸ. ਇਮੀਗ੍ਰੇਸ਼ਨ ਜੋ ਰਫਿਊਜ਼ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਿਰ ਦੇ ਨਾਂਅ ਨਾਲ ਜਾਣੀ ਜਾਂਦੀ ਹੈ। ਇਸਦੇ ਨਾਲ-ਨਾਲ ਹੁਣ ਸੰਸਥਾਂ ਵੱਲੋਂ ਬਹੁਤ ਹੀ ਘੱਟ ਉਮਰ ਵਾਲਿਆਂ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਵੀ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ। ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾਂ ਵੱਲੋਂ ਸੰਤੋਖ ਸਿੰਘ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਵਾ ਕੇ ਦਿੱਤਾ ਗਿਆ ਹੈ।ਸੰਤੋਖ ਸਿੰਘ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸਨੂੰ ਬਹੁਤ ਹੀ ਜਲਦ ਜੇ.ਐਮ.ਐੱਸ. ਸੰਸਥਾ ਵੱਲੋਂ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਪ੍ਰਾਪਤ ਹੋਇਆ ਹੈ।

ਦੱਸਣਯੋਗ ਹੈ ਕਿ ਮਾਹਿਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖ਼ਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾਂ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ। ਸੰਸਥਾ ਵੱਲੋਂ ਵਿਜ਼ਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਵਾ ਕੇ ਦਿੱਤੇ ਜਾਂਦੇ ਹਨ। ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾਂ ਵਿਖੇ ਪਹੁੰਚ ਕੇ ਆਪਣੇ ਦਸਤਾਵੇਜ਼ ਜ਼ਰੂਰ ਸਾਂਝੇ ਕਰੋ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

## ਅੰਮ੍ਰਿਤਸਰ ਸਾਹਿਬ ਤੱਕ ਸਰਕਾਰੀ ਬੱਸ ਸੇਵਾ ਸ਼ੁਰੂ



**ਚੀਮਾ ਮੰਡੀ (ਰਵਿੰਦਰ ਚੀਮਾ)** ਲੋਕਾਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਪੂਰਾ ਕਰ ਦਿੱਤਾ ਹੈ। ਉਨ੍ਹਾਂ ਵੱਲੋਂ ਸੰਤ ਬਾਬਾ ਅਤਰ ਸਿੰਘ ਦੀ ਜਨਮ ਭੂਮੀ ਚੀਮਾ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਸਰਕਾਰੀ ਬੱਸ ਪੱਕੇ ਤੌਰ 'ਤੇ ਚਾਲੂ ਕਰ ਦਿੱਤੀ ਗਈ ਹੈ। ਕਾਫੀ ਸਮੇਂ ਤੋਂ ਮੰਗ ਸੀ ਕਿ ਸੰਤ ਬਾਬਾ ਅਤਰ ਸਿੰਘ ਦੀ ਜਨਮ ਭੂਮੀ ਤੋਂ ਧਾਰਮਿਕ ਸਥਾਨਾਂ ਲਈ ਕੋਈ ਬੱਸ ਸੇਵਾ ਹੋਣੀ ਚਾਹੀਦੀ ਹੈ, ਜੋ ਪੂਰੀ ਹੋ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਮਾਤਾ ਹਰਪਾਲ ਕੌਰ ਤੇ ਪੀਆਰਟੀਸੀ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਵੱਲੋਂ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਪੀਆਰਟੀਸੀ ਦੇ ਚੇਅਰਮੈਨ ਰਣਜੋਧ ਸਿੰਘ ਹੰਡਾਣਾ ਨੇ ਦੱਸਿਆ ਕਿ ਲੋਕਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਤੇ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਇਹ ਬੱਸ ਚੀਮਾ ਮੰਡੀ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਪੱਕੇ ਤੌਰ 'ਤੇ ਚਾਲੂ ਕਰ ਦਿੱਤੀ ਗਈ ਹੈ, ਕਿਉਂਕਿ ਮੁੱਖ ਮੰਤਰੀ ਸਾਹਿਬ ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦੇ ਲਈ ਹਰ ਸਹੂਲਤ ਦਿੱਤੀ ਜਾਵੇਗੀ।

## ਸਰਕਾਰੀ ਮਿਡਲ ਸਕੂਲ ਧਾਂਦਰਾ 'ਚ ਮਨਾਇਆ ਵਿਗਿਆਨ ਦਿਵਸ

**ਧੂਰੀ (ਪੱਤਰ ਪ੍ਰੇਰਕ)** ਸਰਕਾਰੀ ਮਿਡਲ ਸਕੂਲ ਧਾਂਦਰਾ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਮਨਾਇਆ ਗਿਆ।ਸਾਇੰਸ ਅਧਿਆਪਕ ਦੀਪਕ ਕੁਮਾਰ ਨੇ ਦੱਸਿਆ ਕਿ ਮਹਾਨ ਭਾਰਤੀ ਭੌਤਿਕ ਵਿਗਿਆਨੀ ਚੰਦਰਸ਼ੇਖਰ ਵੈਂਕਟਰਮਨ ਨੇ 28 ਫਰਵਰੀ ਨੂੰ ਰਮਨ ਪ੍ਰਭਾਵ (ਪ੍ਰਕਾਸ਼ ਦਾ ਸਤਾ 'ਤੇ ਟਕਰਾ ਕੇ ਬਦਲਣਾ) ਦੀ ਖੋਜ ਕੀਤੀ ਸੀ, ਜਿਸ ਕਰਕੇ ਉਨ੍ਹਾਂ ਨੂੰ ਭੌਤਿਕ ਵਿਗਿਆਨ ਵਿੱਚ 1930 ਨੂੰ ਨੋਬਲ ਪੁਰਸਕਾਰ ਦਿੱਤਾ ਗਿਆ ਸੀ।ਇਹ ਪੁਰਸਕਾਰ ਪ੍ਰਾਪਤ ਕਰਨ ਵਾਲੇ ਸ਼੍ਰੀ ਸੀ.ਵੀ. ਰਮਨ ਏਸ਼ੀਆ ਦੇ ਪਹਿਲੇ ਵਿਅਕਤੀ ਸਨ।ਉਨ੍ਹਾਂ ਦੱਸਿਆ ਇਹ ਦਿਵਸ ਭਾਰਤ ਸਰਕਾਰ ਵੱਲੋਂ ਹਰੇਕ ਸਾਲ ਮਨਾਇਆ ਜਾਂਦਾ ਹੈ ਤੇ ਦੇਸ਼ ਵਿੱਚ ਨਵੀਆਂ ਖੋਜਾਂ ਅਤੇ ਤਕਨੀਕਾਂ ਲੱਭਣ ਵਾਲੇ ਬੱਚਿਆਂ ਅਤੇ ਨੌਜਵਾਨਾਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ।ਪਹਿਲਾ ਰਾਸ਼ਟਰੀ ਵਿਗਿਆਨ ਦਿਵਸ 28 ਫਰਵਰੀ 1987 ਨੂੰ ਮਨਾਇਆ ਗਿਆ ਸੀ।ਇਸ ਸਾਲ 2024 ਦਾ ਥੀਮ ਵਿਕਾਸਸ਼ੀਲ ਭਾਰਤ ਦੇ ਲਈ ਸਵਦੇਸ਼ੀ ਟੈਕਨੋਲੋਜੀ ਰੱਖਿਆ ਗਿਆ ਹੈ।ਇਸ ਮੌਕੇ ਸਮੂਹ ਸਟਾਫ ਸਕੂਲ ਇੰਚਾਰਜ਼ ਸਰਬਜੀਤ ਕੌਰ (ਪੰਜਾਬੀ ਅਧਿਆਪਕਾ), ਸਤਪਾਲ ਸਿੰਘ (ਹਿੰਦੀ ਮਾਸਟਰ), ਹਰਜੀਤ ਸਿੰਘ (ਐਸ.ਐਸ. ਮਾਸਟਰ) ਨੇ ਵੀ ਬੱਚਿਆਂ ਨੂੰ ਵਿਗਿਆਨ ਪ੍ਰਤੀ ਜਾਗਰੂਕ ਕੀਤਾ ।

# ਸਿਰੀਏਵਾਲਾ ਕੂਹਣੀ ਮੋੜ 'ਤੇ ਲੱਗਾ ਦਰੱਖਤ ਦੇ ਰਿਹਾ ਵੱਡੇ ਹਾਦਸੇ ਨੂੰ ਸੱਦਾ



**ਭਗਤਾ ਭਾਈ ਕਾ, (ਰਾਜੀਵ ਗੋਇਲ)** ਪਿੰਡ ਸਿਰੀਏਵਾਲੇ ਦੇ ਡੋਡ ਰੋਡ 'ਤੇ ਕੂਹਣੀ ਮੋੜ 'ਤੇ ਲੱਗਾ ਦਰੱਖਤ ਕਿਸੇ ਵੱਡੇ ਹਾਦਸੇ ਨੂੰ ਸੱਦਾ ਦੇ ਰਿਹਾ ਹੈ। ਇਹ ਦਰੱਖਤ ਸੜਕ ਦੇ ਬਿਲਕੁਲ ਕਿਨਾਰੇ 'ਤੇ ਹੈ, ਜਿਸਦਾ ਉਪਰਲਾ ਹਿੱਸਾ ਬਹੁਤ ਹੀ ਨੀਂਵਾਂ ਸੜਕ ਵੱਲ ਨੂੰ ਵਧਿਆ ਹੋਇਆ ਹੈ। ਰਾਤ ਸਮੇਂ ਇਹ ਕੂਹਣੀ ਮੋੜ ਹੋਣ ਕਾਰਨ ਸਾਹਮਣੇ ਤੋਂ ਆ ਰਹੇ ਵਹੀਕਲ ਦੀਆਂ ਲਾਈਟਾਂ ਸਿੱਧੀਆਂ ਅੱਖਾਂ 'ਚ ਵੱਜ ਜਾਣ ਕਾਰਨ ਇੱਥੇ ਆਏ ਦਿਨ ਹਾਦਸੇ ਵਾਪਰਦੇ ਹੀ ਰਹਿੰਦੇ ਹਨ।

ਕੁੱਝ ਦਿਨ ਪਹਿਲਾਂ ਸਲਾਬਤਪੁਰਾ ਦੇ ਰਹਿਣ ਵਾਲੇ ਦੋ ਨੌਜਵਾਨਾਂ ਦੀ ਕਾਰ ਵੀ ਇਸੇ ਦਰੱਖਤ ਵਿੱਚ ਵੱਜ ਜਾਣ ਕਾਰਨ ਹਾਦਸੇ ਦਾ ਸ਼ਿਕਾਰ ਹੋ ਗਈ ਸੀ, ਜਿਨ੍ਹਾਂ ਨੂੰ ਬਾਅਦ 'ਚ ਨੇੜੇ ਦੇ ਹਸਪਤਾਲ ਵਿਖੇ ਭਰਤੀ ਕਰਾਇਆ ਗਿਆ ਸੀ। ਆਮ ਲੋਕਾਂ ਦੀ ਮੰਗ ਹੈ ਕਿ ਇਸ ਦਰੱਖਤ ਨੂੰ ਪਾਸੇ ਕਰਾਇਆ ਜਾਵੇ ਤਾਂ ਜੁ ਭਵਿੱਖ ਵਿੱਚ ਵਾਪਰਨ ਵਾਲੇ ਕਿਸੇ ਵੱਡੇ ਹਾਦਸੇ ਨੂੰ ਟਾਲਿਆ ਜਾ ਸਕੇ।

## ਡਾਟਾ ਐਂਟਰੀ ਅਪ੍ਰੇਟਰ 35000 ਰੁਪਏ ਰਿਸ਼ਵਤ ਲੈਂਦੇ ਕਾਬੂ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ, ਬਲਵਿੰਦਰ ਵਜੀਦਕੇ)**-ਮਹਿਲ ਕਲਾਂ ਤਹਿਸੀਲ ਦਾ ਡਾਟਾ ਐਂਟਰੀ ਆਪ੍ਰੇਟਰ 35,000 ਰੁਪਏ ਦੀ ਰਿਸ਼ਵਤ ਲੈਂਦਾ ਕਾਬੂ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮੁਕੱਦਮਾ ਮਹਿਲ ਕਲਾਂ ਦੇ ਵਸਨੀਕ ਸੰਜੇ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਨੇ ਸਬੰਧਤ ਹਲਕਾ ਪਟਵਾਰੀ ਰਾਹੀਂ ਨਾਇਬ ਤਹਿਸੀਲਦਾਰ ਮਹਿਲ ਕਲਾਂ ਤੋਂ ਰਜਿਸਟਰੀ ਕਰਵਾਉਣ ਬਦਲੇ 40,000 ਰੁਪਏ ਦੀ ਮੰਗ ਕੀਤੀ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਪਟਿਆਲਾ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 35,000 ਰੁਪਏ ਰਿਸ਼ਵਤ ਲੈਂਦਿਆਂ ਮੌਕੇ 'ਤੇ ਹੀ ਦਬੋਚ ਲਿਆ। ਇਸ ਸਬੰਧੀ ਮੁਲਜ਼ਮ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਥਾਣਾ ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

# ਦਿਹਾਤੀ ਮਜ਼ਦੂਰ ਸਭਾ ਦੀ ਰੈਲੀ 3 ਨੂੰ



**ਬਠਿੰਡਾ (ਪਰਵਿੰਦਰ ਜੀਤ ਸਿੰਘ)** 'ਜਨਤਕ ਜਥੇਬੰਦੀਆਂ ਦਾ ਸਾਂਝਾ ਮੰਚ' (ਜੇਪੀਐਮਓ) ਪੰਜਾਬ ਵੱਲੋਂ 3 ਮਾਰਚ ਨੂੰ ਬਠਿੰਡਾ ਦੀ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਪਾਰਕ ਵਿਖੇ ਕੀਤੀ ਜਾਣ ਵਾਲੀ ਖੇਤਰੀ ਰੈਲੀ ਵਿੱਚ ਦਿਹਾਤੀ ਮਜ਼ਦੂਰ ਸਭਾ ਦੀ ਬਠਿੰਡਾ ਜ਼ਿਲ੍ਹਾ ਕਮੇਟੀ ਦੇ ਸੱਦੇ 'ਤੇ ਭਾਰੀ ਗਿਣਤੀ ਬੇਜ਼ਮੀਨੇ, ਸਾਧਨਹੀਨ ਪੇਂਡੂ ਕਿਰਤੀ ਪਰਵਾਰਾਂ ਸਮੇਤ ਸ਼ਾਮਲ ਹੋਣਗੇ।

ਇਹ ਜਾਣਕਾਰੀ ਜ਼ਿਲ੍ਹਾ ਪ੍ਰਧਾਨ ਮਿੱਠੂ ਸਿੰਘ ਘੁੱਦਾ ਦੀ ਪ੍ਰਧਾਨਗੀ ਹੇਠ ਹੋਈ ਸਭਾ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਜਨਰਲ ਸਕੱਤਰ ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਦਿੱਤੀ।

ਸ੍ਰੀ ਨੰਦਗੜ੍ਹ ਨੇ ਦੱਸਿਆ ਕਿ 'ਫਿਰਕੂ-ਫ਼ਾਸ਼ੀਵਾਦ ਹਰਾਓ ਕਾਰਪੋਰੇਟ ਭਜਾਓ ਦੇਸ਼ ਬਚਾਉ' ਦਾ ਸੱਦਾ ਦੇਣ ਲਈ ਕੀਤੀ ਜਾ ਰਹੀ ਰੈਲੀ ਨੂੰ ਸੀਟੀਯੂ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸਾਥੀ ਮੰਗਤ ਰਾਮ ਪਾਸਲਾ ਤੋਂ ਇਲਾਵਾ ਮੰਚ ਵਿੱਚ ਸ਼ਾਮਲ ਜਥੇਬੰਦੀਆਂ ਦੇ ਪ੍ਰਮੁੱਖ ਅਹੁਦੇਦਾਰ ਸੰਬੋਧਨ ਕਰਨਗੇ।

ਇਸੇ ਦੌਰਾਨ ਜੇਪੀਐਮਓ ਦੇ ਸੂਬਾਈ ਕਨਵੀਨਰ ਸਾਥੀ ਮਹੀਪਾਲ ਨੇ ਜਾਣਕਾਰੀ ਦਿੱਤੀ ਕਿ ਬਠਿੰਡਾ ਤੋਂ ਇਲਾਵਾ ਫ਼ਿਰੋਜ਼ਪੁਰ, ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫ਼ਾਜ਼ਿਲਕਾ ਜ਼ਿਲ੍ਹਿਆਂ ਅੰਦਰ 3 ਮਾਰਚ ਦੀ ਰੈਲੀ ਦੀ ਲਾਮਿਸਾਲ ਕਾਮਯਾਬੀ ਲਈ ਜ਼ੋਰਦਾਰ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਰੈਲੀ ਵਿੱਚ ਸੀਟੀਯੂ ਪੰਜਾਬ, ਦਿਹਾਤੀ ਮਜ਼ਦੂਰ ਸਭਾ, ਜਮਹੂਰੀ ਕਿਸਾਨ ਸਭਾ, ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ (1406-22 ਬੀ ਚੰਡੀਗੜ੍ਹ), ਨਾਰਦਰਨ ਰੇਲਵੇ ਮੈਨਸ ਯੂਨੀਅਨ (ਫ਼ਿਰੋਜ਼ਪੁਰ ਡਵੀਜ਼ਨ), ਔਰਤ ਮੁਕਤੀ ਮੋਰਚਾ ਪੰਜਾਬ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ (ਐਸਬੀਵਾਈਐਫ਼) ਪੰਜਾਬ ਤੇ ਪੰਜਾਬ ਸਟੂਡੈਂਟਸ ਫੈਡਰੇਸ਼ਨ (ਪੀਐਸਐਫ਼) ਦੇ ਕਾਰਕੁੰਨ ਹਿੱਸਾ ਲੈਣਗੇ।

## ਚੱਠਾ ਨਨਹੇੜਾ ਦੀ ਔਰਤ ਲਾਪਤਾ



**ਦਿੜ੍ਹਬਾ (ਜਸਵੀਰ ਲਾਡੀ)**-ਪਿੰਡ ਚੱਠਾ ਨੰਨਹੇੜਾ ਦੇ ਖੁਸ਼ਪ੍ਰੀਤ ਸ਼ਰਮਾ ਪੁੱਤਰ ਕਲਾਧਾਰੀ ਸ਼ਰਮਾ ਨੇ ਥਾਣਾ ਛਾਜਲੀ ਵਿਖੇ ਇਤਲਾਹ ਦਿੱਤੀ ਹੈ ਕਿ ਉਸ ਦੀ ਪਤਨੀ ਰਮਨਦੀਪ ਕੌਰ ਉਮਰ 24 ਸਾਲ ਕੱਦ 5 ਫੁੱਟ 3 ਇੰਚ ਰੰਗ ਗੋਰਾ ਤੇ ਸਰੀਰ ਪਤਲਾ ਤੇ ਸੂਟ ਸਲਵਾਰ ਪਹਿਨਿਆ ਹੋਇਆ ਹੈ, ਜੋ 21 ਫ਼ਰਵਰੀ ਦੀ ਘਰੋਂ ਲਾਪਤ ਹੈ।ਥਾਣਾ ਛਾਜਲੀ ਵਿਖੇ ਕੇਸ ਦੇ ਤਫ਼ਤੀਸ਼ੀ ਅਫਸਰ ਸ੍ਰੀ ਰਮੇਸ਼ਵਰ ਦਾਸ ਨੇ ਦੱਸਿਆ ਹੈ ਕਿ ਖੁਸ਼ਪ੍ਰੀਤ ਸ਼ਰਮਾ ਨੇ ਆਪਣੇ ਬਿਆਨ ਵਿੱਚ ਦਰਜ ਕਰਾਇਆ ਹੈ ਕਿ ਉਸ ਦੀ ਪਤਨੀ 21ਫਰਵਰੀ ਨੂੰ ਯੂਨੀਵਰਸਿਟੀ ਪਟਿਆਲ਼ਾ ਵਿਖੇ ਆਪਣੇ ਬੀ.ਏ.ਦੇ ਚੌਥੇ ਸਮੈਸਟਰ ਦਾ ਨਤੀਜਾ ਪਤਾ ਕਰਨ ਗਈ ਸੀ, ਜੋ ਮੁੜ ਘਰ ਵਾਪਸ ਨਹੀਂ ਆਈ।ਉਸ ਨੂੰ ਸ਼ੱਕ ਹੈ ਕਿ ਉਸ ਦੀ ਪਤਨੀ ਨੂੰ ਕਿਸੇ ਨੇ ਕਿਸੇ ਖ਼ਾਸ ਮਕਸਦ ਲਈ ਕਿਸੇ ਅਣਦੱਸੀ ਥਾਂ ਕੇ ਰੱਖਿਆ ਹੋਇਆ ਹੈ।ਸ੍ਰੀ ਰਮੇਸਵਰ ਦਾਸ ਨੇ ਦੱਸਿਆ ਕਿ ਉਕਤ ਬਿਆਨ ਦੇ ਅਧਾਰ ਤੇ ਥਾਣਾ ਛਾਜਲੀ ਵਿਖੇ ਮੁਕੱਦਮ ਨੰਬਰ 106 ਧਾਰਾ 346 ਆਈ.ਪੀ.ਸੀ.ਅਧੀਨ ਪਰਚਾ ਦਰਜ ਕਰ ਲਿਆ ਹੈ।ਉਨ੍ਹਾਂ ਕਿਹਾ ਕਿ ਰਮਨਦੀਪ ਕੌਰ ਦੇ ਜ਼ਿੰਦਾ/ਮੁਰਦਾ ਬਾਰੇ ਜਾਣਕਾਰੀ ਲਈ ਮੁੱਖ ਅਫ਼ਸਰ ਥਾਣਾ ਛਾਜਲੀ, ਮੁੱਖ ਮੁਨਸ਼ੀ, ਤਫ਼ਤੀਸ਼ੀ ਅਫ਼ਸਰ ਸੰਪਰਕ ਕੀਤਾ ਜਾਵੇ ।

## ਲਾਰੈਂਸ ਸਕੂਲ 'ਚ ਫੇਅਰਵੈਲ ਪਾਰਟੀ




**ਬਾਘਾ ਪੁਰਾਣਾ, (ਮਨੀ ਸਿੰਗਲਾ)** ਲਾਰੈਂਸ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਫੇਅਰਵੈਲ ਪਾਰਟੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ।ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਚੇਅਰਮੈਨ ਤਰਸੇਮ ਲਾਲ ਗਰਗ, ਪ੍ਰਿੰਸੀਪਲ ਮੈਡਮ ਜ਼ੀਨਮ ਗਰਗ ਅਤੇ ਮਨੋਜ ਕੁਮਾਰ ਦੇ ਨਾਲ ਨਾਲ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਕੇਕ ਕੱਟ ਕੇ ਕੀਤੀ। ਇਸ ਤੋਂ ਬਾਅਦ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਤੋਹਫ਼ੇ ਭੇਟ ਕੀਤੇ।ਮਨੋਜ ਕੁਮਾਰ ਨੇ ਵਿਦਿਆਰਥੀਆਂ ਨੂੰ ਇਮਤਿਹਾਨਾਂ ਵਿਚੋਂ ਚੰਗੇ ਨੰਬਰ ਪ੍ਰਾਪਤ ਕਰਕੇ ਪਾਸ ਹੋਣ ਲਈ ਪ੍ਰੇਰਿਤ ਕੀਤਾ।ਸਾਰੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਤੇ ਉਨ੍ਹਾਂ ਨੂੰ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂਅ ਰੌਸ਼ਨ ਕਰਨ ਲਈ ਉਤਸ਼ਾਹਤ ਕੀਤਾ ਗਿਆ।ਅੰਤ ਵਿੱਚ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਅਧਿਆਪਕਾਂ ਨੂੰ ਯਾਦਗਾਰੀ ਚਿੰਨ੍ਹਾਂ ਦੇ ਤੌਰ 'ਤੇ ਤੋਹਫ਼ੇ ਦਿੱਤੇ ਅਤੇ ਸਕੂਲ ਨਾਲ ਜੁੜੀਆਂ ਆਪਣੀਆਂ ਭਾਵੁਕ ਯਾਦਾਂ ਵੀ ਸਾਂਝੀਆਂ ਕੀਤੀਆਂ।

## ਡਾ: ਬਖਸ਼ੀ ਖੇਤਰੀ ਖੋਜ ਕੇਂਦਰ ਵਿਖੇ ਕਿੰਨੂ ਕਾਸ਼ਤ ਵਿਸ਼ੇ 'ਤੇ ਸਮਾਗਮ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਡਾ: ਜੇ.ਸੀ. ਬਖਸ਼ੀ ਖੇਤਰੀ ਖੋਜ ਕੇਂਦਰ, ਅਬੋਹਰ (ਪੀ.ਏ.ਯੂ.) ਨੇ ਅਬੋਹਰ ਵਿਖੇ ਕਿੰਨੂ ਦੀ ਕਾਸ਼ਤ ਵਿਸ਼ੇ 'ਤੇ ਫੀਲਡ ਡੇਅ ਦਾ ਆਯੋਜਨ ਕੀਤਾ।ਫੀਲਡ ਡੇਅ ਦਾ ਆਯੋਜਨ ਆਈ.ਸੀ.ਏ.ਆਰ-ਆਲ ਇੰਡੀਆ ਕੋਆਰਡੀਨੇਟਿਡ ਰਿਸਰਚ ਫਰੂਟ ਪ੍ਰੋਜੈਕਟ ਦੀ ਐਸ.ਸੀ.ਐਸ.ਪੀ. ਸਕੀਮ ਅਧੀਨ ਕੀਤਾ ਗਿਆ ਸੀ।ਪ੍ਰੋਜੈਕਟ ਦੇ ਸਾਰੇ ਨਾਮਜ਼ਦ ਐਸ.ਸੀ.ਐਸ.ਪੀ. ਅਧੀਨ ਲਾਭਪਾਤਰੀ ਕਿਸਾਨਾਂ ਨੇ ਇਸ ਪ੍ਰੋਗਰਾਮ ਵਿੱਚ ਭਾਗ ਲਿਆ।ਇਸ ਮੌਕੇ ਖੇਤਰੀ ਖੋਜ ਕੇਂਦਰ ਅਬੋਹਰ ਤੋਂ ਡਾ. ਅਨਿਲ ਸਾਂਗਵਾਨ, ਡਾ. ਪੀ.ਕੇ. ਅਰੋੜਾ, ਡਾ. ਅਨਿਲ ਕਾਮਰਾ, ਡਾ: ਕ੍ਰਿਸ਼ਨ ਕੁਮਾਰ, ਡਾ. ਸੰਦੀਪ ਰਹੇਜਾ, ਡਾ. ਪ੍ਰਕਾਸ਼ ਮਾਹਲਾ, ਡਾ. ਸੁਭਾਸ਼ ਚੰਦਰ ਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਅਬੋਹਰ ਤੋਂ ਡਾ. ਜੇ. ਦੇ. ਅਰੋੜਾ ਹਾਜ਼ਰ ਸਨ। ਡਾ: ਅਨਿਲ ਸਾਂਗਵਾਨ ਅਤੇ ਡਾ: ਅਨਿਲ ਕਾਮਰਾ ਨੇ ਵੱਖ-ਵੱਖ ਬਿਮਾਰੀਆਂ ਦੀ ਰੋਕਥਾਮ ਲਈ ਰੋਗ ਮੁਕਤ ਬੂਟੇ ਲਗਾਉਣ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪ੍ਰਮਾਣਿਤ ਨਰਸਰੀਆਂ ਤੋਂ ਹੀ ਬੂਟੇ ਖਰੀਦਣ। ਡਾ. ਪੀ.ਕੇ. ਅਰੋੜਾ ਨੇ ਕਿਸਾਨਾਂ ਨੂੰ ਰੁੱਖਾਂ ਦੀ ਸਿਹਤ ਤੇ ਕਿੰਨੂ ਦੇ ਝਾੜ ਨੂੰ ਪ੍ਰਭਾਵਤ ਕਰਨ ਵਾਲੇ ਵੱਖ-ਵੱਖ ਕੀੜਿਆਂ ਬਾਰੇ ਜਾਣੂ ਕਰਾਇਆ।ਡਾ: ਸੰਦੀਪ ਰਹੇਜਾ, ਪੈਥੋਲੋਜਿਸਟ (ਫਲ) ਨੇ ਕਿਸਾਨਾਂ ਨੂੰ ਕਿੰਨੂ ਦੇ ਉਤਪਾਦਨ ਨੂੰ ਪ੍ਰਭਾਵਤ ਕਰਨ ਵਾਲੀਆਂ ਵੱਖ-ਵੱਖ ਬਿਮਾਰੀਆਂ ਅਤੇ ਉਨ੍ਹਾਂ ਦੇ ਪ੍ਰਬੰਧਨ ਦੇ ਵਿਕਲਪਾਂ ਬਾਰੇ ਜਾਗਰੂਕ ਕੀਤਾ।ਉਨ੍ਹਾਂ ਵੱਖ-ਵੱਖ ਬਿਮਾਰੀਆਂ ਤੋਂ ਬਚਾਅ ਲਈ ਨੁਕਤੇ ਵੀ ਸਾਂਝੇ ਕੀਤੇ।

## ਜੀਜੇ-ਸਾਲੇ ਦੀ ਕੁੱਟਮਾਰ ਦੇ ਦੋਸ਼ 'ਚ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫਿਰੋਜ਼ਪੁਰ ਦੇ ਡੀ ਏ ਵੀ ਕਾਲਜ ਦੇ ਨਜ਼ਦੀਕ ਜੀਜੇ ਸਾਲੇ ਦੀ ਕੁੱਟਮਾਰ ਕਰਕੇ ਮੋਟਰਸਾਈਕਲ ਦੀ ਭੰਨ ਤੋੜ ਕਰਨ ਦੇ ਦੋਸ਼ ਵਿਚ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ 1 ਬਾਏ ਨੇਮ ਵਿਅਕਤੀ ਅਤੇ 1 ਅਣਪਛਾਤੇ ਵਿਅਕਤੀ ਖਿਲਾਫ 341, 323, 427 ਆਈ ਪੀ ਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੌਰਵ ਪੁੱਤਰ ਰਾਕੇਸ਼ ਕੁਮਾਰ ਵਾਸੀ ਗਲੀ ਨੰਬਰ 2 ਨੇੜੇ ਸਿੰਘ ਸਭਾ ਗੁਰਦੁਆਰਾ ਗੋਬਿੰਦ ਨਗਰੀ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਜੀਜਾ ਰਾਹੁਲ ਪੁੱਤਰ ਮਹਿੰਦਰ ਸਿੰਘ ਵਾਸੀ ਬਸਤੀ ਬੋਰੀਆਂ ਵਾਲੀ ਸਿਟੀ ਫਿਰੋਜ਼ਪੁਰ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ। ਜਦ ਉਹ ਡੇਰਾ ਬਾਬਾ ਖੇਤਰਫਲ ਨੇੜੇ ਡੀ ਏ ਵੀ ਕਾਲਜ ਕੈਂਟ ਫਿਰੋਜ਼ਪੁਰ ਪਾਸ ਪੁੱਜੇ ਤਾਂ ਦੋਸ਼ੀ ਛਿੰਦਾ ਰਾਜੂ ਪੁੱਤਰ ਪ੍ਰੇਮ ਸਿੰਘ ਗੋਬਿੰਦ ਨਗਰੀ ਤੇ 1 ਅਣਪਛਾਤਾ ਵਿਅਕਤੀ ਮੋਟਰਸਾਈਕਲ 'ਤੇ ਆਏ ਤੇ ਉਨ੍ਹਾਂ ਦੇ ਮੋਟਰਸਾਈਕਲ ਅੱਗੇ ਮੋਟਰਸਾਈਕਲ ਲਗਾ ਕੇ ਉਸ ਦੀ ਤੇ ਉਸ ਦੇ ਜੀਜਾ ਰਾਹੁਲ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ ਅਤੇ ਮੋਟਰਸਾਈਕਲ ਪਲਟੀਨਾ ਦੀ ਭੰਨ ਤੋੜ ਕੀਤੀ। ਵਜ੍ਹਾ ਰੰਜ਼ਿਸ਼ ਇਹ ਹੈ ਕਿ ਕੁਝ ਦਿਨ ਪਹਿਲਾਂ ਉਸ ਦੀ ਦੋਸ਼ੀ ਛਿੰਦਾ ਨਾਲ ਮਾਮੂਲੀ ਤਕਰਾਰ ਹੋਈ ਸੀ। ਇਸੇ ਨੂੰ ਲੈ ਕੇ ਉਕਤ ਦੋਸ਼ੀਅਨ ਨੇ ਉਨ੍ਹਾਂ ਦੀ ਕੁੱਟਮਾਰ ਕੀਤੀ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸਲਵਿੰਦਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਨੈਸ਼ਨਲ ਪੱਧਰ 'ਤੇ ਦੋ ਚਾਂਦੀ ਦੇ ਮੈਡਲ ਪ੍ਰਾਪਤ ਕਰਨ 'ਤੇ ਬਜ਼ੁਰਗ ਦੌੜਾਕ ਸ਼ਿੰਗਾਰਾ ਸਿੰਘ ਦਾ ਸਨਮਾਨ

**ਦੋਰਾਹਾ (ਹਰਮਿੰਦਰ ਸੇਠ)** ਵੈਟਰਨ ਅਥਲੈਟਿਕ ਫੈਡਰੇਸ਼ਨ ਆਫ਼ ਇੰਡੀਆਂ ਵੱਲੋਂ 43ਵੀਂ ਨੈਸ਼ਨਲ ਵੈਟਰਨ ਐਥਲੈਟਿਕ ਚੈਂਪੀਅਨਸ਼ਿਪ ਮਾਸਟਰਜ਼ 2024 ਤਾਮਿਲਨਾਡੂ ਵਿਖੇ ਤਰੁਣਵੈਲੀ 'ਚ ਕਰਾਈ ਗਈ, ਜਿਸ ਵਿਚ ਸਹਿਕਾਰਤਾ ਵਿਭਾਗ ਤੋਂ ਇੰਸਪੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ 71ਸਾਲਾ ਬਜ਼ੁਰਗ ਸ਼ਿੰਗਾਰਾ ਸਿੰਘ ਨੇਦੋ ਚਾਂਦੀ ਦੇ ਮੈਡਲ ਜਿੱਤ ਕੇ ਸੂਬੇ ਤੇ ਜ਼ਿਲ੍ਹਾ ਲੁਧਿਆਣਾ ਦੇ ਨਾਲ ਨਾਲ ਪਿੰਡ ਬਗਲੀ ਕਲਾਂ ਦਾ ਨਾਂਅ ਵੀ ਦੇਸ਼ ਪੱਧਰ 'ਤੇ ਚਮਕਾਇਆ। ਉਨ੍ਹਾਂ ਦੀਆਂ ਇੰਡੀਆਂ ਪੱਧਰ ਤੇ ਖੇਡ ਜਗਤ ਅੰਦਰ ਕੀਤਾ ਗਿਆ ਚੰਗਾ ਪ੍ਰਦਰਸ਼ਨ ਨੂੰ ਮੱਦੇਨਜ਼ਰ ਰੱਖਦਿਆਂ ਗੁਰਦੁਆਰਾ ਬੇਗਮਪੁਰਾ ਸਾਹਿਬ ਪਿੰਡ ਬਗਲੀ ਕਲਾਂ ਵਿਖੇ ਪੁੱਜਣ 'ਤੇ ਨਿੱਘਾ ਸਵਾਗਤ ਤੇ ਸੰਖੇਪ ਸਨਮਾਨ ਸਮਾਰੋਹ ਕੀਤਾ ਗਿਆ।ਇਸ ਮੌਕੇ ਉਚੇਚੇ ਤੌਰ ਸਮਾਜ ਸੇਵੀ ਹਲਵਿੰਦਰ ਸਿੰਘ ਢਿੱਲੋਂ ਭੌਰਲਾ ਤੇ ਗੁਰਜੀਤ ਸਿੰਘ ਭੌਰਲਾ ਪੁੱਜੇ, ਜਿਨ੍ਹਾਂ ਨੇ ਬਜ਼ੁਰਗ ਦੌੜਾਕ ਸ਼ਿੰਗਾਰਾ ਸਿੰਘ ਬਗਲੀ ਨੂੰ ਸਿਰੋਪਾਓ ਦੇ ਕੇ ਸਨਮਾਨਤ ਕਰਦਿਆਂ ਆਖਿਆ ਕਿ ਸ਼ਿੰਗਾਰਾ ਸਿੰਘ ਬਗਲੀ ਦੇ ਨੌਜਵਾਨਾਂ ਲਈ ਮਾਰਗ ਦਰਸ਼ਕ ਬਣਿਆ ਹੋਇਆ ਹੈ, ਜਿਨ੍ਹਾਂ ਨੇ ਵਡੇਰੀ ਉਮਰ ਵਿੱਚ ਨੈਸ਼ਨਲ ਪੱਧਰ 'ਤੇ ਜਿੱਤਾਂ ਦਾ ਸਿਲਸਿਲਾ ਜਾਰੀ ਰੱਖਿਆ ਹੋਇਆ ਹੈ। ਨੌਜਵਾਨਾਂ ਨੂੰ ਖੇਡ ਗਰਾਊਂਡ ਨਾਲ ਜੁੜਨਾ ਅੱਜ ਸਮੇਂ ਦੀ ਮੁੱਖ ਮੰਗ ਹੈ ਤਾਂ ਹੀ ਅਸੀਂ ਨਸ਼ਿਆਂ ਦੇ ਵਗ ਰਹੇ ਦਰਿਆ ਨੂੰ ਰੋਕਣ ਵਿਚ ਸਫਲ ਹੋ ਸਕਦੇ ਹਾਂ। ਇਸ ਮੌਕੇ ਬਜ਼ੁਰਗ ਫੌਜਾ ਸਿੰਘ ਦੇ ਜੀਵਨ ਤੋਂ ਪ੍ਰੇਰਨਾ ਲੈਣ ਵਾਲਾ ਬਜ਼ੁਰਗ ਸ਼ਿੰਗਾਰਾ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਦਾ ਮਾਣ ਸਨਮਾਨ ਦੇਣ ਤੇ ਧੰਨਵਾਦ ਕਰਦਿਆਂ ਆਖਿਆ ਕਿ ਉਨ੍ਹਾਂ ਨੇ ਰਿਲੇਅ ਦੌੜ ਦੇ ਵੱਖ ਵੱਖ ਮੁਕਾਬਲਿਆਂ ਵਿੱਚ ਦੋ ਚਾਂਦੀ ਦੇ ਤਗ਼ਮੇ ਜਿੱਤੇ ਹਨ।ਨਗਰ ਵੱਲੋਂ ਦਿੱਤੇ ਗਏ ਸਨਮਾਨ ਤੇ ਹੌਂਸਲੇ ਨੇ ਮੇਰੇ ਅੰਦਰ ਹੋਰ ਵੀ ਸ਼ਕਤੀ ਪੈਦਾ ਕਰ ਦਿੱਤੀ ਹੈ।

## ਦਰਿਆ ਕੰਡਿਓਂ ਨੌਜਵਾਨ ਦੀ ਲਾਸ਼ ਮਿਲੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਤਲੁਜ ਦਰਿਆ ਕਿਨਾਰੇ ਲੱਗਦੇ ਪਿੰਡ ਦੋਪਾਨਾ ਵਿਖੇ ਸਥਾਨਕ ਪੁਲਸ ਨੂੰ ਇੱਕ ਵਿਅਕਤੀ ਦੀ ਲਾਸ਼ ਮਿਲੀ ਹੈ, ਜਿਸ ਦੀ ਪਹਿਚਾਣ ਤਾਂ ਹੋ ਗਈ, ਪਰ ਉਸ ਦੇ ਵਾਰਿਸਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਰਹੀ। ਸਹਾਇਕ ਥਾਣੇਦਾਰ ਜਸਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਕਿ ਇੱਕ ਵਿਅਕਤੀ ਪਿੰਡ ਦੋਪਾਨਾ ਦੇ ਗੁਰਦੁਆਰਾ ਸਾਹਿਬ ਨੇੜੇ ਬੇਸੁਧ ਹਾਲਤ ਵਿੱਚ ਪਿਆ ਹੈ। ਜਦੋਂ ਪੁਲਸ ਨੇ ਮੌਕੇ 'ਤੇ ਜਾ ਦੇਖਿਆ ਤਾਂ ਇਸ ਵਿਅਕਤੀ ਦੀ ਮੌਤ ਹੋ ਚੁੱਕੀ ਸੀ ਤੇ ਉਸ ਦੀ ਜੇਬ 'ਚੋਂ ਮਿਲੇ ਦਸਤਾਵੇਜ਼ਾਂ ਦੇ ਅਧਾਰ 'ਤੇ ਉਸ ਦੀ ਪਹਿਚਾਣ ਰਾਜ ਕਿਸ਼ੋਰ ਮਹਾਲੀ ਪੁੱਤਰ ਮੰਗਰਾ ਮਹਾਲੀ ਵਾਸੀ ਗਾਰਡਨ ਜਲਪਿਆਗਪੁਰੀ ਬੈਸਟ ਬੰਗਾਲ ਵਜੋਂ ਹੋਈ, ਜਿਸ ਵਿੱਚ ਉਮਰ ਕਰੀਬ 35 ਸਾਲ ਹੈ। ਪੁਲਸ ਵੱਲੋਂ ਆਸ-ਪਾਸ ਇਸ ਮ੍ਰਿਤਕ ਵਿਅਕਤੀ ਦੇ ਵਾਰਿਸਾਂ ਦੀ ਤਲਾਸ਼ ਕੀਤੀ ਗਈ, ਪਰ ਕੋਈ ਜਾਣਕਾਰੀ ਨਾ ਮਿਲੀ। ਸਹਾਇਕ ਥਾਣੇਦਾਰ ਜਸਵੰਤ ਸਿੰਘ ਨੇ ਦੱਸਿਆ ਕਿ ਫਿਲਹਾਲ ਲਾਸ਼ ਨੂੰ ਸਮਰਾਲਾ ਵਿਖੇ ਮੋਰਚਰੀ 'ਚ ਰਖਵਾ ਦਿੱਤਾ ਹੈ।

## ਸੁਖਬੀਰ ਵੱਲੋਂ ਐੱਮ ਐੱਲ ਐੱਲ ਸਕੂਲ ਛਾਉਣੀ ਲਈ ਰਾਸ਼ੀ ਜਾਰੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਵੱਲੋਂ ਐੱਮਪੀ ਫੰਡ ਵਿੱਚੋਂ ਐੱਮਐੱਲਐੱਲ ਸੀਨੀਅਰ ਸੈਕੰਡਰੀ ਸਕੂਲ ਫ਼ਿਰੋਜ਼ਪੁਰ ਲਈ ਛਾਉਣੀ ਰਾਸ਼ੀ ਜਾਰੀ ਕੀਤੀ ਗਈ, ਜੋ ਹਲਕਾ ਫਿਰੋਜ਼ਪੁਰ ਸ਼ਹਿਰੀ ਦੇ ਇੰਚਾਰਜ਼ ਰੋਹਿਤ ਕੁਮਾਰ ਮੋਂਟੂ ਵੋਹਰਾ ਵੱਲੋਂ ਸਕੂਲ ਪ੍ਰਬੰਧਕ ਕਮੇਟੀ ਨੂੰ ਚੈੱਕ ਸੌਂਪਿਆ ਗਿਆ। ਹਲਕਾ ਇੰਚਾਰਜ ਰੋਹਿਤ ਵੋਹਰਾ ਨੇ ਦੱਸਿਆ ਕਿ ਸ਼ਹਿਰੀ ਹਲਕੇ ਦੇ ਵਿਕਾਸ ਕਾਰਜਾਂ ਦੇ ਚੱਲਦਿਆ ਲਈ ਸੁਖਬੀਰ ਬਾਦਲ ਵੱਲੋਂ ਆਪਣੇ ਐੱਮਪੀ ਫੰਡ ਵਿੱਚੋਂ ਜਾਰੀ ਕੀਤੀ ਗਈ ਰਾਸ਼ੀ ਐੱਮਐੱਲਐੱਲ ਸਕੂਲ ਨੂੰ ਸੌਂਪੀ ਗਈ ਹੈ ਤਾਂ ਜੁ ਸਿੱਖਿਆ ਦੀ ਪੱਧਰ ਨੂੰ ਹੋਰ ਚੁੱਕਿਆ ਜਾ ਸਕੇ।ਇਸ ਮੌਕੇ ਸਕੂਲ ਪ੍ਰਬੰਧਕਾਂ ਵੱਲੋਂ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਬੰਧਕਾਂ ਤੋਂ ਇਲਾਵਾ ਬਲਵਿੰਦਰ ਸਿੰਘ ਕੋਤਵਾਲ ਤੇ ਉਪਕਾਰ ਸਿੰਘ ਸਿੱਧੂ ਆਦਿ ਹਾਜ਼ਰ ਸਨ।

# ਮੁਬਾਰਕਪੁਰ ਹਾਈ ਸਕੂਲ ਦੀ ਇਸ਼ਰਤ ਤੇ ਮਨਪ੍ਰੀਤ ਨੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ



ਮਲੇਰਕੋਟਲਾ, (ਅਸਗਰ ਪਰਿਹਾਰ) ਸਿੱਖਿਆ ਵਿਭਾਗ ਵੱਲੋਂ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਅਧੀਨ ਐੱਸ.ਸੀ.ਈ.ਆਰ.ਟੀ, ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਪਿਛਲੇ ਦਿਨੀਂ ਲੁਧਿਆਣਾ ਦੇ ਗੁਰੂ ਨਾਨਕ ਦੇਵ ਇੰਜਨੀਅਰਿੰਗ ਕਾਲਜ ਵਿਖੇ ਇੱਕ ਰਾਜ ਪੱਧਰੀ ਕੁਇਜ਼ ਮੁਕਾਬਲੇ ਦਾ ਆਯੋਜਨ ਕੀਤਾ ਗਿਆ ਹੈ। ਇਸ ਕੁਇਜ਼ ਮੁਕਾਬਲੇ ਵਿੱਚ ਜ਼ਿਲ੍ਹਾ ਮਲੇਰਕੋਟਲਾ ਤੋਂ ਸਰਕਾਰੀ ਹਾਈ ਸਕੂਲ ਮੁਬਾਰਕਪਰ ਦੇ ਵਿਦਿਆਰਥੀਆਂ ਇਸ਼ਰਤ ਮਲਿਕ ਤੇ ਮਨਪ੍ਰੀਤ ਸਿੰਘ ਨੇ ਭਾਗ ਲਿਆ, ਜਿਸ ਵਿੱਚ ਉਨ੍ਹਾਂ ਚੌਥਾ ਸਥਾਨ ਹਾਸਲ ਕੀਤਾ। ਇਸ ਤੋਂ ਪਹਿਲਾਂ ਇਨ੍ਹਾਂ ਬੱਚਿਆਂ ਨੇ ਬਲਾਕ ਪੱਧਰੀ ਤੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ, ਜਿਸ ਦੇ ਚੱਲਦਿਆਂ ਲੁਧਿਆਣਾ ਵਿਖੇ ਹੋਏ ਉਕਤ ਮੁਕਾਬਲੇ ਵਿੱਚ ਇਨ੍ਹਾਂ ਉਕਤ ਬੱਚਿਆਂ ਨੇ ਮਲੇਰਕੋਟਲਾ ਜ਼ਿਲ੍ਹੇ ਦੀ ਨੁਮਾਇੰਦਗੀ ਕੀਤੀ।

ਚੇਤੇ ਰਹੇ ਕਿ ਇਸ਼ਰਤ ਮਲਿਕ ਨੇ ਇਸ ਸਾਲ ਦਸਵੀਂ ਜਮਾਤ ਦੇ ਇਮਤਿਹਾਨ ਦਿੱਤਾ ਹੈ, ਜਦ ਕਿ ਮਨਪ੍ਰੀਤ ਸਿੰਘ ਨੌਂਵੀਂ ਜਮਾਤ ਦੇ ਇਮਤਿਹਾਨ ਦੇ ਰਿਹਾ ਹੈ।

ਸਕੂਲ ਵੱਲੋਂ ਇਨ੍ਹਾਂ ਵਿਦਿਆਰਥੀਆਂ ਦਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਹੈੱਡ ਮਿਸਟਰੈੱਸ ਸ਼੍ਰੀਮਤੀ ਸ਼ਮਸ਼ਾਦ ਸਾਹਿਬਾ ਨੇ ਸਕੂਲ ਦੇ ਹੋਰਨਾਂ ਵਿਦਿਆਰਥੀਆਂ ਨੂੰ ਉਕਤ ਸਨਮਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੋਂ ਪ੍ਰੇਰਨਾ ਹਾਸਲ ਕਰਨ ਲਈ ਵਿਸ਼ੇਸ਼ ਤੌਰ 'ਤੇ ਪ੍ਰੇਰਤ ਕੀਤਾ।

ਇਸ ਮੌਕੇ ਸਕੂਲ ਸਟਾਫ਼ 'ਚੋਂ ਹੋਰਨਾਂ ਤੋਂ ਇਲਾਵਾ ਹਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਅਮਰੀਕ ਸਿੰਘ, ਖਾਲਿਦ ਪ੍ਰਵੇਜ਼, ਮੈਡਮ ਅਮਨਦੀਪ ਸ਼ਰਮਾ, ਮੈਡਮ ਸ਼ਹਿਨੀਲਾ, ਮੈਡਮ ਅਮਨਦੀਪ ਕੌਰ, ਪਰਮਜੀਤ ਕੌਰ (ਐੱਸ.ਐਲ.ਏ) ਹਰਪ੍ਰੀਤ ਸਿੰਘ (ਪੀ.ਟੀ.ਆਈ) ਬਸ਼ੀਰ ਮੁਹੰਮਦ, ਕੁਲਦੀਪ ਸਿੰਘ ਅਤੇ ਮੁਹੰਮਦ ਅੱਬਾਸ ਧਾਲੀਵਾਲ ਆਦਿ ਸਮੇਤ ਐੱਸ ਐਮ ਸੀ ਕਮੇਟੀ ਦੇ ਮੈਂਬਰਾਂ 'ਚੋਂ ਦਲਜੀਤ ਕੌਰ ਤੇ ਮਨਦੀਪ ਕੌਰ ਆਦਿ ਹਾਜ਼ਰ ਸਨ ।

## ਅਕੇਡੀਆ ਵਰਲਡ ਸਕੂਲ 'ਚ ਕਰਾਇਆ ਕੁਇੱਜ਼ ਮੁਕਾਬਲਾ




**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਅਕੇਡੀਆ ਵਰਲ਼ਡ ਸਕੂਲ ਵਿਖੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਅਤੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਦੀ ਅਗਵਾਈ ਹੇਠ ਯੂ. ਕੇ. ਜੀ. ਜਮਾਤ ਦੇ ਕੁਇਜ਼ ਮੁਕਾਬਲੇ ਕਰਾਏ ਗਏ।ਇਹ ਮੁਕਾਬਲੇ ਸਰੀਰਕ ਗਤੀਵਿਧੀਆਂ ਦਿਮਾਗੀ ਅਭਿਆਸ ਅਤੇ ਬੁੱਧੀ ਦੇ ਵਾਧੇ ਲਈ ਬੱਚਿਆਂ ਨੂੰ ਨਿਪੁੰਨ ਬਣਾਉਣ ਵਿੱਚ ਸਹਾਇਕ ਸਿੱਧ ਹੁੰਦੇ ਹਨ।ਇਹ ਮੁਕਾਬਲਾ ਦੋ ਗਰੁੱਪਾਂ ਐਸਟਰ ਅਤੇ ਲਾਇਲੈਕ ਵਿਚਕਾਰ ਹੋਇਆ।ਇਸ ਮੁਕਾਬਲੇ ਦੇ ਤਿੰਨ ਪੜਾਅ ਸਨ।ਬੱਚਿਆਂ ਨੇ ਪੂਰੇ ਹੌਂਸਲੇ ਤੇ ਉਤਸ਼ਾਹ ਦੇ ਨਾਲ ਇਸ ਮੁਕਾਬਲੇ ਵਿੱਚ ਭਾਗ ਲਿਆ।ਇਸ ਮੁਕਾਬਲੇ ਵਿੱਚ ਬੱਚਿਆਂ ਨੇ ਚੰਗੇ ਅੰਕ ਪ੍ਰਾਪਤ ਕੀਤੇ।ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਚਿਰਾਂਸ਼ੀ (ਐਸਟਰ), ਦੂਜਾ ਸਥਾਨ ਹਰਸੀਰਤ ਕੌਰ (ਐਸਟਰ), ਸਾਹਿਬ ਸਿੰਘ (ਲਾਇਲੈਕ) ਤੇ ਤੀਜਾ ਸਥਾਨ ਗੁਰਨੂਰ ਸਿੰਘ (ਲਾਇਲੈਕ), ਅੰਬਰ ਵੀਰ ਸਿੰਘ (ਲਾਇਲੈਕ) ਨੇ ਹਾਸਲ ਕੀਤਾ।ਇਸ ਮੁਕਾਬਲੇ ਦੀ ਤਿਆਰੀ ਮਿਸ ਸੋਨੀਆ ਤੇ ਮਿਸ ਸੰਦੀਪ ਵੱਲੋਂ ਕਰਾਈ ਗਈ।ਇਸ ਮੌਕੇ ਯੋਗਿਤਾ ਦੁਗਲ (ਕੋਆਰਡੀਨੇਟਰ) ਵੀ ਮੌਜੂਦ ਸਨ। ਪ੍ਰਿੰਸੀਪਲ ਮੈਡਮ ਰਣਜੀਤ ਕੌਰ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ। ਐਡਵੋਕੇਟ ਗਗਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਪ੍ਰਤੀਯੋਗਤਾਵਾਂ ਦੇ ਮਹੱਤਵ 'ਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਨਾਲ ਵਿਦਿਆਰਥੀਆਂ ਦਾ ਆਤਮ ਵਿਸ਼ਵਾਸ ਵਧਦਾ ਹੈ ਅਤੇ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀ ਦੇ ਭਵਿੱਖ ਲਈ ਲਾਭਦਾਇਕ ਸਿੱਧ ਹੁੰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਤੇ ਜੇਤੂ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।


**ਉੱਤਰ ਰੇਲਵੇ**

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ - ਤੀਸਰੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ ਆਖਰੀ ਮਿਤੀ **21.03.2024** ਵਕਤ **15.00** ਵਜੇ ਤਕ **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ । ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ । ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ **www.ireps.gov.in** ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ । ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ |
| **ਟੈਂਡਰ ਅਪਲੋਡ ਕਰਨ ਦੀ ਮਿਤੀ** | **ਬੋਲੀ ਸ਼ੁਰੂ ਦੀ ਮਿਤੀ** | **ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ** |
| 28.02.2024 / 15:55 ਵਜੇ | 07.03.2024 | 21.03.2024/ 15:00 ਵਜੇ |

| ਲ. ਨੰ: | ਟੈਂਡਰ ਨੰਬਰ | ਟੈਂਡਰ ਦਾ ਵੇਰਵਾ |
|---|---|---|
| 1. | 423-2023-24-ADEN-II-ASR | ਸੀਨੀਅਰ ਮੰਡਲ ਇੰਜੀਨੀਅਰ - ਤੀਸਰੀ, ਫ਼ਿਰੋਜ਼ਪੁਰ ਦੇ ਤਹਿਤ ਆਉਣ ਵਾਲੇ ਸਹਾਇਕ ਮੰਡਲ ਇੰਜੀਨੀਅਰ ਦੂਸਰੀ/ਅੰਮ੍ਰਿਤਸਰ ਦੇ ਅੰਤਰਗਤ 2 ਨੰ: ਉਤੇ ਮਾਨਕ ਡਯੂਟੀ ਹਟ ਦਾ ਪ੍ਰਾਵਧਾਨ । 5 ਜਗ੍ਹਾਂ ਉਤੇ ਲੇਵਲ ਕਰੋਸਿੰਗ ਅਤੇ ਪਖਾਨਾ ਦੀ ਸੁਵਿਧਾ । ਬਯਾਸ-ਤਰਨਤਾਰਨ ਖੰਡ ਉਤੇ ਲੇਵਲ ਕਰੋਸਿੰਗ, 8 ਨੰਬਰ ਉਤੇ ਮਾਨਕ ਡਯੂਟੀ ਹਟ । ਅੰਮ੍ਰਿਤਸਰ-ਖੇਮਕਰਨ ਸੈਕਸ਼ਨ ਉਤੇ 15 ਲੇਵਲ ਕਰੋਸਿੰਗ ਉਤੇ ਲੇਵਲ ਕਰੋਸਿੰਗ ਅਤੇ ਪਖਾਨਾ ਸੁਵਿਧਾ ਅਤੇ 4 ਨੰਬਰ ਉਤੇ ਸਟੈਂਡਰਡ ਡਯੂਟੀ ਹਟ । 10 ਜਗ੍ਹਾਂ ਉਤੇ ਲੇਵਲ ਕਰੋਸਿੰਗ ਅਤੇ ਪਖਾਨਾ ਦੀ ਸੁਵਿਧਾ । ਜੋ ਕਿ ਫਿਲਵਾਂ-ਅੰਮ੍ਰਿਤਸਰ ਸੈਕਸ਼ਨ ਵਿਚ ਲੇਵਲ ਕਰੋਸਿੰਗ ਹੈ । |

| ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
|---|---|---|---|
| 3,46,95,711.02/- | 3,23,500/- | 60 ਦਿਨ | 08 ਮਹੀਨੇ |

**ਸਮਾਨ ਪ੍ਰਕ੍ਰਿਤੀ ਦਾ ਕੰਮ:-** "ਕੋਈ ਵੀ ਸਿਵਿਲ ਕੰਮ ਟ੍ਰੈਕ ਕੰਮ ਦੇ ਇਲਾਵਾ"

ਨੋਟ: 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ । 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ ।

ਨੰ: 423-2023-24-ADEN-II-ASR ਮਿਤੀ: 28.02.2024 647/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਕਰਵਾਏ ਖੇਡ ਮੁਕਾਬਲੇ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ)**-ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਗੌਰਵ ਯਾਦਵ ਡੀ.ਜੀ.ਪੀ ਪੰਜਾਬ ਦੀਆਂ ਹਦਾਇਤਾਂ ਤਹਿਤ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹੇ ਅੰਦਰ ਨਸ਼ਿਆਂ ਖਿਲਾਫ਼ ਮਹਿਮ ਵਿੱਢੀ ਗਈ ਹੈ।ਜਿਸ ਤਹਿਤ ਪੁਲਸ ਦੀਆਂ ਵੱਖ ਵੱਖ ਟੁਕੜੀਆਂ ਬਣਾ ਕੇ ਲੋਕਾਂ ਨੂੰ ਸੈਮੀਨਾਰ ਲਗਾ ਕੇ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਜਾ ਰਹੀ ਹੈ, ਇਸੇ ਤਹਿਤ ਹੀ ਭਾਗੀਰਥ ਸਿੰਘ ਮੀਨਾ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਨਾਲ ਜੁੜਨ ਦਾ ਸਨੇਹਾ ਦਿੰਦੇ ਹੋਏ ਖੇਡ ਮੁਕਾਬਲੇ ਕਰਵਾਏ ਗਏ ਇਨ੍ਹਾਂ ਖੇਡ ਮੁਕਾਬਲਿਆਂ ਦਾ ਉਦਘਾਟਨ ਭਾਗੀਰਥ ਸਿੰਘ ਮੀਨਾ ਵੱਲੋਂ ਕੀਤਾ ਗਿਆ। ਇਹ ਖੇਡ ਮੁਕਾਬਲੇ ਗੰਗਾ ਰਾਮ ਸਟੇਡੀਅਮ ਗਿੱਦੜਬਾਹਾ ਵਿਖੇ ਕਰਵਾਏ ਗਏ।ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਬਾਸਕਟਬਾਲ ਅਤੇ ਕੁਸ਼ਤੀ ਦੇ ਮੈਚ ਕਰਵਾਏ ਗਏ ਇਸ ਮੌਕੇ ਭਾਗੀਰਥ ਸਿੰਘ ਮੀਨਾ ਐਸ.ਐਸ.ਪੀ, ਪ੍ਰਿਤਪਾਲ ਸ਼ਰਮਾ ਐਡਵੋਕੇਟ ਹਲਕਾ ਇੰਚਾਰਜ ਪੰਜਾਬ ਸਰਕਾਰ ਗਿੱਦੜਬਾਹਾ ਅਤੇ ਜ਼ਿਲ੍ਹਾ ਸਪੋਰਟਸ ਅਫਸਰ ਅਨਿੰਦਰਵੀਰ ਕੌਰ ਬਰਾੜ ਵੱਲੋਂ ਖਿਡਾਰੀਆਂ ਨੂੰ ਗਰਾਊਂਡ ਅੰਦਰ ਪਹੁੰਚ ਕੇ ਆਸ਼ੀਰਵਾਦ ਦਿੱਤਾ।ਇਸ ਮੌਕੇ ਸ੍ਰੀ ਕੁਲਵੰਤ ਰਾਏ ਐਸ.ਪੀ (ਸਪੈਸ਼ਲ), ਮਨਮੀਤ ਸਿੰਘ ਢਿੱਲੋਂ ਐਸ.ਪੀ (ਡੀ), ਜਸਬੀਰ ਸਿੰਘ ਡੀ.ਐਸ.ਪੀ (ਗਿੱਦੜਬਾਹਾ), ਫਤਿਹ ਸਿੰਘ ਬਰਾੜ ਡੀ.ਐਸ.ਪੀ (ਲੰਬੀ), ਜਸਪਾਲ ਸਿੰਘ ਡੀ.ਐਸ.ਪੀ (ਡੀ), ਅਵਤਾਰ ਸਿੰਘ ਡੀ.ਐਸ.ਪੀ (ਮਲੋਟ), ਇੰਸਪੈਕਟਰ ਪਰਮਜੀਤ ਕੁਮਾਰ ਮੁੱਖ ਅਫਸਰ ਥਾਣਾ ਗਿੱਦੜਬਾਹਾ, ਐਸ.ਆਈ ਕਰਮਜੀਤ ਕੌਰ ਮੁੱਖ ਅਫਸਰ ਥਾਣਾ ਕੋਟਭਾਈ ਆਦਿ ਹਾਜ਼ਰ ਸਨ। ਇਸ ਮੌਕੇ ਵੱਖ-ਵੱਖ ਥਾਵਾਂ ਤੋਂ ਟੀਮਾਂ ਵੱਲੋਂ ਪਹੁੰਚ ਕੇ ਇਹਨਾਂ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ। ਇਸ ਮੌਕੇ ਤਰਸੇਮ ਸਿੰਘ ਵੱਲੋਂ ਸਟੇਜ ਸੈਕਟਰੀ ਦੀ ਡਿਊਟੀ ਨਿਭਾਈ ਗਈ।

## ਮਾਤਾ ਗੁਜਰੀ ਕਾਲਜ ਦੇ ਮਨੋਵਿਗਿਆਨ ਵਿਭਾਗ ਵੱਲੋਂ ਵਰਕਸ਼ਾਪ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਮਨੋਵਿਗਿਆਨ ਵਿਭਾਗ ਵੱਲੋਂ 'ਦ ਜੋਕ ਐਂਡ ਦ ਐਂਟੀਡੋਟ: ਐਨ ਐਜੂਕੇਸ਼ਨਲ ਕਾਰਡ ਗੇਮ' ਸਿਰਲੇਖ ਹੇਠ ਵਿਸ਼ੇਸ਼ ਵਰਕਸ਼ਾਪ ਲਗਾਈ ਗਈ।ਇਸ ਵਰਕਸ਼ਾਪ ਦੇ ਮੁੱਖ ਬੁਲਾਰੇ ਵਜੋਂ ਫ੍ਰੀਲਾਂਸ ਲੇਖਕ ਅਤੇ ਇਸ ਗੇਮ ਦੇ ਨਿਰਮਾਤਾ ਸੁਖਪ੍ਰੀਤ ਕੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਜਿੱਥੇ ਵਿਦਿਆਰਥੀਆਂ ਨੂੰ ਸਭ ਧਰਮਾਂ ਦਾ ਸਤਿਕਾਰ ਕਰਨ ਅਤੇ ਧਾਰਮਿਕ ਭਾਵਨਾਵਾਂ ਨੂੰ ਮਹੱਤਵ ਦੇਣ ਬਾਰੇ ਦੱਸਣਾ ਸੀ ਉੱਥੇ ਨਾਲ ਹੀ ਧਾਰਮਿਕ ਕੱਟੜਵਾਦ ਅਤੇ ਅਸਹਿਣਸ਼ੀਲਤਾ ਨੂੰ ਚੁਣੌਤੀ ਦੇਣ ਅਤੇ ਖ਼ਤਮ ਕਰਨ ਸਬੰਧੀ ਜਾਗਰੂਕ ਕਰਨਾ ਸੀ।

ਇਸ ਵਰਕਸ਼ਾਪ ਦੌਰਾਨ ਮਨੋਵਿਗਿਆਨ ਵਿਭਾਗ ਦੇ ਲਗਭਗ 60 ਵਿਦਿਆਰਥੀਆਂ ਨੂੰ ਵੱਖ-ਵੱਖ ਗਰੁੱਪਾਂ ਵਿੱਚ ਵੰਡਿਆ ਗਿਆ ਸੀ ਅਤੇ ਹਰੇਕ ਗਰੁੱਪ ਨੂੰ 9 ਕਾਰਡਾਂ ਦਾ ਸੈੱਟ ਦਿੱਤਾ ਗਿਆ ਸੀ।ਕਾਰਡਾਂ ਵਿੱਚ 8 ਚੁਟਕਲੇ ਸ਼ਾਮਲ ਸਨ ਅਤੇ ਹਰੇਕ ਚੁਟਕਲੇ ਨੂੰ ਘੱਟੋ-ਘੱਟ ਇੱਕ ਐਂਟੀਡੋਟ ਨਾਲ ਜੋੜਿਆ ਗਿਆ ਸੀ। ਇਸ ਖੇਡ ਵਿੱਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਨੇ ਆਪਣੀ ਆਲੋਚਨਾਤਮਕ ਸੋਚ ਦੁਆਰਾ ਹਰੇਕ ਚੁਟਕਲੇ ਲਈ ਵੱਖ-ਵੱਖ ਐਂਟੀਡੋਟਾਂ ਦੀ ਖੋਜ ਕੀਤੀ।

ਇਸ ਮੌਕੇ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਅਜੋਕੇ ਸਮੇਂ ਵਿੱਚ ਇਸ ਤਰ੍ਹਾਂ ਦੀਆਂ ਉਸਾਰੂ ਗਤੀਵਿਧੀਆਂ ਵਿਦਿਆਰਥੀਆਂ ਦੇ ਸੋਚਣ ਦੇ ਨਜ਼ਰੀਏ ਨੂੰ ਬਦਲਦੀਆਂ ਹਨ ਅਤੇ ਉਨ੍ਹਾਂ ਦੇ ਮਾਨਸਿਕ ਅਤੇ ਬੌਧਿਕ ਵਿਕਾਸ ਵਿੱਚ ਸਹਾਈ ਸਿੱਧ ਹੁੰਦੀਆਂ ਹਨ।ਮੁੱਖ ਮਹਿਮਾਨ ਸੁਖਪ੍ਰੀਤ ਕੌਰ ਨੇ ਕਿਹਾ ਕਿ ਇਸ ਇੰਟਰੈਕਟਿਵ ਵਰਕਸ਼ਾਪ ਦੁਆਰਾ ਵਿਦਿਆਰਥੀਆਂ ਵਿੱਚ ਆਲੋਚਨਾਤਮਕ ਸੋਚ, ਪੱਖਪਾਤ ਨੂੰ ਖਤਮ ਕਰਨ ਅਤੇ ਆਪਸੀ ਸਹਿਮਤੀ ਬਣਾਉਣ ਨੂੰ ਉਤਸ਼ਾਹਿਤ ਕੀਤਾ। ਮਨੋਵਿਗਿਆਨ ਵਿਭਾਗ ਦੇ ਮੁਖੀ ਡਾ. ਹਰਦੀਪ ਕੌਰ ਨੇ ਦੱਸਿਆ ਕਿ ਇਸ ਵਰਕਸ਼ਾਪ ਨੇ ਨਾ ਸਿਰਫ਼ ਸਮਾਜ ਵਿੱਚ ਮੌਜੂਦ ਵੱਖ-ਵੱਖ ਧਰਮਾਂ ਨਾਲ ਜੁੜੀਆਂ ਰੂੜ੍ਹੀਵਾਦੀ ਅਤੇ ਝੂਠੀਆਂ ਧਾਰਨਾਵਾਂ ਨੂੰ ਚੁਣੌਤੀ ਦਿੱਤੀ ਬਲਕਿ ਸਕਾਰਾਤਮਕ ਸਿਖਲਾਈ ਦੇ ਮਾਹੌਲ ਨੂੰ ਵੀ ਉਤਸ਼ਾਹਤ ਕੀਤਾ।ਇਸ ਮੌਕੇ ਇਤਿਹਾਸ ਵਿਭਾਗ ਤੋਂ ਡਾ. ਰਮਨਦੀਪ ਕੌਰ, ਮਨੋਵਿਗਿਆਨ ਵਿਭਾਗ ਤੋਂ ਪ੍ਰੋ. ਸਿਮਰਤ ਕੌਰ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।


**ਉੱਤਰ ਰੇਲਵੇ**

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ - ਚੌਥੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ **07.03.2024** ਵਕਤ **15.00** ਵਜੇ ਤਕ **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ । ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ । ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ **www.ireps.gov.in** ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ । ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਪੂਰੀ ਕਰਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ | 28.02.2024/17:52 Hrs. | 28.02.2024 | 07.03.2024/15:00 Hrs |

| ਲ.ਨੰ: | ਟੈਂਡਰ ਨੰ: | ਟੈਂਡਰ ਦਾ ਵੇਰਵਾ |
|---|---|---|
| 1 | 424-2023-24-MCTM-DRM-FZR | ਸਹਾਇਕ ਮੰਡਲ ਇੰਜੀਨੀਅਰ / ਸ਼ਹੀਦ ਕੈਪਟਨ ਤੁਸ਼ਾਰ ਮੇਹਤਾ ਖੰਡ ਦੇ ਤਹਿਤ ਆਉਣ ਵਾਲੇ ਜੰਮੂ - ਕਟਰਾ ਸੈਕਸ਼ਨ ਵਿਚ ਪੁਲਾਂ ਦੇ ਲਈ ਆਰਡੀਐਸਓ ਬੀਐਸ-114, ਯੂਆਈਸੀ-773-3 ਆਰ ਦਿਸ਼ਾਨਿਰਦੇਸ਼ਾਂ ਦੇ ਅਨੁਸਾਰ ਪਰਿਮਿਤ ਤਤਵ ਮਾਡਲਿੰਗ ਸਾਫਟਵੇਯਰ (ਐਮਆਈਡੀਏਐਸ) ਦਾ ਉਪਯੋਗ ਕਰਕੇ ਗਿੱਟੀ ਵਾਲੇ ਪੁਲਾਂ ਉਤੇ ਐਲਡਬਲਯੂਆਰ ਦੇ ਵਿਸ਼ਲੇਸ਼ਨ ਅਤੇ ਤਕਸੀਦ ਤੇ ਲਈ ਰੇਲ ਸਟ੍ਰਕਚਰ ਇੰਟਰੈਕਸ਼ਨ (ਆਰਐਸਆਈ) ਅਧਯਯਨ ਦੇ ਲਈ ਕੋਟੇਸ਼ਨ: i) ਪੁਲ ਨੰਬਰ 106 (5 ਨੰ:) 22.8 ਮੀਟਰ) ii) ਪੁਲ ਨੰਬਰ 108 (2 ਨੰ: x 64 ਮੀਟਰ- + 1 ਨੰ: x 92 ਮੀਟਰ) । |

| ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
|---|---|---|---|
| 8,26,000/- | 16,500/- | 60 ਦਿਨ | 01 ਮਹੀਨੇ |

**ਸਮਾਨ ਪ੍ਰਕ੍ਰਿਤੀ ਦਾ ਕੰਮ:-** 'ਐਲਡਬਲਯੂਆਰ ਦੀ ਨਿਰੰਤਰਤਾ ਨੂੰ ਬਣਾਏ ਰੱਖਦੇ ਹੋਏ ਪੁਲਾਂ ਦੇ ਲਈ ਆਰਡੀਐਸਓ ਬੀਐਸ-114, ਯੂਆਈਸੀ-773-3 ਆਰ ਦਿਸ਼ਾਨਿਰਦੇਸ਼ਾਂ ਦੇ ਅਨੁਸਾਰ ਆਰਐਸਆਈ ਦੇ ਅਧਯਯਨ ਵਿਚ ਘੱਟ ਤੋਂ ਘੱਟ 3 ਨੰਬਰ ਸਫਲਤਾਪੂਰਵਕ ਪੂਰੇ ਜਾਂ ਪ੍ਰਯਾਪਤ ਰੂਪ ਤੋਂ ਪੂਰੇ ਕਰਨਾ ।'

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ ।

2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗਰੇਜੀ ਵਰਜਨ ਦਾ ਅਵਲੋਕਨ ਕਰੋ, ਤੇ ਅੰਗਰੇਜੀ ਵਰਜਨ ਹੀ ਮਾਨਯ ਹੋਣਗੇ ।

ਟੈਂਡਰ ਸੂਚਨਾ ਪੱਤਰ ਨੰ: 424-2023-24-MCTM-DRM-FZR Date: 28.02.2024 645/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

1-March-PAGE-8.qxd 2/29/2024 10:58 PM Page 1



# ਫਿਰਕੂ-ਫਾਸ਼ੀ, ਵੱਖਵਾਦੀ ਏਜੰਡੇ ਅਨੁਸਾਰ ਰਾਜ-ਭਾਗ ਚਲਾ ਰਹੀ ਭਾਜਪਾ ਨੂੰ ਚਲਦਾ ਕਰੋ : ਪਾਸਲਾ



ਜਲੰਧਰ (ਕੇਸਰ, ਰਾਜੇਸ਼ ਥਾਪਾ)

"ਭਾਈਚਾਰਕ ਸਾਂਝ ਤੇ ਫਿਰਕੂ ਸਦਭਾਵਨਾ ਦੀ ਰਾਖੀ ਲਈ, ਅਮਨ-ਸ਼ਾਂਤੀ ਦਾ ਮਾਹੌਲ ਕਾਇਮ ਰੱਖਣ ਲਈ ਅਤੇ ਕਾਰਪੋਰੇਟੀ ਤੇ ਸਾਮਰਾਜੀ ਲੁੱਟ ਨੂੰ ਠੱਲ੍ਹ ਪਾਉਣ ਲਈ 2024 ਦੀਆਂ ਲੋਕ ਸਭਾ ਚੋਣਾਂ ਅੰਦਰ ਦੇਸ਼ ਦੇ ਸੰਵਿਧਾਨ ਨੂੰ ਅਣਡਿੱਠ ਕਰਕੇ ਆਰ ਐਸ ਐਸ ਦੇ ਫਿਰਕੂ-ਫਾਸ਼ੀ, ਵੱਖਵਾਦੀ ਏਜੰਡੇ ਅਨੁਸਾਰ ਰਾਜ-ਭਾਗ ਚਲਾ ਰਹੀ ਭਾਜਪਾ ਨੂੰ ਚਲਦੀ ਕਰੋ।" ਇਹ ਸ਼ਬਦ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਅਤੇ ਭਾਰਤ ਦੀ ਮਾਰਕਸਵਾਦੀ ਕਮਿਊਨਿਸਟ ਪਾਰਟੀ-ਯੂਨਾਇਟਿਡ (ਐਮ ਸੀ ਪੀ ਆਈ-ਯੂ.) 'ਤੇ ਆਧਾਰਤ 'ਕਮਿਊਨਿਸਟ ਕੋ-ਆਰਡੀਨੇਸ਼ਨ ਕਮੇਟੀ' (ਸੀ ਸੀ ਸੀ) ਵਲੋਂ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ "ਭਾਜਪਾ ਹਰਾਓ, ਕਾਰਪੋਰੇਟ ਭਜਾਓ, ਦੇਸ਼ ਬਚਾਓ" ਰੈਲੀ ਵਿਚ ਹਾਜ਼ਰ ਵਿਸ਼ਾਲ ਜਨ ਸਮੂਹਾਂ ਨੂੰ ਸੰਬੋਧਨ ਕਰਦਿਆਂ ਆਰ ਐਮ ਪੀ ਆਈ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਕਹੇ। ਸਾਥੀ ਪਾਸਲਾ ਨੇ ਕਿਹਾ ਕਿ ਆਰ ਐਸ ਐਸ ਤੇ ਇਸ ਦਾ ਰਾਜਸੀ ਵਿੰਗ ਭਾਜਪਾ ਦੇਸ਼ ਦੇ ਸੰਘਾਤਮਕ, ਧਰਮ ਨਿਰਪੱਖ ਤੇ ਲੋਕਰਾਜੀ ਢਾਂਚੇ ਨੂੰ ਤਬਾਹ ਕਰਕੇ ਦੇਸ਼ ਅੰਦਰ ਇਕ ਧਰਮ ਅਧਾਰਤ ਫਾਸ਼ੀ ਤਰਜ਼ ਦਾ ਰਾਜ ਸਥਾਪਤ ਕਰਨਾ ਚਾਹੁੰਦੇ ਹਨ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਸੰਘ ਵਲੋਂ ਚਿਤਵਿਆ 'ਧਰਮ ਅਧਾਰਤ' ਫਿਰਕੂ ਢਾਂਚਾ ਜੇਕਰ ਮੰਦੇ ਭਾਗੀਂ ਸੱਚਮੁੱਚ ਹੋਂਦ ਵਿਚ ਆਇਆ ਤਾਂ ਇਹ ਦੇਸ਼ ਦੇ ਸਾਰੇ ਧਰਮਾਂ ਨੂੰ ਮੰਨਣ ਵਾਲੇ ਲੋਕਾਂ, ਗਰੀਬਾਂ ਅਤੇ ਲੁੱਟੇ-ਲਤਾੜੇ ਤਬਕਿਆਂ ਲਈ ਅੱਤ ਭੈੜਾ ਅਤੇ ਮੁੱਠੀ ਭਰ ਲੁਟੇਰੇ ਹਾਕਮਾਂ ਲਈ ਵਰਦਾਨ ਸਿੱਧ ਹੋਵੇਗਾ। ਸਾਥੀ ਪਾਸਲਾ ਨੇ ਐਲਾਨ ਕੀਤਾ ਕਿ ਆਰ.ਐਮ ਪੀ.ਆਈ, ਅਤੇ ਐਮ.ਸੀ.ਪੀ.ਆਈ. (ਯੂ) ਸੰਘ ਦੇ ਫਿਰਕੂ-ਫਾਸ਼ੀ ਏਜੰਡੇ ਅਤੇ ਸਾਮਰਾਜੀਆਂ ਤੇ ਕਾਰਪੋਰੇਟਾਂ ਦੇ ਹਿਤਾਂ ਦੀ ਰਾਖੀ ਲਈ ਘੜੀਆਂ ਗਈਆਂ ਨਵ ਉਦਾਰਵਾਦੀ ਨੀਤੀਆਂ ਵਿਰੁੱਧ ਤੇ 2024 'ਚ ਲੋਕ ਸਭਾ ਚੋਣਾਂ ਅੰਦਰ ਭਾਜਪਾ ਤੇ ਇਸ ਦੇ ਇਤਿਹਾਦੀਆਂ ਨੂੰ ਹਰਾਉਣ ਲਈ ਗੈਰ ਭਾਜਪਾ ਤੇ ਖੱਬੇ ਪੱਖੀ ਰਾਜਨੀਤਕ ਦਲਾਂ ਦੀ ਪੂਰਨ ਹਮਾਇਤ ਕਰੇਗੀ। ਇਸ ਮੌਕੇ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਕੁਲਵੰਤ ਸਿੰਘ ਸੰਧੂ, ਗੁਰਨਾਮ ਸਿੰਘ ਦਾਊਦ, ਡਾ. ਸਤਨਾਮ ਸਿੰਘ ਅਜਨਾਲਾ, ਨੱਥਾ ਸਿੰਘ ਢੱਡਵਾਲ ਨੇ ਵੀ ਆਪਣੇ ਵਿਚਾਰ ਰੱਖੇ। ਰੈਲੀ ਵਿਚ ਪਾਸ ਕੀਤੇ ਗਏ ਮਤਿਆਂ ਰਾਹੀਂ ਭਾਜਪਾ ਦੇ ਫਿਰਕੂ ਫਾਸ਼ੀ ਅਤੇ ਕਾਰਪੋਰੇਟ ਪੱਖੀ ਏਜੰਡੇ ਨੂੰ ਭਾਂਜ ਦੇਣ ਅਤੇ ਸੰਘਰਸ਼ਸ਼ੀਲ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਨੌਜਵਾਨਾਂ ਦੀਆਂ ਹੱਕੀ ਮੰਗਾਂ ਲਈ ਕੀਤੇ ਜਾ ਰਹੇ ਸੰਘਰਸ਼ਾਂ ਨੂੰ ਪੂਰਨ ਹਮਾਇਤ ਦੇਣ ਦਾ ਐਲਾਨ ਕੀਤਾ ਗਿਆ।

# ਅਨੁਰੀਤ ਪਾਲ ਕੌਰ ਨੂੰ ਉਸਤਾਦ ਬਿਸਮਿਲ ਖਾਨ ਭਾਰਤੀ ਯੁਵਾ ਪੁਰਸਕਾਰ ਦਾ ਐਲਾਨ ਸਵਾਗਤਯੋਗ : ਇਪਟਾ

ਮੁਹਾਲੀ (ਗੁਰਜੀਤ ਬਿੱਲਾ)-ਨਾਟ-ਕਰਮੀ, ਫਿਲਮ ਅਦਾਕਾਰ ਅਤੇ ਇਪਟਾ ਦੀ ਜ਼ਿਲ੍ਹਾ ਮੁਹਾਲੀ ਇਕਾਈ ਦੇ ਪ੍ਰਧਾਨ ਨਰਿੰਦਰ ਨੀਨਾ ਦੀ ਧੀ ਅਨੁਰੀਤ ਪਾਲ ਕੌਰ ਨੂੰ ਸੰਗੀਤ ਨਾਟਕ ਅਕਾਦਮੀ, ਦਿੱਲੀ ਵੱਲੋਂ ਸਾਲ 2023 ਉਸਤਾਦ ਬਿਸਮਿਲ ਖਾਨ ਭਾਰਤੀ ਯੁਵਾ ਪੁਰਸਕਾਰ ਦੇ ਐਲਾਨ ਦਾ ਸਵਾਗਤ ਕਰਦਿਆਂ ਇਪਟਾ, ਪੰਜਾਬ ਦੇ ਪ੍ਰਧਾਨ, ਨਾਟਕਕਾਰ ਤੇ ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਨੇ ਕਿਹਾ ਕਿ ਹੈ ਕਿ ਅਨੁਰੀਤ ਪਹਿਲੀ ਮਹਿਲਾਂ ਅਲ.ਗੋਜ਼ਾ ਵਾਦਕ ਹੈ। ਅਨੁਰੀਤ ਦਾ ਸਾਰਾ ਪਰਵਾਰ ਮਾਂ ਸੁਖਬੀਰਪਾਲ ਕੌਰ, ਭਰਾ ਕੀਰਤਪਾਲ, ਭੂਆ ਦਾ ਮੁੰਡਾ ਜਸਦੀਪ ਜੱਸੂ ਰੰਗਮੰਚ ਤੇ ਫਿਲਮਾਂ ਵਿਚ ਕਾਰਜਸ਼ੀਲ ਹਨ। ਇਪਟਾ, ਪੰਜਾਬ ਦੇ ਜਨਰਲ ਸਕੱਤਰ ਇੰਦਰਜੀਤ ਰੂਪੋਵਾਲੀ ਅਤੇ ਇਪਟਾ ਕਾਰਕੁਨ ਅਮਨ ਭੋਗਲ, ਦਲਬਾਰ ਸਿੰਘ ਚੱਠੇ ਸੇਖਵਾਂ, ਹਰਜੀਤ ਕੈਂਥ, ਡਾ. ਕੁਲਦੀਪ ਦੀਪ, ਡਾ. ਸੁਰੇਸ਼ ਮਹਿਤਾ, ਗੁਰਵਿੰਦਰ ਸਿੰਘ, ਗੁਰਮੀਤ ਪਾਹੜਾ, ਬਲਬੀਰ ਮੂਦਲ, ਗਮਨੂ ਬਾਂਸਲ, ਪ੍ਰਦੀਪ ਸ਼ਰਮਾ, ਡਾ. ਹਰਭਜਨ ਸਿੰਘ, ਰਾਬਿੰਦਰ ਰੱਬੀ, ਅਸ਼ੋਕ ਪੁਰੀ ਅਤੇ ਸਰਘੀ ਪਰਵਾਰ ਦੇ ਰੰਗਕਰਮੀ ਅਤੇ ਫਿਲਮ ਅਦਾਕਾਰ ਰੰਜੀਵਨ ਸਿੰਘ, ਕੁੱਕੂ ਦੀਵਾਨ, ਸੈਵੀ ਸਤਵਿੰਦਰ, ਮਨੀ ਸਭਰਵਾਲ, ਨਰਿੰਦਰ ਨਸਰੀਨ, ਲਖਵਿੰਦਰ ਸਿੰਘ ਅਤੇ ਰਿੱਤੂਰਾਗ ਨੇ ਅਨੁਰੀਤ ਨੂੰ ਮੁਬਾਰਕਬਾਦ ਦਿੰਦੇ ਕਿਹਾ ਕਿ ਛੋਟੀ ਉਮਰ ਵਿਚ ਅਨੁਰੀਤ ਨੇ ਵੱਡੀ ਪ੍ਰਾਪਤੀ ਕੀਤੀ ਹੈ।

# ਟਾਂਡਾ ਦੇ ਪਿੰਡ ਪਲਾਹ ਚੱਕ ਰੇਲਵੇ ਫਾਟਕ 'ਤੇ ਧਮਾਕਾ



ਪੁਲਸ ਮਲਾਜ਼ਮ ਜਾਂਚ ਕਰਦੇ ਹੋਏ।

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਆਪਣੇ ਆਪ ਕਠੂਏ ਤੋਂ ਬਿਨਾਂ ਡਰਾਈਵਰ ਟ੍ਰੇਨ ਚਲ ਕੇ ਹੁਸ਼ਿਆਰਪੁਰ ਦੇ ਪਿੰਡ ਉੱਚੀ ਬਸੀ ਤੱਕ ਪਹੁੰਚੀ ਰੇਲ ਵਾਲਾ ਮਸਲਾ ਹਾਲੇ ਠੰਢਾ ਨਹੀਂ ਹੋਇਆ ਕਿ ਅੱਜ ਟਾਂਡਾ ਏਰੀਏ ਰੇਲਵੇ ਦੇ ਇਕ ਫਾਟਕ 'ਤੇ ਧਮਾਕੇ ਦੀ ਖਬਰ ਨਾਲ ਸਨਸਨੀ ਫੈਲ ਗਈ। ਕਸਬਾ ਟਾਂਡਾ ਦੇ ਮੂਨਕਾਂ ਨੇੜੇ ਪਿੰਡ ਪਲਾਹਚੱਕ ਦੇ 71 ਨੰਬਰ ਰੇਲਵੇ ਫਾਟਕ 'ਤੇ ਇਕ ਧਮਾਕੇ ਨਾਲ ਇਲਾਕੇ 'ਚ ਸਨਸਨੀ ਫੈਲ ਗਈ। ਮੌਕੇ 'ਤੇ ਪਹੁੰਚੇ ਰੇਲਵੇ ਦੇ ਤੇਜਪਾਲ ਸਿੰਘ ਡੀ.ਐਸ.ਪੀ ਅਧਿਕਾਰੀ ਨੇ ਦੱਸਿਆ ਕਿ ਇਹ ਧਮਾਕਾ ਪੰਛੀਆਂ ਜਾਂ ਜਾਨਵਰਾਂ ਨੂੰ ਖੇਤਾਂ ਵਿੱਚੋਂ ਡਰਾ ਕੇ ਭਜਾਉਣ ਵਾਲੇ ਪੋਟਾਸ਼ ਕਾਰਨ ਹੋਇਆ ਹੈ ਅਤੇ ਗੇਟਮੈਨ ਸੋਨੂੰ ਕੁਮਾਰ ਪੁੱਤਰ ਪ੍ਰਕਾਸ਼ ਚੰਦ ਵਾਸੀ ਯੂਪੀ ਦੇ ਮਾਮੂਲੀ ਸੱਟਾਂ ਲੱਗੀਆਂ ਹਨ ਅਤੇ ਕੋਈ ਵੀ ਖਤਰੇ ਵਾਲੀ ਗੱਲ ਨਹੀਂ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਫੋਰੈਂਸਿਕ ਟੀਮ ਨੂੰ ਬੁਲਾਇਆ ਅਤੇ ਅਸਥਾਈ ਤੌਰ 'ਤੇ ਕੁਝ ਦੇਰ ਲਈ ਰੇਲਵੇ ਦੀ ਆਵਾਜਾਈ ਵੀ ਰੋਕੀ ਗਈ। ਜਾਣਕਾਰੀ ਮੁਤਾਬਿਕ ਇਹ ਬਲਾਸਟ ਕਰੀਬ ਦੁਪਹਿਰ 11:32 'ਤੇ ਹੋਇਆ ਤੇ ਰੇਲਵੇ ਦੀ ਆਵਾਜਾਈ 11:35 'ਤੇ ਬੰਦ ਕਰਨ ਤੋਂ ਬਾਅਦ 01:46 'ਤੇ ਮੁੜ ਟਰੇਨਾਂ ਟ੍ਰੈਕ 'ਤੇ ਚੱਲਣੀਆ ਸ਼ੁਰੂ ਹੋ ਗਈਆਂ।

# ਸਕੂਲ ਦੇ ਵਿਕਾਸ ਲਈ ਇਕ ਲੱਖ ਰੁਪਏ ਦਿੱਤੇ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਇਥੋਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾ ਕਲਾਂ ਚੀਮਾ ਖੁਰਦ ਵਿਖੇ ਐੱਨ ਆਰ ਆਈ ਸੁਖਪਾਲ ਸਿੰਘ ਚੀਮਾ ਸਪੁੱਤਰ ਸਵਰਗੀ ਮਲਕੀਤ ਸਿੰਘ ਚੀਮਾ ਨੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਨੇ ਬੱਚਿਆਂ ਨਾਲ ਵਿੱਦਿਆ ਨਾਲ ਸੰਬੰਧਤ ਗੱਲਾਂਬਾਤਾਂ ਕੀਤੀਆਂ। ਉਨ੍ਹਾਂ ਬੱਚਿਆਂ ਨੂੰ ਉੱਚ ਵਿੱਦਿਆ ਪ੍ਰਾਪਤ ਕਰਕੇ ਉੱਚੇ ਅਹੁਦੇ ਪ੍ਰਾਪਤ ਕਰ ਕੇ ਆਪਣੇ ਸਕੂਲ, ਮਾਤਾ ਪਿਤਾ ਅਤੇ ਇਲਾਕੇ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਆ। ਸੁਖਪਾਲ ਸਿੰਘ ਚੀਮਾ ਨੇ ਸਕੂਲ ਦੇ ਵਿਕਾਸ ਲਈ ਇੱਕ ਲੱਖ ਰੁਪਏ ਦੀ ਸੇਵਾ ਕੀਤੀ ਇਸ ਮੌਕੇ ਖੁਸ਼ਪਾਲ ਸਿੰਘ ਨਾਨਾ ਅਤੇ ਪ੍ਰਿੰਸੀਪਲ ਗੁਰਿੰਦਰ ਸਿੰਘ ਨੇ ਸੁਖਪਾਲ ਸਿੰਘ ਚੀਮਾ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਦੀਪ ਸਿੰਘ ਯੂ ਐੱਸ ਏ, ਹਰਨੇਕ ਸਿੰਘ ਚੀਮਾ, ਜਸਵੰਤ ਸਿੰਘ ਕਨੈਡਾ ਅਤੇ ਸਕੂਲ ਸਟਾਫ ਹਾਜ਼ਰ ਸੀ।



# ਮੇਹਲੀ ਤੇ ਜੰਡਿਆਲੀ 'ਚ ਕੈਂਪ ਲਗਾਇਆ

ਬਹਿਰਾਮ (ਅਵਤਾਰ ਕਲੇਰ)- ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਸਕੀਮ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਪਬਲਿਕ ਦੀਆਂ ਸਹੂਲਤਾਂ ਲਈ ਪਿੰਡ ਮੇਹਲੀ ਅਤੇ ਜੰਡਿਆਲੀ ਵਿਖੇ ਕੈਂਪ ਲਗਾਇਆ ਗਿਆ। ਇਸ ਕੈਂਪ 'ਚ ਜਨਮ ਸਰਟੀਫਿਕੇਟ ਅਤੇ ਸਰਟੀਫਿਕੇਟ ਦੀ ਦਰੁਸਤੀ, ਆਮਦਨ ਸਰਟੀਫਿਕੇਟ, ਹਲਫੀਆ ਬਿਆਨ, ਬੱਚਿਆਂ ਨੂੰ ਵਜ਼ੀਫਾ, ਪੰਜਾਬ ਨਿਵਾਸ, ਜਾਤੀ ਸਰਟੀਫਿਕੇਟ, ਮਜ਼ਦੂਰਾਂ ਦੀ ਰਜਿਸਟ੍ਰੇਸ਼ਨ, ਬੁਢਾਪਾ ਪੈਨਸ਼ਨ, ਬਿਜਲੀ ਦਾ ਭੁਗਤਾਨ, ਮਾਲ ਰਿਕਾਰਡ ਦੀ ਜਾਂਚ, ਵਿਆਹ ਦੀ ਰਜਿਸਟ੍ਰੇਸ਼ਨ, ਅਸ਼ੀਰਵਾਦ ਸਕੀਮ, ਫਰਦ ਕਢਵਾਉਣ ਤੋਂ ਇਲਾਵਾ 44 ਸੁਵਿਧਾਵਾਂ ਦੇ ਹੱਲ ਕਰਨ ਲਈ ਕੈਂਪ ਲਗਾਇਆ ਗਿਆ। ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਅਧਿਕਾਰੀਆਂ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਕੁਝ ਹੱਲ ਵੀ ਕੀਤੀਆਂ। ਪਬਲਿਕ ਨੇ ਜਿਥੇ ਸਰਕਾਰ ਦੇ ਇਸ ਤਰ੍ਹਾਂ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਮੰਗ ਕੀਤੀ ਹੈ ਇਸ ਤਰ੍ਹਾਂ ਦੇ ਕੈਂਪ ਵੱਧ ਤੋਂ ਵੱਧ ਲੱਗਣੇ ਚਾਹੀਦੇ ਹਨ ਅਤੇ ਕੈਂਪ ਲਗਾਉਣ ਦਾ ਸਮਾਂ ਵਧਾਇਆ ਜਾਵੇ ਤਾਂ ਜੋ ਲੋਕ ਵੱਧ ਤੋਂ ਵੱਧ ਫਾਇਦਾ ਲੈ ਸਕਣ। ਇਸ ਮੌਕੇ ਬਲਵੀਰ ਕਰਨਾਣਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ, ਪਾਰਟੀ ਦੇ ਯੂਥ ਆਗੂ ਰੌਬੀ ਕੰਗ ਕੁਲਥਮ, ਹਰਜੋਤ ਕੌਰ ਲੋਹਟੀਆ, ਸੁਰਿੰਦਰ ਪਾਲ ਸਰਪੰਚ ਮੇਹਲੀ, ਸੁਰਿੰਦਰ ਸਿੰਘ ਢੀਂਡਸਾ, ਜਗਜੀਤ ਕੌਰ ਕਰਨਾਣਾ ਪ੍ਰਧਾਨ ਲੇਡੀਜ ਵਿੰਗ, ਪ੍ਰੇਮ ਬੱਧਣ, ਜਸਵੰਤ ਮੇਹਲੀ ਆਦਿ ਹਾਜ਼ਰ ਸਨ।



# ਸੜਕ ਦੀ ਮੁਰੰਮਤ ਲਈ ਐਡਵੋਕੇਟ ਰਾਜਪਾਲ ਚੌਹਾਨ ਦਾ ਯੋਗਦਾਨ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)

ਸੜਕ ਦੀ ਮੁਰੰਮਤ ਲਈ ਐਡਵੋਕੇਟ ਰਾਜਪਾਲ ਚੌਹਾਨ ਨੇ ਯੋਗਦਾਨ ਪਾਇਆ। ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਨੂੰ ਗੁਪਤ ਸੇਵਾ ਦਿੱਤੀ ਗਈ। ਬਾਬਾ ਸਤਨਾਮ ਸਿੰਘ ਕੇਵਲ ਬ੍ਰਹਮਪੁਰੀ ਨੇ ਕਿਹਾ ਕਿ ਇਹ ਸੜਕ ਦੀ ਮੁਰੰਮਤ ਸੇਵਾ ਸ੍ਰੀ ਅਨੰਦਗੜ੍ਹ ਸਾਹਿਬ ਸੰਗਤ ਦੇ ਸਹਿਯੋਗ ਕਰਵਾਈ ਜਾ ਰਹੀ ਹੈ। ਉਨ੍ਹਾ ਕਿਹਾ ਆਮ ਸੰਗਤ ਨੂੰ ਹਰ ਪ੍ਰਕਾਰ ਸਹਿਯੋਗ ਕਰਨ ਲਈ ਬੇਨਤੀ ਕੀਤੀ ਹੈ। ਡਾ. ਕੇਵਲ ਬ੍ਰਹਮਪੁਰੀ ਦੱਸਿਆ ਕਿ ਐਡਵੋਕੇਟ ਰਾਜਪਾਲ ਚੌਹਾਨ ਲਗਭਗ 20 ਸਾਲ ਤੋਂ ਬਲਾਚੌਰ ਇਲਾਕੇ ਵਿੱਚ ਲੋਕਾਂ ਦੀ ਸੇਵਾ ਕਰਦੇ ਆ ਰਹੇ ਹਨ। ਬਲਾਚੌਰ ਦੇ ਹਰ ਪਿੰਡ ਨੂੰ ਜਿਮ ਦਿੱਤਾ ਹੈ ਅਤੇ ਵਿਧਵਾਵਾਂ ਭੈਣਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਹਨ ਅਤੇ ਸਮੇਂ-ਸਮੇਂ ਤੇ ਬਹੁਤ ਸਾਰੇ ਗਰੀਬ ਲੋਕਾਂ ਦੀ ਮਦਦ ਕੀਤੀ ਹੈ। ਅਨੇਕਾਂ ਹੀ ਗਰੀਬ ਕੁੜੀਆਂ ਦੇ ਵਿਆਹ ਕੀਤੇ ਹਨ ਅਤੇ ਕਰੋਨਾ ਮਹਾਂਮਾਰੀ ਦੇ ਵਿੱਚ ਵੀ ਉਹਨਾਂ ਨੇ ਬਹੁਤ ਸੇਵਾ ਕੀਤੀ ਹੈ। ਐਡਵੋਕੇਟ ਰਾਜਪਾਲ ਚੌਹਾਨ ਨੇ ਦੱਸਿਆ ਕਿ ਹਲਕਾ ਅਨੰਦਪੁਰ ਸਾਹਿਬ ਤੋਂ ਲੋਕਲ ਉਮੀਦਵਾਰ ਹੋ ਸਕਦਾ ਹਾਂ, ਉਨ੍ਹਾ ਦੀ ਪਾਰਟੀ ਨਾਲ ਗੱਲਬਾਤ ਚਲ ਰਹੀ ਹੈ ਕਿ ਇਹ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਲਈ ਲਾਹੇਵੰਦ ਹੋਵੇਗਾ ਅਤੇ ਇੱਥੋਂ ਲੰਘਦੇ ਲੋਕ ਲੱਖਾਂ ਲੋਕਾਂ ਦੀ ਲੰਮੇ ਸਮੇਂ ਤੋਂ ਮੰਗ ਸੀ ਕਿ ਕੁੱਕੜ ਮਜਾਰਾ ਤੋਂ ਪੋਜੇਵਾਲ ਸ੍ਰੀ ਆਨੰਦਪੁਰ ਸਾਹਿਬ ਦੀ ਖਸਤਾ ਹਾਲਤ ਨੂੰ ਸਵਾਰਿਆਂ ਜਾਵੇ। ਡਾ. ਕੇਵਲ ਬ੍ਰਹਮਪੁਰੀ ਨੇ ਦੱਸਿਆ ਕਿ ਇਸ ਸੜਕ ਦੀ ਮੁਰੰਮਤ ਨਾਲ ਸ੍ਰੀ ਆਨੰਦਪੁਰ ਸਾਹਿਬ ਅਤੇ ਨੈਣਾ ਦੇਵੀ ਨੂੰ ਜਾਣ ਵਾਲੀ ਸੰਗਤ ਨੂੰ ਸਹੂਲਤ ਮਿਲੇਗੀ, ਰੋਡ ਮੁਰੰਮਤ ਨਾਲ ਦੇ ਲੋਕਾਂ ਨੂੰ ਰਾਹਤ ਮਿਲੇਗੀ, ਟ੍ਰੈਫਿਕ ਜਾਮ ਦੀ ਸਮੱਸਿਆ ਤੋਂ ਬਚਿਆ ਜਾ ਸਕੇ।

# ਮਾਨ ਤੇ ਕੇਜਰੀਵਾਲ ਭਲਕੇ ਬੰਗਾ ਪੁੱਜਣਗੇ : ਕੁਲਜੀਤ ਸਰਹਾਲ

ਬਹਿਰਾਮ (ਅਵਤਾਰ ਕਲੇਰ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਪ੍ਰਧਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 2 ਮਾਰਚ ਨੂੰ ਬੰਗਾ ਹਲਕੇ ਦੇ ਪਿੰਡ ਪੂੰਨੀਆਂ ਵਿੱਚ ਪੁੱਜ ਰਹੇ ਹਨ। ਉਹ ਇਸ ਆਮ ਆਦਮੀ ਮੁਹੱਲਾ ਕਲੀਨਿਕਾਂ ਨੂੰ ਲੋਕ ਅਰਪਿਤ ਕਰਨ ਦੀ ਸਾਂਝੀ ਰਸਮ ਨਿਭਾਉਣਗੇ। ਇਹ ਜਾਣਕਾਰੀ ਬੰਗਾ ਦੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਵਾਈਸ ਚੇਅਰਮੈਨ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਦੋਵੇਂ ਆਗੂ ਇਸ ਮੌਕੇ ਹਲਕੇ ਦੇ ਲੋਕਾਂ ਨਾਲ ਵਿਚਾਰਾਂ ਦੀ ਸਾਂਝ ਪਾਉਣਗੇ। ਸਰਹਾਲ ਨੇ ਦੱਸਿਆ ਕਿ ਉਕਤ ਆਗੂਆਂ ਦੇ ਭਰਵੇਂ ਸਵਾਗਤ ਲਈ ਵੱਡੇ ਪੱਧਰ 'ਤੇ ਤਿਆਰੀਆਂ ਚੱਲ ਰਹੀਆਂ ਹਨ। ਇਸ ਮੌਕੇ ਉਨ੍ਹਾਂ ਨਾਲ ਬੰਗਾ ਹਲਕੇ ਦੇ ਦਰਜਾ-ਬ-ਦਰਜਾ ਆਗੂ ਸਹਿਬਾਨ ਵੀ ਸ਼ਾਮਲ ਸਨ।



# ਕੱਚਾ ਮੁਲਾਜ਼ਮ ਸਾਂਝਾ ਮੋਰਚਾ ਪੰਜਾਬ ਨਾਲ ਲਿਖਤੀ ਪੈਨਲ ਮੀਟਿੰਗ ਕਰਨ ਤੋਂ ਭੱਜੀ ਪੰਜਾਬ ਸਰਕਾਰ

ਕਾਲਾ ਸੰਘਿਆਂ, (ਮਨਜੀਤ ਮਾਨ)

ਕੱਚਾ ਮੁਲਾਜ਼ਮ ਸਾਂਝਾ ਮੋਰਚਾ ਪੰਜਾਬ ਵੱਲੋਂ 18 ਫਰਵਰੀ ਨੂੰ ਮੁੱਖ ਮੰਤਰੀ ਪੰਜਾਬ ਸਰਕਾਰ ਭਗਵੰਤ ਸਿੰਘ ਮਾਨ ਦੀ ਰਿਹਾਇਸ਼ ਸੰਗਰੂਰ ਵਿਖੇ ਵੱਡਾ ਸੰਘਰਸ਼ ਕੀਤਾ ਗਿਆ ਸੀ, ਜਿਸ ਉਪਰੰਤ ਮੋਰਚੇ ਦੀ ਅਗਵਾਈ ਹੇਠ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਠੇਕਾ ਮੁਲਾਜ਼ਮ ਜਥੇਬੰਦੀਆਂ ਵੱਲੋਂ ਵੱਡੀ ਸ਼ਮੂਲੀਅਤ ਕੀਤੀ ਗਈ ਸੀ। ਕੱਚਾ ਮੁਲਾਜਮ ਸਾਂਝਾ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਸਿੰਘ ਸੀਰਾ, ਸੂਬਾ ਕਨਵੀਨਰ ਸਰਬਜੀਤ ਸਿੰਘ ਭੁੱਲਰ, ਸੂਬਾ ਕਨਵੀਨਰ ਬਲਵੀਰ ਸਿੰਘ ਸਿਬੀਆ, ਸੂਬਾ ਆਗੂ ਸੁਖਜੀਤ ਸਿੰਘ, ਦਿਲਬਾਗ ਸਿੰਘ, ਸਤਪਾਲ ਸਿੰਘ, ਹਰਜੀਤ ਕੌਰ ਸਮਰਾਲਾ, ਰਛਪਾਲ ਸਿੰਘ, ਹਰਜਿੰਦਰ ਸਿੰਘ ਮਾਨ, ਹਰਪ੍ਰੀਤ ਸਿੰਘ ਰਾਜੀਆ, ਗੁਰਮੀਤ ਸਿੰਘ ਕੋਟਲਾ ਕਾਜ਼ੀਆਂ, ਬੇਅੰਤ ਸਿੰਘ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਸੰਗਰੂਰ ਸੰਘਰਸ਼ ਉਪਰੰਤ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਵੱਲੋਂ 26 ਫਰਵਰੀ ਨੂੰ ਸਬ ਕਮੇਟੀ ਸਮੇਤ ਉੱਚ ਅਧਿਕਾਰੀਆਂ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਲਿਖਤੀ ਰੂਪ ਵਿੱਚ ਮੀਟਿੰਗ ਦਾ ਸਮਾਂ ਦਿੱਤਾ ਗਿਆ ਸੀ ਪਰ ਪੰਜਾਬ ਭਵਨ ਜਾ ਕੇ ਪਤਾ ਲੱਗਾ ਕਿ ਮੀਟਿੰਗ ਪੰਜਾਬ ਸਰਕਾਰ ਦੇ ਅਗਲੇ ਹੁਕਮਾਂ ਤੱਕ ਪੋਸਟਪੋਨ ਕਰ ਦਿੱਤੀ ਗਈ ਹੈ, ਜਿਸ ਤੋਂ ਸਾਫ ਜ਼ਾਹਰ ਕੀਤਾ ਗਿਆ ਹੈ ਕਿ ਸਰਕਾਰ ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਵਤੀਰੇ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਅਣਖੀ ਲੋਕ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਨੂੰ ਮੋੜਾ ਦੇਣ ਲਈ ਇਕਜੁੱਟ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਮੁਲਾਜ਼ਮਾਂ ਦੇ ਰੋਸ ਦਾ ਸਾਹਮਣਾ ਕਰਨ ਲਈ ਤਿਆਰ ਰਹੇ, 8 ਮਾਰਚ ਨੂੰ ਸੂਬਾ ਪੱਧਰੀ ਮੀਟਿੰਗ ਕਰਕੇ ਕੱਚਾ ਮੁਲਾਜ਼ਮ ਸਾਂਝਾ ਮੋਰਚਾ ਪੰਜਾਬ ਵੱਲੋਂ ਪੰਜਾਬ ਸਰਕਾਰ ਖਿਲਾਫ ਵੱਡੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਮੋਰਚੇ ਤੋਂ ਬਾਹਰ ਰਹਿ ਰਹੀਆਂ ਪੰਜਾਬ ਦੀਆਂ ਠੇਕਾ ਮੁਲਾਜ਼ਮ ਜਥੇਬੰਦੀਆਂ ਨੂੰ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।



# ਵੱਖ-ਵੱਖ ਸਕੂਲਾਂ ਨੇ ਕੌਮੀ ਵਿਗਿਆਨ ਦਿਵਸ ਮਨਾਇਆ

ਨੰਗਲ (ਸੁਰਜੀਤ ਸਿੰਘ)-ਸਰਕਾਰੀ ਮਿਡਲ ਸਕੂਲ ਢਾਹੇ, ਬਲਾਕ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਪੰਜਾਬ ਰਾਜ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਚੰਡੀਗੜ੍ਹ ਨਾਲ ਮਿਲ ਕੇ ਕੌਮੀ ਵਿਗਿਆਨ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਦੇ 60 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਗਿਆਨ ਦਿਵਸ ਦਾ ਇਸ ਵਾਰ ਦਾ ਸਿਰਲੇਖ ਵਿਕਸਿਤ ਭਾਰਤ ਲਈ ਸਵਦੇਸੀ ਤਕਨੀਕਾਂ ਸੀ। ਇਸ ਮੌਕੇ ਰਿਟਾਇਰ ਡੀ ਐਮ ਸਾਇੰਸ ਫੋਰਨ ਚੰਦ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਆਮ ਜੀਵਨ ਵਿੱਚ ਸਾਇੰਸ ਦੀ ਮਹੱਤਤਾ ਸਮਝਾਈ ਅਤੇ ਉਨ੍ਹਾਂ ਅੰਦਰ ਵਿਗਿਆਨਕ ਸੋਚ ਪੈਦਾ ਕਰਨ ਅਤੇ ਵਿਗਿਆਨ ਦੇ ਲਾਭ ਹਾਨੀਆਂ ਬਾਰੇ ਬੱਚਿਆਂ ਨੂੰ ਜਾਗਰੂਕ ਕੀਤਾ। ਸਕੂਲ ਦੇ ਅਧਿਆਪਕ ਅਜੇ ਕਾਲੀਆ ਅਤੇ ਦਵਿੰਦਰ ਕੁਮਾਰ ਵੱਲੋਂ ਵੀ ਬੱਚਿਆਂ ਨੂੰ ਸਾਇੰਸ ਦਿਵਸ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵਿਦਿਆਰਥੀਆਂ ਦੇ ਕੁਇਜ਼ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲੇ, ਸਾਇੰਸ ਪ੍ਰਯੋਗਾਂ ਰਾਹੀਂ ਗਤੀਵਿਧੀਆਂ ਵੀ ਕਰਵਾਈਆਂ ਗਈਆਂ। ਵੱਖ-ਵੱਖ ਗਤੀਵਿਧੀਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ ਗਏ।



# ਐਨ ਆਰ ਆਈਜ਼ ਵੱਲੋਂ ਲੋੜਵੰਦ ਪਰਵਾਰਾਂ ਦੀ ਮਾਲੀ ਮਦਦ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਸ਼ਹੀਦ ਭਗਤ ਸਿੰਘ ਨਗਰ ਤੋਂ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਅੱਜ ਉਨ੍ਹਾਂ ਦੇ ਦਫਤਰ ਵਿਖੇ ਐਨ ਆਰ ਆਈਜ਼ ਵੱਲੋਂ ਲੋੜਬੰਦ ਪਰਵਾਰਾਂ ਦੀ ਆਰਥਕ ਮਦਦ ਕਰਨ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ। ਜਿਸ ਵਿੱਚ ਐਨ ਆਰ ਆਈ ਤਰਸੇਮ ਸਿੰਘ ਅਟਵਾਲ, ਗੁਰਦੇਵ ਕੌਰ ਅਟਵਾਲ ਅਤੇ ਗੁਰਵਿੰਦਰ ਸਿੰਘ ਕੰਦੋਲਾ ਵੱਲੋਂ 13 ਲੋੜਵੰਦ ਮਰੀਜ਼ਾਂ ਦੇ ਇਲਾਜ ਲਈ ਇੱਕ ਲੱਖ ਤੀਹ ਹਜ਼ਾਰ ਰੁਪਏ ਦੀ ਆਰਥਕ ਮਦਦ ਕਰਦਿਆਂ ਪ੍ਰਤੀ ਮਰੀਜ਼ 10 ਹਜ਼ਾਰ ਦੀ ਮਾਲੀ ਮਦਦ ਕੀਤੀ ਗਈ। ਅੱਜ ਪ੍ਰਵਾਸੀ ਪੰਜਾਬੀ ਤਰਸੇਮ ਸਿੰਘ ਅਟਵਾਲ ਅਤੇ ਉਨ੍ਹਾਂ ਦੀ ਸੁਪਤਨੀ ਗੁਰਦੇਵ ਕੌਰ ਅਟਵਾਲ ਸਮੇਤ ਗੁਰਵਿੰਦਰ ਸਿੰਘ ਕੰਦੋਲਾ ਵੱਲੋਂ ਇਨ੍ਹਾਂ ਸਾਰੇ ਬੇਵੱਸ ਤੇ ਮਜਬੂਰ ਪਰਵਾਰਾਂ ਦੀ ਔਖੇ ਸਮੇਂ ਵਿੱਚ ਬਾਂਹ ਫੜੀ ਹੈ। ਇਸ ਮੌਕੇ ਚੇਅਰਮੈਨ ਸਤਨਾਮ ਜਲਵਾਹਾ ਨੇ ਕਿਹਾ ਕਿ ਗਿੱਲ ਹਸਪਤਾਲ ਨਵਾਂਸ਼ਹਿਰ ਤੋਂ ਡਾਕਟਰ ਨਛੱਤਰ ਸਿੰਘ ਨਾਈਮਜਾਰਾ ਅਤੇ ਜਸਵੀਰ ਸਿੰਘ ਬਹਿਲੂਰ ਕਲਾਂ ਵੱਲੋਂ ਸਾਰੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਅਹਿਮ ਰੋਲ ਨਿਭਾਇਆ ਗਿਆ। ਇਸ ਮੌਕੇ ਸਾਰੇ ਪ੍ਰਵਾਸੀ ਪੰਜਾਬੀਆਂ ਵੱਲੋਂ ਕੀਤੇ ਨੇਕ ਕਾਰਜ ਲਈ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਨਗਰ ਸੁਧਾਰ ਟਰੱਸਟ ਦਫਤਰ ਵਿਖੇ ਵੱਖ ਵੱਖ ਪਿੰਡਾਂ ਤੋਂ ਆਏ ਲੋੜਵੰਦ ਮਰੀਜ਼ਾਂ ਵੱਲੋਂ ਵੀ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਗਿਆ।

# ਅੱਧੀ ਦਰਜਨ ਨੌਜਵਾਨਾਂ ਵੱਲੋਂ ਦੁਕਾਨ ਮਾਲਕ ਦੀ ਕੁੱਟਮਾਰ

ਫਗਵਾੜਾ (ਇੰਦਰਜੀਤ ਸਿੰਘ ਮਠਾੜੂ)- ਇੱਕ ਕੁਆੜੀਏ ਵਲੋਂ ਚੋਰੀ ਦਾ ਸਾਮਾਨ ਖਰੀਦਣ ਤੋਂ ਮਨ੍ਹਾ ਕਰਨ ਤੋਂ ਗੁੱਸੇ 'ਚ ਆਏ ਕਰੀਬ ਅੱਧੀ ਦਰਜਨ ਨੌਜਵਾਨਾਂ ਵਲੋਂ ਦੁਕਾਨ ਮਾਲਕ ਦੀ ਕੁੱਟਮਾਰ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ ਤੇ ਉਸ ਪਾਸੋਂ ਨਕਦੀ ਖੋਹ ਕੇ ਫਰਾਰ ਹੋ ਗਏ। ਪੀੜਤ ਸੰਤੋਸ਼ਾ ਨੇ ਦੱਸਿਆ ਕਿ ਉਸ ਦੀ ਸੇਂਟ ਸੋਲਜਰ ਕਾਲਜ ਨਜ਼ਦੀਕ ਕੁਆੜ ਦੀ ਦੁਕਾਨ ਹੈ ਤੇ ਉਸ ਦੀ ਦੁਕਾਨ 'ਤੇ ਸਵੇਰੇ ਕੁੱਝ ਨੌਜਵਾਨ ਆਏ ਤੇ ਤਾਂਬਾ ਲੈਣ ਲਈ ਕਹਿਣ ਲੱਗੇ ਤੇ ਉਸ ਨੇ ਲੈਣ ਤੋਂ ਮਨ੍ਹਾ ਕਰ ਦਿੱਤਾ। ਜਿਸ ਤੋਂ ਬਾਅਦ ਉਹ ਗਾਲੀ ਗਲੋਚ ਤੇ ਧਮਕੀਆਂ ਦੇ ਕੇ ਚਲੇ ਗਏ ਤੇ ਸ਼ਾਮ ਸਮੇਂ ਤਿੰਨ ਮੋਟਰਸਾਈਕਲ 'ਤੇ ਕਰੀਬ ਅੱਠ ਨੌਜਵਾਨ ਆਏ ਤੇ ਉਸ ਦੀ ਕੁੱਟਮਾਰ ਕੀਤੀ ਤੇ ਉਸ ਪਾਸੋਂ 40 ਹਜ਼ਾਰ ਰੁਪਏ ਦੀ ਨਕਦੀ ਲੈ ਕੇ ਫਰਾਰ ਹੋ ਗਏ। ਜ਼ਖਮੀ ਨੂੰ ਇਲਾਜ ਲਈ ਸਿਵਲ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਤੇ ਘਟਨਾ ਸਬੰਧੀ ਪੁਲਸ ਨੂੰ ਸੂਚਨਾ ਦੇ ਦਿੱਤੀ ਗਈ ਹੈ।

# ਡਿਪਟੀ ਸਪੀਕਰ ਨੇ ਮਾਹਿਲਪੁਰ 'ਚ ਸੀਵਰੇਜ ਦਾ ਕੀਤਾ ਉਦਘਾਟਨ




ਮਾਹਿਲਪੁਰ (ਸਫਰੀ) - ਕਸਬਾ ਮਾਹਿਲਪੁਰ ਵਿੱਚ ਕਾਫੀ ਸਮੇਂ ਤੋਂ ਲੋਕਾਂ ਦੀ ਮੰਗ ਨੂੰ ਅੱਜ ਪੂਰਾ ਕਰਦੇ ਹੋਏ ਡਿਪਟੀ ਸਪੀਕਰ ਸ੍ਰੀ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਲੰਗੇਰੀ ਰੋਡ ਮਾਹਿਲਪੁਰ ਵਿੱਚ ਸੀਵਰੇਜ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਜਿਸ ਨੂੰ ਮਾਹਿਲਪੁਰ ਬਾਈਪਾਸ ਕਿਹਾ ਜਾਂਦਾ ਹੈ ਉਹ ਸੜਕ ਮੈਂ ਬਚਪਨ ਤੋਂ ਹੀ ਕਦੇ ਬਣੀ ਨਹੀਂ ਦੇਖੀ, ਉਸ ਨੂੰ ਤੁਰੰਤ ਬਣਾਇਆ ਜਾ ਰਿਹਾ ਹੈ। ਪਹਿਲਾਂ ਅਸੀਂ ਮਾਹਿਲਪੁਰ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੇ ਦੋ ਟਿਊਬਵੈੱਲ ਲਗਵਾ ਕੇ ਦਿੱਤੇ ਅਤੇ ਹੁਣ ਸੀਵਰੇਜ ਤੇ ਬਾਈਪਾਸ ਵਾਲੀ ਸੜਕ ਵੀ ਤੁਰੰਤ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਮਾਹਿਲਪੁਰ ਵਾਸੀਆਂ ਨੂੰ ਪਾਣੀ ਦੀ ਦਿੱਕਤ ਨਹੀਂ ਆਉਣ ਦਿਆਂਗੇ। ਅਸੀਂ ਮਾਹਿਲਪੁਰ ਵਿੱਚ ਬਹੁਤ ਹੀ ਜਲਦ ਵਾਟਰ ਟਰੀਟਮੈਂਟ ਪਲਾਂਟ ਲਗਵਾ ਰਹੇ ਹਾਂ। ਜੈ ਕ੍ਰਿਸ਼ਨ ਸਿੰਘ ਰੌੜੀ ਨੇ ਬਲਜਿੰਦਰ ਸਿੰਘ ਮੱਲ੍ਹੀ ਥਾਣਾ ਮੁਖੀ ਮਾਹਿਲਪੁਰ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਸ ਅਫਸਰ ਨੇ ਇਲਾਕਾ ਮਾਹਿਲਪੁਰ ਵਿਚੋਂ ਪੂਰੀ ਤਰਾਂ ਨਸ਼ਾ ਖਤਮ ਕਰ ਦਿਤਾ ਹੈ, ਬੱਸ ਪੰਜ ਕੁ ਪਰਸੈਂਟ ਬਾਕੀ ਰਹਿ ਗਿਆ ਹੈ ,ਉਹ ਵੀ ਕੁੱਛ ਦਿਨਾਂ ਵਿਚ ਖਤਮ ਕਰ ਦਿੱਤਾ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸਨਰ ਹੁਸ਼ਿਆਰਪੁਰ, ਐਸ ਡੀ ਐਮ ਸ਼ਿਵਰਾਜ ਸਿੰਘ ਬੱਲ, ਵਿਜੇ ਕੁਮਾਰ ਨਾਇਬ ਤਹਿਸੀਲਦਾਰ ਮਾਹਿਲਪੁਰ, ਅਰਵਿੰਦ ਮਹਿਤਾ ਐਕਸ ਈ ਐਨ ਮਾਹਿਲਪੁਰ, ਸੁਸ਼ੀਲ ਬਾਂਸਲ ਐਸ ਡੀ ਓ ਮਾਹਿਲਪੁਰ, ਚਰਨਜੀਤ ਸਿੰਘ ਚੰਨੀ, ਪਰਮਿੰਦਰ ਸਿੰਘ, ਸ਼ਸ਼ੀ ਬਾਲਾ, ਪੂਨਮ ਤਨੇਜਾ, ਸਤਵੀਰ ਸਿੰਘ ਸੰਤਾ, ਅਮਨਦੀਪ ਸਿੰਘ ਜੇ ਈ, ਰਾਜੀਵ ਸਰੀਨ ਈ ਓ ਮਾਹਿਲਪੁਰ, ਰੋਹਿਤ ਕੁਮਾਰ ਜੇ ਈ ਆਦਿ ਹਾਜ਼ਰ ਸਨ।

# ਟੈਲੀਫੋਨ ਐਕਸਚੇਂਜ 'ਚ ਇੱਕ ਵੀ ਕਰਮਚਾਰੀ ਉਪਲੱਬਧ ਨਹੀਂ

ਖਰੜ (ਹਰਨਾਮ ਸਿੰਘ ਡੱਲਾ)

ਖਰੜ ਦੀ ਟੈਲੀਫੋਨ ਐਕਸਚੇਂਜ ਵਿੱਚ ਕੋਈ ਕਰਮਚਾਰੀ ਤੇ ਅਧਿਕਾਰੀ ਮੌਜੂਦ ਨਹੀਂ ਹੈ। ਦੇਖਿਆ ਜਾਵੇ ਤਾਂ ਪਿਛਲੇ ਦਹਾਕੇ ਦੌਰਾਨ ਬਣੀ ਇਹ ਨਵੀਂ ਤੇ ਆਲੀਸ਼ਾਨ ਇਮਾਰਤ ਵਿੱਚ ਸਰਕਾਰੀ ਨੀਤੀਆਂ ਕਰਕੇ ਅੱਜ ਕੱਲ੍ਹ ਉੱਲੂ ਬੋਲ ਰਹੇ ਹਨ। ਇਸ ਤੋਂ ਪਹਿਲਾਂ ਇਹ ਐਕਸਚੇਂਜ ਲਾਂਡਰਾਂ ਰੋਡ ਉੱਤੇ ਹੀ ਇੱਕ ਪ੍ਰਾਈਵੇਟ ਬਿਲਡਿੰਗ ਵਿੱਚ ਸਰਕਾਰੀ ਕਰਮਚਾਰੀਆਂ ਦੇ ਅਮਲੇ ਅਧੀਨ ਚੱਲ ਰਹੀ ਸੀ। ਜਿੱਥੇ ਆਮ ਲੋਕਾਂ ਦੀ ਘਰੇਲੂ ਲੋੜ, ਦਫਤਰਾਂ ਅਤੇ ਵਪਾਰੀਆਂ ਨੂੰ ਲੈਂਡਲਾਈਨ ਸੇਵਾ ਮੁਹੱਈਆ ਕਰਵਾਈ ਜਾਂਦੀ ਸੀ। ਇੱਕ ਐੱਸ ਡੀ ਓ ਦੀ ਦੇਖ ਰੇਖ ਵਿੱਚ ਚੱਲਦੀ ਇਹ ਟੈਲੀਫੋਨ ਐਕਸਚੇਂਜ ਲੋਕਾਂ ਨੂੰ ਵਧੀਆ ਸੇਵਾ ਪ੍ਰਦਾਨ ਕਰਦੀ ਸੀ। ਪਰ ਹੁਣ ਇਹ ਟੈਲੀਫੋਨ ਐਕਸਚੇਂਜ ਉਸ ਪ੍ਰਾਈਵੇਟ ਬਿਲਡਿੰਗ ਵਿੱਚੋਂ ਸਿਫਟ ਕਰਕੇ ਚੰਡੀਗੜ੍ਹ ਰੋਡ ਉੱਤੇ ਇੱਕ ਅਧੁਨਿਕ ਬਿਲਡਿੰਗ ਵਿੱਚ ਸਥਿਤ ਹੈ। ਜਿੱਥੇ ਕਰੋੜਾਂ ਦੀ ਮਿਸ਼ਨਰੀ ਤਾਂ ਕੰਮ ਕਰ ਰਹੀ ਹੋਵੇਗੀ, ਪਰ ਓਥੇ ਸਰਕਾਰੀ ਸੇਵਾ ਮੁਹੱਈਆ ਕਰਵਾਉਣ ਲਈ ਇੱਕ ਵੀ ਕਰਮਚਾਰੀ ਨਹੀਂ ਬੈਠਦਾ। ਲਾਗਲੇ ਦੁਕਾਨਦਾਰਾਂ ਨੂੰ ਪੁੱਛਣ ਉੱਤੇ ਪਤਾ ਲੱਗਾ ਹੈ ਕਿ ਏਥੇ ਇੱਕ ਦੋ ਵਿਆਕਤੀ ਹੀ ਕੰਮ ਕਰ ਰਹੇ ਹਨ। ਜਿਨ੍ਹਾਂ ਦਾ ਨਿਗਰਾਨ ਠੇਕੇਦਾਰ ਹੈ। ਇਸ ਬਿਲਡਿੰਗ ਦੇ ਬਾਹਰ ਇੱਕ ਛਤਰੀ ਲਗਾ ਕੇ ਇਹ ਪ੍ਰਾਈਵੇਟ ਕਾਮੇ ਲੋਕਾਂ ਨੂੰ ਸੇਵਾ ਮੁਹੱਈਆ ਕਰਵਾ ਰਹੇ ਸੁਣੀਂਦੇ ਹਾਂ। ਉਕਤ ਪ੍ਰਾਈਵੇਟ ਕਾਮੇ ਹੀ ਲੋਕਾਂ ਦੀਆਂ ਸ਼ਿਕਾਇਤਾਂ ਸੁਣਦੇ ਹਨ ਅਤੇ ਸ਼ਿਕਾਇਤਾਂ ਦੂਰ ਕਰਨ ਲਈ ਵੀ ਉਹੀ ਖਪਤਕਾਰਾਂ ਤੱਕ ਪਹੁੰਚਦੇ ਹਨ। ਇਸ ਤੋਂ ਲੱਗਦਾ ਹੈ ਕਿ ਨਿੱਜੀਕਰਨ ਦੇ ਦੈਂਤ ਨੇ ਲੋਕਾਂ ਦੀਆਂ ਨੌਕਰੀਆਂ ਤਾਂ ਨਿਗਲ ਹੀ ਲਈਆਂ ਹਨ, ਨਾਲ ਹੀ ਲੋਕਾਂ ਦੇ ਪੈਸੇ ਨਾਲ ਕਰੋੜਾਂ ਰੁਪਏ ਲਗਾ ਕੇ ਉਸਾਰੀਆਂ ਬਿਲਡਿੰਗਾਂ ਵੀ ਖੰਡਰ ਬਣ ਰਹੀਆਂ ਹਨ। ਇਸ ਤੋਂ ਭਾਸਦਾ ਹੈ ਸਰਕਾਰਾਂ ਨੇ ਨਿੱਜੀ ਕੰਪਨੀਆਂ ਨੂੰ ਲਾਭ ਦੇਣ ਲਈ ਲੋਕ ਹਿੱਤਾਂ ਨੂੰ ਕੰਪਨੀਆਂ ਕੋਲ ਗਿਰਵੀ ਕਰ ਦਿੱਤਾ ਹੈ ਅਤੇ ਲੋਕ ਪ੍ਰਾਈਵੇਟ ਕੰਪਨੀਆਂ ਦੇ ਰਹਿਮ ਉੱਤੇ ਪੈਸਾ ਖਰਚ ਕਰਕੇ ਵੀ ਸਹੂਲਤਾਂ ਤੋਂ ਸੱਖਣੇ ਰਹਿ ਰਹੇ ਹਨ ਅਤੇ ਖੱਜਲ ਖੁਆਰ ਹੋ ਕੇ ਘਰਾਂ ਨੂੰ ਪਰਤਦੇ ਹਨ।




# ਰਾਸ਼ਟਰੀ ਵਿਗਿਆਨ ਦਿਵਸ 'ਤੇ ਤਿੰਨ ਦਿਨਾ ਵਰਕਸ਼ਾਪ



ਫਗਵਾੜਾ (ਡਾ. ਰਮਨ)

ਕਮਲਾ ਨਹਿਰੂ ਕਾਲਜ ਫਾਰ ਵੂਮੈਨ ਫਗਵਾੜਾ ਦੇ ਵਿਗਿਆਨ ਵਿਭਾਗ ਨੇ, ਪ੍ਰੋ. ਪੂਰਨ ਸਿੰਘ ਸੁਸਾਇਟੀ, ਗ੍ਰੀਨ ਸਕੁਐਡ ਕਲੱਬ ਅਤੇ ਰੈੱਡ ਰਿਬਨ ਕਲੱਬ ਦੇ ਸਹਿਯੋਗ ਨਾਲ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਦੇ ਜਸ਼ਨ 'ਚ ਤਿੰਨ ਰੋਜਾ ਵਰਕਸ਼ਾਪ ਬਨਸਪਤੀ ਵਿਗਿਆਨ ਦੇ ਸਹਾਇਕ ਪ੍ਰੋਫੈਸਰ, ਰਾਜੀਵ ਕੁਮਾਰ ਦੁਆਰਾ ਦਿੱਤੇ ਜੈਵ ਵਿਭਿੰਨਤਾ ਅਤੇ ਸੰਭਾਲ ਦੇ ਮਹੱਤਵਪੂਰਨ ਵਿਸ਼ੇ 'ਤੇ ਇੱਕ ਵਿਸਥਾਰ ਲੈਕਚਰ ਦੇ ਨਾਲ ਸਮਾਪਤ ਕੀਤੀ। ਉਹਨਾਂ ਦੀ ਸੂਝ-ਬੂਝ ਵਾਲੀ ਪੇਸ਼ਕਾਰੀ ਨੇ ਸੰਭਾਲ ਦੀਆਂ ਰਣਨੀਤੀਆਂ, ਐਮਾਜਾਨ ਰੇਨਫੋਰੈਸਟ ਦੀ ਮਹੱਤਤਾ, ਸੰਭਾਲ ਦੇ ਲਾਭ, ਭਵਿੱਖ ਦੀਆਂ ਸੰਭਾਵਨਾਵਾਂ ਅਤੇ ਜੈਵ ਵਿਭਿੰਨਤਾ ਦੇ ਪ੍ਰਬੰਧਨ ਬਾਰੇ ਦੱਸਿਆ। ਇਸ ਸਮਾਗਮ ਦੀ ਮੁੱਖ ਗੱਲ ਇਨਾਮ ਵੰਡ ਸਮਾਰੋਹ ਸੀ, ਜਿੱਥੇ ਛੇ ਵਿਭਿੰਨ ਮੁਕਾਬਲਿਆਂ ਦੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਸਵਿੰਦਰ ਪਾਲ ਨੇ ਅਜਿਹੇ ਦਿਲਚਸਪ ਅਤੇ ਵਿਦਿਅਕ ਸਮਾਗਮਾਂ ਦੇ ਆਯੋਜਨ ਲਈ ਵਿਦਿਆਰਥੀਆਂ ਅਤੇ ਫੈਕਲਟੀ ਦੋਵਾਂ ਨੂੰ ਉਨ੍ਹਾਂ ਦੇ ਮਿਸਾਲੀ ਯਤਨਾਂ ਲਈ ਦਿਲੋਂ ਵਧਾਈ ਦਿੱਤੀ। ਡਾ. ਸਵਿੰਦਰ ਪਾਲ ਦਾ ਸੂਝਵਾਨ ਪ੍ਰਤੀਬਿੰਬ ਹਾਜਰੀਨ ਦੇ ਨਾਲ ਗੂੰਜਿਆ, ਵਾਤਾਵਰਣ ਸੰਭਾਲ ਅਤੇ ਸਾਡੇ ਕੀਮਤੀ ਵਾਤਾਵਰਣ ਪ੍ਰਣਾਲੀਆਂ ਦੀ ਸੰਭਾਲ ਲਈ ਨਵੀਂ ਪ੍ਰਤੀਬੱਧਤਾ ਨੂੰ ਪ੍ਰੇਰਿਤ ਕਰਦਾ ਹੈ।

# ਐਲ ਪੀ ਯੂ ਵੱਲੋਂ ਦੋ ਰੋਜ਼ਾ ਭਾਰਤੀ ਉੱਦਮਤਾ ਸੰਮੇਲਨ ਦੀ ਮੇਜ਼ਬਾਨੀ

ਜਲੰਧਰ (ਸ਼ੈਲੀ ਐਲਬਰਟ)

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਚਾਹਵਾਨ ਉੱਦਮੀਆਂ, ਸਟਾਰਟਅੱਪਸ, ਸਲਾਹਕਾਰਾਂ ਅਤੇ ਨਿਵੇਸ਼ਕਾਂ ਨੂੰ ਜੋੜਨ ਲਈ ਦੋ ਦਿਨਾ ਮੈਗਾ ਇੰਡੀਅਨ ਐਂਟਰਪ੍ਰਨਿਓਰਸ਼ਿਪ ਕਨਕਲੇਵ ਦੀ ਮੇਜ਼ਬਾਨੀ ਕੀਤੀ।ਮਸ਼ਹੂਰ ਟੈਲੀਵਿਜ਼ਨ ਸ਼ੋਅ-ਸ਼ਾਰਕ ਟੈਂਕ ਦੀ ਅਸਲ ਭਾਵਨਾ ਦੀ ਨੁਮਾਇੰਦਗੀ ਕਰਦੇ ਹੋਏ ਇਹ ਇੱਕ ਵਿਸ਼ਾਲ ਪਲੇਟਫਾਰਮ ਸਿੱਧ ਹੋਇਆ ਜਿੱਥੇ ਉੱਦਮੀ ਵਿਦਿਆਰਥੀਆਂ ਨੂੰ ਆਪਣੇ ਵਿਲੱਖਣ ਵਪਾਰਕ ਵਿਚਾਰਾਂ ਨੂੰ ਪ੍ਰਦਰਸ਼ਤ ਕਰਨ ਦਾ ਮੌਕਾ ਮਿਲਿਆ। ਇੱਥੇ ਉਨ੍ਹਾਂ ਨੇ ਆਪਣੇ ਨਵੀਨਤਾਕਾਰੀ ਸੰਕਲਪਾਂ ਨੂੰ ਪੇਸ਼ ਕਰਨ, ਤਜਰਬੇਕਾਰ ਪੇਸ਼ੇਵਰਾਂ ਤੋਂ ਕੀਮਤੀ ਸਮਝ ਪ੍ਰਾਪਤ ਕਰਨ ਅਤੇ ਉੱਦਮੀ ਭਾਵਨਾ ਲਈ ਮਾਨਤਾ ਪ੍ਰਾਪਤ ਕਰਨ ਦੇ ਮੌਕੇ ਦਾ ਲਾਭ ਉਠਾਇਆ। ਐਲ ਪੀ ਯੂ ਦੀ ਪ੍ਰੋ ਚਾਂਸਲਰ ਰਸ਼ਮੀ ਮਿੱਤਲ ਨੇ ਪ੍ਰੇਰਨਾਦਾਇਕ ਕਿਤਾਬ- 'ਡੂ ਇਟ ਰਾਈਟ, ਮੇਕ ਇਟ ਬਿਗ', ਜੋ ਕਿ ਇੱਕ ਉੱਦਮੀ ਐਲ ਪੀ ਯੂ ਵਿਦਿਆਰਥੀ ਸੱਤਿਆ ਸ਼ੁਭਮ ਰਾਊਤ ਦੁਆਰਾ ਲਿਖੀ ਗਈ ਹੈ, ਨੂੰ ਜਾਰੀ ਕਰਕੇ ਸੰਮੇਲਨ ਦਾ ਉਦਘਾਟਨ ਕੀਤਾ। ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਮਿੱਤਲ ਨੇ ਉਨ੍ਹਾਂ ਨੂੰ ਵਿਸ਼ਵ ਸਮਾਜ ਬਾਰੇ ਲਾਭਕਾਰੀ ਸੋਚਦੇ ਹੋਏ ਆਪਣੇ ਯਤਨਾਂ ਵਿੱਚ ਨਵੀਨਤਾਕਾਰੀ ਅਤੇ ਉੱਦਮੀ ਬਣੇ ਰਹਿਣ ਦਾ ਸੱਦਾ ਦਿੱਤਾ। ਸਮਾਗਮ ਵਿੱਚ ਪ੍ਰਮੁੱਖ ਉੱਦਮੀਆਂ ਅਤੇ ਨਿਵੇਸ਼ਕਾਂ ਜਿਵੇਂ ਅਦਿਤੀ ਮਦਾਨ, ਸੋਨਮ ਭਗਤ, ਰਮਿੰਦਰ ਬਖਸ਼ੀ, ਗੁਰਪ੍ਰੀਤ ਸਿੰਘ ਘੇਦੂ, ਅਮਨ ਰਾਜ, ਨੀਤਿਕਾ ਖੁਰਾਣਾ, ਸੌਰਭ ਤ੍ਰਿਵੇਦੀ, ਨਿਖਿਲ ਗੁਪਤਾ ਅਤੇ ਹੋਰਾਂ ਦੇ ਮੁੱਖ ਭਾਸ਼ਣ ਸ਼ਾਮਲ ਰਹੇ।ਉੱਦਮੀਆਂ-ਫੰਡਰੇਜ਼ਿੰਗ, ਮਾਰਕੀਟਿੰਗ, ਵਿਕਾਸ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ 'ਤੇ ਪੈਨਲ ਚਰਚਾਵਾਂ ਵੀ ਸ਼ਾਮਲ ਸਨ। ਵਿਹਾਰਕ ਹੁਨਰਾਂ ਤੇ ਵਰਕਸ਼ਾਪਾਂ ਵਿੱਚ ਕਾਰੋਬਾਰੀ ਯੋਜਨਾ ਲਿਖਣਾ; ਨਿਵੇਸ਼ਕਾਂ ਨੂੰ ਪਿਚਿੰਗ; ਅਤੇ, ਸੋਸ਼ਲ ਮੀਡੀਆ ਮਾਰਕੀਟਿੰਗ ਸ਼ਾਮਲ ਸਨ। ਐਗਰੀ, ਫਾਰਮਾ, ਇਲੈਕਟ੍ਰਿਕ ਵਾਹਨਾਂ ਅਤੇ ਹੋਰ ਖੇਤਰਾਂ ਸਮੇਤ ਵੱਖ-ਵੱਖ ਡੋਮੇਨਾਂ ਵਿੱਚ ਸਟਾਰਟਅੱਪ ਨੂੰ ਫਲਦਾਇਕ ਨਤੀਜਿਆਂ ਲਈ ਵਿਚਾਰਿਆ ਗਿਆ। ਐਗਰੀ, ਫਾਰਮਾ, ਇਲੈਕਟ੍ਰਿਕ ਵਹੀਕਲਸ, ਟੈਕਨਾਲੋਜੀ, ਏਆਈ ਅਤੇ ਕਈ ਹੋਰ ਖੇਤਰਾਂ ਸਮੇਤ ਵੱਖ-ਵੱਖ ਡੋਮੇਨਾਂ ਵਿੱਚ ਐਲ ਪੀ ਯੂ ਦੇ ਵਿਦਿਆਰਥੀਆਂ ਦੁਆਰਾ 30 ਤੋਂ ਵੱਧ ਵਪਾਰਕ ਵਿਚਾਰ ਫਲਦਾਇਕ ਨਤੀਜਿਆਂ ਲਈ ਪੇਸ਼ ਕੀਤੇ ਗਏ ਸਨ।




# ਰਿਆਤ ਬਾਹਰਾ 'ਵਰਸਿਟੀ ਵਿਖੇ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ

ਚੰਡੀਗੜ੍ਹ (ਗੁਰਜੀਤ ਬਿੱਲਾ)

ਰਿਆਤ ਬਾਹਰਾ ਯੂਨੀਵਰਸਿਟੀ ਦੇ ਜੀਵ ਵਿਗਿਆਨ ਵਿਭਾਗ ਵੱਲੋਂ ਜੀਵ ਵਿਗਿਆਨ, ਸਿਹਤ ਅਤੇ ਵਾਤਾਵਰਣ ਸਥਿਰਤਾ 'ਤੇ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਕਾਨਫਰੰਸ ਦੀ ਪ੍ਰਧਾਨਗੀ ਕਰ ਰਹੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਵਾਈਸ-ਚਾਂਸਲਰ ਡਾ: ਅਰੁਣ ਕੁਮਾਰ ਗਰੋਵਰ ਨੇ ਆਪਣੇ ਸੰਬੋਧਨ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੋਜਕਰਤਾਵਾਂ ਵਿਚਕਾਰ ਵਿਚਾਰਾਂ ਦੇ ਆਦਾਨ-ਪ੍ਰਦਾਨ ਅਤੇ ਨੈੱਟਵਰਕਿੰਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਹਾਈਬ੍ਰਿਡ ਮੋਡ ਵਿੱਚ ਆਯੋਜਿਤ ਇਹ ਕਾਨਫਰੰਸ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (ਪੀਐਸਸੀਐਸਟੀ), ਚੰਡੀਗੜ੍ਹ ਅਤੇ ਮਾਈਕ੍ਰੋਬਾਇਓਲੋਜੀਕਲ ਸੋਸਾਇਟੀ ਆਫ ਇੰਡੀਆ (ਐਮਬੀਐਸਆਈ) ਅਤੇ ਰੈੱਡ ਰਿਬਨ ਕਲੱਬ, ਮੁਹਾਲੀ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ ਸੀ। ਇਸ ਦੌਰਾਨ ਪੰਜਾਬ ਇੰਜਨੀਅਰਿੰਗ ਕਾਲਜ (ਡੀਮਡ ਟੂ ਬੀ ਯੂਨੀਵਰਸਿਟੀ), ਚੰਡੀਗੜ੍ਹ ਦੇ ਡਾਇਰੈਕਟਰ ਡਾ: ਬਲਦੇਵ ਸੇਤੀਆ, ਜੋ ਕਾਨਫਰੰਸ ਦੇ ਮੁੱਖ ਮਹਿਮਾਨ ਸਨ, ਨੇ ਕਿਹਾ ਕਿ ਕਾਨਫਰੰਸ ਨੇ ਬਹੁ-ਅਨੁਸ਼ਾਸਨੀ ਖੇਤਰਾਂ ਦੇ ਖੋਜਕਰਤਾਵਾਂ ਨੂੰ ਖੋਜ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਾਂਝਾ ਪਲੇਟਫਾਰਮ ਪ੍ਰਦਾਨ ਕੀਤਾ ਹੈ। ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਅਤੇ ਕਾਨਫਰੰਸ ਦੇ ਮੁੱਖ ਸਰਪ੍ਰਸਤ ਗੁਰਵਿੰਦਰ ਸਿੰਘ ਬਾਹਰਾ ਨੇ ਆਸ ਪ੍ਰਗਟਾਈ ਕਿ ਮੁੱਖ ਭਾਸ਼ਣ ਸੈਸ਼ਨ, ਮਾਹਿਰ ਭਾਸ਼ਣ, ਖੋਜ ਪੱਤਰ ਪੇਸ਼ਕਾਰੀ ਅਤੇ ਵਿਚਾਰ-ਵਟਾਂਦਰੇ ਦੇ ਨਾਲ-ਨਾਲ ਸਬੰਧਤ ਵਿਸ਼ੇ 'ਤੇ ਬਹੁਤ ਹੀ ਦਿਲਚਸਪ ਪ੍ਰੋਜੈਕਟ ਅਤੇ ਕੁਇਜ਼ ਮੁਕਾਬਲੇ ਵੀ ਭਾਗੀਦਾਰਾਂ ਲਈ ਲਾਹੇਵੰਦ ਸਾਬਤ ਹੋਏ ਹਨ। ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਅਤੇ ਕਾਨਫਰੰਸ ਦੇ ਸਰਪ੍ਰਸਤ ਡਾ: ਪਰਵਿੰਦਰ ਸਿੰਘ ਨੇ ਕਿਹਾ ਕਿ ਅੰਤਰਰਾਸ਼ਟਰੀ ਕਾਨਫਰੰਸ ਦਾ ਉਦੇਸ ਬਹੁ-ਅਨੁਸਾਸਨੀ ਸਿੱਖਿਆ, ਖੋਜ ਅਤੇ ਫੰਡਿੰਗ ਲਈ ਇੱਕ ਈਕੋਸਿਸਟਮ ਬਣਾਉਣਾ ਹੈ। ਵਿਦਿਆਰਥੀ ਭਲਾਈ ਡੀਨ ਅਤੇ ਡਾਇਰੈਕਟਰ-ਆਈਕਿਊਏਸੀ ਅਤੇ ਕਾਨਫਰੰਸ ਦੇ ਕਨਵੀਨਰ ਡਾ: ਸਿਮਰਜੀਤ ਕੌਰ ਨੇ ਕਿਹਾ ਕਿ ਕਾਨਫਰੰਸ ਦਾ ਉਦੇਸ਼ ਵੱਖ-ਵੱਖ ਖੇਤਰਾਂ ਜਿਵੇਂ ਕਿ ਜੀਵ ਵਿਗਿਆਨ, ਸਿਹਤ ਸੰਭਾਲ, ਵਾਤਾਵਰਣ ਸਥਿਰਤਾ ਦੇ ਖੋਜਕਰਤਾਵਾਂ ਨੂੰ ਆਪਣਾ ਅਸਲ ਖੋਜ ਕਾਰਜ ਅਤੇ ਸਮੀਖਿਆ ਪੱਤਰ ਪੇਸ਼ ਕਰਨ ਲਈ ਇੱਕ ਸਾਂਝਾ ਪਲੇਟਫਾਰਮ ਪ੍ਰਦਾਨ ਕਰਨਾ ਹੈ। ਇਸ ਕਾਨਫਰੰਸ ਦੇ ਮੁੱਖ ਬੁਲਾਰਿਆਂ ਵਿੱਚ ਪੰਜਾਬ ਯੂਨੀਵਰਸਿਟੀ ਦੇ ਸਿੱਖਿਆ ਵਿਭਾਗ ਤੋਂ ਡਾ: ਨੰਦਿਤਾ ਸ਼ੁਕਲਾ ਸਿੰਘ, ਡਾ: ਸਵਰਨਜੀਤ ਸਿੰਘ, ਐਸ ਏ ਐਸ ਪੌਲੀਟੈਕਨਿਕ ਦੇ ਡਾਇਰੈਕਟਰ ਅਤੇ ਐਮ.ਬੀ.ਐਸ.ਆਈ., ਚੰਡੀਗੜ੍ਹ ਟ੍ਰਾਈਸਿਟੀ ਦੇ ਪ੍ਰਧਾਨ ਡਾ: ਰਵਿੰਦਰ ਸਿੰਘ ਜੰਡੂ, ਆਧੁਨਿਕ ਤਕਨਾਲੋਜੀ ਪ੍ਰੋਗਰਾਮ ਮੈਨੇਜਰ-ਕੈਬਨਿਟ ਦਫਤਰ ( ਸਿਵਲ ਸੇਵਾਵਾਂ) ਲੰਡਨ ਅਤੇ ਪ੍ਰੋ. ਪ੍ਰੋਮਿਲਾ ਮਲਿਕ, ਪੋਸਟ ਗ੍ਰੈਜੂਏਟ ਸਰਕਾਰੀ ਕਾਲਜ, ਕਾਲਕਾ ਦੀ ਪ੍ਰਿੰਸੀਪਲ, ਪ੍ਰੋਫੈਸਰ ਇੰਦਰਾ ਸਰਮਾ ਡਿਪਟੀ ਡਾਇਰੈਕਟਰ ਉੱਚ ਸਿੱਖਿਆ ਵਿਭਾਗ ਆਦਿ ਹਾਜ਼ਰ ਸਨ।



# ਕੈਨੇਡੀਅਨ ਮੀਡੀਆ ਵੱਲੋਂ ਸੀ ਟੀ ਗਰੁੱਪ 'ਚ ਟੈਲੈਂਟ ਹੰਟ

ਜਲੰਧਰ (ਸ਼ੈਲੀ ਐਲਬਰਟ)

ਸੀਟੀ ਗਰੁੱਪ ਆਫ ਇੰਸਟੀਚਿਊਸਨਜ ਨੇ ਕੈਨੇਡਾ ਦੀ ਮਸ਼ਹੂਰ ਪ੍ਰੋਡਕਸਨ ਟੀਮ ਮਹਿਫਿਲ ਮੀਡੀਆ ਵੱਲੋਂ ਆਯੋਜਿਤ ਟੈਲੈਂਟ ਹੰਟ ਦੇ ਸੈਮੀਫਾਈਨਲ ਦੀ ਮੇਜਬਾਨੀ ਮਾਣ ਨਾਲ ਕੀਤੀ। ਇਸ ਟੈਲੈਂਟ ਹੰਟ 'ਚ ਆਸਟਰੇਲੀਆ, ਨਿਊਜੀਲੈਂਡ, ਕੈਨੇਡਾ ਅਤੇ ਭਾਰਤ ਸਮੇਤ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਆਡੀਸ਼ਨ ਕਰਵਾਏ ਗਏ, ਜਿਸ ਦਾ ਉਦੇਸ ਵੱਖ-ਵੱਖ ਪੇਸ਼ਕਾਰੀਆਂ ਰਾਹੀਂ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਪ੍ਰਦਰਸ਼ਿਤ ਕਰਨਾ ਸੀ। ਸੀਟੀ ਗਰੁੱਪ ਆਫ ਇੰਸਟੀਚਿਊਸ਼ਨਜ ਦੇ ਸਾਹਪੁਰ ਕੈਂਪਸ +ਚ ਹੋਏ ਸੈਮੀਫਾਈਨਲ 'ਚ ਕੈਨੇਡਾ 'ਚ ਹੋਣ ਵਾਲੇ ਫਾਈਨਲ ਰਾਊਂਡ 'ਚ ਜਗ੍ਹਾ ਬਣਾਉਣ ਦੀ ਦੌੜ 'ਚ ਦੁਨੀਆ ਭਰ ਦੇ ਮੁਕਾਬਲੇਬਾਜਾਂ 'ਚ ਜਬਰਦਸਤ ਮੁਕਾਬਲਾ ਦੇਖਣ ਨੂੰ ਮਿਲਿਆ। 'ਮਿਸ ਪੰਜਾਬਣ', 'ਮਿਸਟਰ ਪੰਜਾਬੀ', 'ਬੇਬੇ ਨੰਬਰ 1' ਅਤੇ 'ਬਾਪੂ ਨੰਬਰ 1' ਵਰਗੇ ਖਿਤਾਬ ਪੰਜਾਬੀ ਸੱਭਿਆਚਾਰ, ਪਰੰਪਰਾ ਅਤੇ ਅਮੀਰੀ ਦੇ ਸਾਰ ਨੂੰ ਦਰਸਾਉਂਦੇ ਹਨ। ਸੈਮੀਫਾਈਨਲ 'ਚ ਡੀ ਆਈ ਜੀ ਇੰਦਰਬੀਰ ਸਿੰਘ ਸਮੇਤ ਸੀਟੀ ਗਰੁੱਪ ਦੀਆਂ ਕਈ ਉੱਘੀਆਂ ਸਖਸ਼ੀਅਤਾਂ ਅਤੇ ਮੈਂਬਰ ਮੌਜੂਦ ਸਨ। ਪੰਜਾਬੀ ਕਲਾਕਾਰ ਜੱਸੀ ਸੋਹਲ, ਆਰ ਜੇ ਦੀਪਕ, ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਵਿਦਿਆਰਥੀ ਭਲਾਈ ਵਿਭਾਗ ਦੇ ਡਾਇਰੈਕਟਰ ਦਵਿੰਦਰ ਸਿੰਘ, ਸਟੂਡੈਂਟ ਵੈਲਫੇਅਰ ਦੇ ਡੀਨ ਡਾ. ਅਰਜਨ ਸਿੰਘ ਦੇ ਨਾਲ-ਨਾਲ ਫੈਕਲਟੀ ਮੈਂਬਰ ਵੀ ਹਾਜ਼ਰ ਸਨ। ਮਹਿਫਿਲ ਮੀਡੀਆ ਦੀ ਮੈਨੇਜਿੰਗ ਡਾਇਰੈਕਟਰ ਅਮਨਦੀਪ ਪੰਨੂੰ ਨੇ ਟੈਲੈਂਟ ਹੰਟ ਆਡੀਸਨਾਂ ਲਈ ਸੀਟੀ ਗਰੁੱਪ ਨਾਲ ਸਹਿਯੋਗ ਨੂੰ ਲੈ ਕੇ ਉਤਸ਼ਾਹ ਜਾਹਰ ਕੀਤਾ। ਇਹ ਦੇਖਣਾ ਹੈਰਾਨੀਜਨਕ ਹੈ ਕਿ ਕਿਵੇਂ ਦੁਨੀਆ ਭਰ ਦੇ ਵਿਅਕਤੀ ਆਪਣੀਆਂ ਪੇਸਕਾਰੀਆਂ ਰਾਹੀਂ ਪੰਜਾਬੀ ਸੱਭਿਆਚਾਰ ਅਤੇ ਪਰੰਪਰਾ ਦਾ ਜਸ਼ਨ ਮਨਾਉਣ ਲਈ ਇਕੱਠੇ ਹੋਏ। ਅਸੀਂ 31 ਮਾਰਚ ਨੂੰ ਕੈਨੇਡਾ ਵਿੱਚ ਫਾਈਨਲ ਵਿੱਚ ਹਿੱਸਾ ਲੈਣ ਅਤੇ ਵਿਸਵ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸਨ ਕਰਨ ਲਈ ਉਤਸਾਹਿਤ ਹਾਂ।



# ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਵਿਖੇ ਆਲੂ ਮਹਾਂਉਤਸਵ ਦਾ ਆਯੋਜਨ



ਜਲੰਧਰ (ਇਕਬਾਲ ਸਿੰਘ ਉੱਭੀ)

ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਵਿਖੇ ਆਲੂ ਮਹਾਉਤਸਵ ਦਾ ਆਯੋਜਨ ਕੀਤਾ ਗਿਆ।ਜਿਸ ਦਾ ਮੁੱਖ ਉਦੇਸ਼ ਸਾਡੇ ਭੋਜਨ ਵਿੱਚ ਆਲੂਆਂ ਦੀ ਮਹੱਤਤਾ ਬਾਰੇ ਦੱਸਣਾ ਸੀ ਅਤੇ ਆਲੂਆਂ ਤੋਂ ਅਸੀਂ ਵੱਖ-ਵੱਖ ਤਰ੍ਹਾਂ ਦੇ ਪਕਵਾਨ ਤਿਆਰ ਕਰ ਸਕਦੇ ਹਾਂ।ਸੰਸਥਾ ਦੇ ਐਕਟੀਵਿਟੀ ਕੋਆਰਡੀਨੇਟਰ ਅਤੇ ਐਚ ਓ ਡੀ ਕੀਰਤੀ ਸ਼ਰਮਾ ਨੇ ਦੱਸਿਆ ਕਿ ਭਾਵੇਂ ਹਰ ਸਾਲ ਮਈ ਮਹੀਨੇ ਵਿੱਚ ਆਲੂ ਤਿਉਹਾਰ ਮਨਾਇਆ ਜਾਂਦਾ ਹੈ, ਪਰ ਸਮੇਂ ਨੂੰ ਮੁੱਖ ਰੱਖਦਿਆਂ ਅੱਜ ਇਹ ਤਿਉਹਾਰ ਸੇਂਟ ਸੋਲਜਰ ਵਿੱਚ ਮਨਾਇਆ ਗਿਆ। ਉਨ੍ਹਾਂ ਦੱਸਿਆ ਕਿ ਆਲੂ ਫਾਈਬਰ, ਜ਼ਿੰਕ, ਆਇਰਨ ਅਤੇ ਕੈਲਸ਼ੀਅਮ ਨਾਲ ਭਰਪੂਰ ਹੁੰਦੇ ਹਨ। ਇੰਨਾ ਹੀ ਨਹੀਂ ਇਸ 'ਚ ਪੋਟਾਸ਼ੀਅਮ, ਫਾਸਫੋਰਸ, ਬੀ-ਕੰਪਲੈਕਸ ਦੀ ਭਰਪੂਰ ਮਾਤਰਾ ਹੁੰਦੀ ਹੈ ਜੋ ਸਾਡੀ ਸਿਹਤ ਲਈ ਬਹੁਤ ਫਾਇਦੇਮੰਦ ਮੰਨੇ ਜਾਂਦੇ ਹਨ। ਸ਼ੈੱਫ ਮਨੀਸ਼ ਗੁਪਤਾ ਦੀ ਅਗਵਾਈ ਵਿਚ ਸ਼ੈੱਫ ਅਖਿਲ, ਸ਼ੈੱਫ ਸੌਰਭ, ਸ਼ੈੱਫ ਸ਼ੁਭਮ ਅਤੇ ਵਿਦਿਆਰਥੀਆਂ ਨੇ ਮਿਲ ਕੇ ਆਲੂ ਅਤੇ ਇਸ ਦੇ ਮਿਸ਼ਰਨ, ਵੱਖ-ਵੱਖ ਸਬਜ਼ੀਆਂ, ਮਸਾਲੇ ਆਦਿ ਦੀ ਵਰਤੋਂ ਕਰਕੇ ਸੁਆਦੀ ਪਕਵਾਨ ਤਿਆਰ ਕੀਤੇ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਆਲੂ ਬਰਾਵ, ਆਲੂ 65, ਕ੍ਰਿਸਪੀ ਪੋਟੇਟੋ, ਆਲੂ ਸਲਾਦ, ਮੈਸ਼ਡ ਆਲੂ, ਫ੍ਰੈਂਚ ਆਲੂ, ਆਲੂ ਟੈਕੋਸ, ਕੈਸਲਬੈਚ, ਆਲੂ ਕਲਾਸਿਕ ਆਦਿ ਸ਼ਾਮਲ ਸਨ। ਸੰਸਥਾ ਦੇ ਪ੍ਰਿੰਸੀਪਲ ਡਾ ਸੰਦੀਪ ਲੋਹਾਨੀ ਨੇ ਦੱਸਿਆ ਕਿ ਅਸੀਂ ਆਲੂ ਦੀ ਵਰਤੋਂ ਸਭ ਤੋਂ ਵੱਧ ਕਰਦੇ ਹਾਂ ਪਰ ਆਲੂ ਨੂੰ ਕਦੇ ਵੀ ਉਹ ਮਹੱਤਵ ਨਹੀਂ ਦਿੱਤਾ ਜਾਂਦਾ।ਇਸ ਸਮਾਗਮ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਇਹ ਦਿਖਾਉਣਾ ਹੈ ਕਿ ਇੱਕ ਸਮੱਗਰੀ ਰਾਹੀਂ ਕਿੰਨੀਆਂ ਕਿਸਮਾਂ ਨੂੰ ਪੇਸ਼ ਕੀਤਾ ਜਾ ਸਕਦਾ ਹੈ।ਸਟਾਫ ਮੈਂਬਰ ਮੀਨਾਕਸ਼ੀ ਸ਼ਰਮਾ, ਸਮਾਗਮ ਵਿੱਚ ਵਿਕਾਸ ਸ਼ਰਮਾ, ਰਮਨ, ਗਗਨ, ਰਵੀ ਅਤੇ ਵਿਨੈ ਨੇ ਵੀ ਆਪਣਾ ਯੋਗਦਾਨ ਪਾਇਆ।ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਐਸ ਐਚ ਓ ਇੰਸਪੈਕਟਰ ਊਸ਼ਾ ਰਾਣੀ ਨੇ ਥਾਣਾ ਮੇਹਟੀਆਣਾ ਦਾ ਚਾਰਜ ਸੰਭਾਲਿਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਪੁਲਸ ਥਾਣਾ ਮੇਹਟੀਆਣਾ ਦੇ ਨਵੇਂ ਆਏ ਐਸ ਐਚ ਓ ਇੰਸਪੈਕਟਰ ਮੈਡਮ ਊਸ਼ਾ ਰਾਣੀ ਨੇ ਪੁਲਸ ਥਾਣਾ ਮੇਹਟੀਆਣੇ ਦਾ ਕਾਰਜਭਾਗ ਸੰਭਾਲਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪਹਿਲਾ ਕੰਮ ਇਲਾਕੇ ਵਿਚੋਂ ਨਸ਼ੇ ਦੇ ਸੁਦਾਗਰਾਂ ਨੂੰ ਨੱਥ ਪਾਉਣਾ ਹੋਵੇਗਾ। ਨਸ਼ੇ ਦੇ ਸੁਦਾਗਰਾਂ ਨੂੰ ਵਾਰਨਿੰਗ ਦਿੰਦਿਆਂ ਕਿਹਾ ਕਿ ਉਹ ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿੱਚ ਇਲਾਕੇ 'ਚ ਨਜਾਇਜ਼ ਨਸ਼ਾ ਨਹੀਂ ਵੇਚਣ ਦੇਣਗੇ ਅਤੇ ਲੁੱਟ ਖੋਹ ਕਰਨ ਵਾਲੇ ਅਨਸਰਾਂ ਨੂੰ ਵੀ ਤਾੜਨਾ ਕੀਤੀ ਕਿ ਉਹ ਗਲਤ ਕੰਮਾਂ ਤੋਂ ਗੁਰੇਜ਼ ਕਰਨ ਨਹੀਂ ਤਾਂ ਉਨ੍ਹਾਂ 'ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਲਾਕਾ ਨਿਵਾਸੀ ਨੌਜਵਾਨਾ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਸੜਕ 'ਤੇ ਆਪਣੇ ਮੋਟਰ ਸਾਈਕਲ ਚਲਾਉਂਦੇ ਸਮੇਂ ਪਟਾਕੇ ਮਰਵਾ ਕੇ ਦਹਿਸ਼ਤ ਦਾ ਮਹੌਲ ਨਾ ਪੈਦਾ ਕਰਨ ਅਤੇ ਨਾ ਹੀ ਟ੍ਰੈਕਟਰ ਲੈ ਕੇ ਸੜਕ 'ਤੇ ਚਲਦੇ ਸਮੇਂ ਉੱਚੀ ਅਵਾਜ਼ ਵਿੱਚ ਡੈੱਕ ਆਦਿ ਵਜਾਉਣ, ਜੋ ਹਾਦਸਿਆਂ ਨੂੰ ਸੱਦਾ ਦੇਣ ਹੈ। ਇਹੋ ਜਿਹੇ ਵਹੀਕਲ ਫੜ ਕੇ ਥਾਣੇ ਬੰਦ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਇਲਾਕਾ ਇਲਾਕਾ ਨਿਵਾਸੀਆਂ ਨੂੰ ਪ੍ਰੈਸ ਰਾਹੀਂ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਨਜਾਇਜ਼ ਨਸ਼ਾ ਵੇਚਦਾ ਹੈ ਤਾਂ ਤੁਰੰਤ ਥਾਣੇ ਸੂਚਿਤ ਕਰਨ, ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ। ਛੋਟੀ ਉਮਰ ਦੇ ਬੱਚਿਆ ਨੂੰ ਸਕੂਟਰ , ਮੋਟਰ ਸਾਈਕਲ ਦੇ ਕੇ ਸੜਕਾਂ 'ਤੇ ਨਾ ਭੇਜਿਆ ਜਾਵੇ।



# ਯੂਥ ਫੈਸਟੀਵਲ ਦੌਰਾਨ ਵਿਦਿਆਰਥੀਆਂ ਵੱਲੋਂ ਵੱਖ-ਵੱਖ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)

ਸਰਕਾਰੀ ਬਹੁਤ ਤਕਨੀਕੀ ਕਾਲਜ ਹੁਸ਼ਿਆਰਪੁਰ ਦੇ ਵਿਦਿਆਰਥੀਆਂ ਨੇ 21, 22 ਅਤੇ 23 ਫਰਵਰੀ ਨੂੰ ਸਰਕਾਰੀ ਬਹੁ ਤਕਨੀਕੀ ਕਾਲਜ ਪਟਿਆਲਾ ਵਿਖੇ ਹੋਏ ਰਾਜ ਪੱਧਰੀ ਅੰਤਰ ਬਹੁ-ਤਕਨੀਕੀ ਯੁਵਕ ਮੇਲੇ ਵਿੱਚ ਬਹੁਤ ਸਾਰੇ ਮੁਕਾਬਲਿਆਂ 'ਚ ਜਿੱਤ ਹਾਸਲ ਕੀਤੀ ਹੈ। ਜਿਸ 'ਚ ਗਿੱਧੇ ਦੇ ਮੁਕਾਬਲਿਆਂ ਵਿੱਚ ਦੂਜਾ ਸਥਾਨ, ਭੰਗੜਾ, ਸੋਲੋ ਡਾਂਸ ਅਤੇ ਲੋਕ ਗੀਤ 'ਚ ਵਿਦਿਆਰਥੀਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਪ੍ਰਾਪਤੀ ਤੇ ਕਾਲਜ ਦੇ ਪ੍ਰਿੰਸੀਪਲ ਰਾਜੇਸ ਕੁਮਾਰ ਧੁੰਨਾ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਤੇ ਵਧਾਈ ਦਿੱਤੀ ਅਤੇ ਕਿਹਾ ਕਿ ਤਕਨੀਕੀ ਸਿੱਖਿਆ ਦੀ ਪੜ੍ਹਾਈ ਦੇ ਨਾਲ ਨਾਲ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਹਰ ਤਰ੍ਹਾਂ ਦੇ ਖੇਤਰ ਵਿੱਚ ਅੱਗੇ ਵਧ ਸਕਣ। ਇਸ ਪ੍ਰਾਪਤੀ ਲਈ ਪ੍ਰਿੰਸੀਪਲ ਵੱਲੋਂ ਆਪਣੇ ਕਾਲਜ ਪੱਧਰ ਤੇ ਬਣਾਏ ਟੈਗੋਰ ਆਰਟਸ ਕਲੱਬ ਟੀਮ ਅਤੇ ਵੱਖ-ਵੱਖ ਮੁਕਾਬਲਿਆਂ ਦੇ ਟੀਮ ਇੰਚਾਰਜਾਂ ਅਤੇ ਸਾਰੇ ਵਿਦਿਆਰਥੀਆਂ ਦੇ ਸਹਿਯੋਗ ਦਾ ਧੰਨਵਾਦ ਕੀਤਾ। ਇਸ ਕਾਲਜ ਦੇ ਸਾਰੇ ਵਿਭਾਗੀ ਮੁਖੀਆਂ ਵੱਲੋਂ ਅਤੇ ਸਮੂਹ ਸਟਾਫ ਮੈਂਬਰਾਂ ਵੱਲੋਂ ਵੀ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਗਈ।

CMYK

1March-PAGE-9.qxd 2/29/2024 10:57 PM Page 1



# ਖੇਡਾਂ 'ਚ ਪੰਜਾਬ ਦੀ ਗੁਆਚੀ ਸ਼ਾਨ ਬਹਾਲ ਕਰਨ ਲਈ ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਬੂਰ ਪੈਣਾ ਸ਼ੁਰੂ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਦਾ ਖੇਡਾਂ ਨਾਲ ਗੂੜ੍ਹਾ ਰਿਸ਼ਤਾ ਹੈ। ਇਸ ਧਰਤੀ 'ਤੇ ਪੈਦਾ ਹੋਏ ਖਿਡਾਰੀਆਂ ਨੇ ਦੇਸ਼ ਅਤੇ ਦੁਨੀਆਂ 'ਚ ਨਾਂਅ ਚਮਕਾਇਆ ਹੈ। ਪਿਛਲੇ ਕੁਝ ਦਹਾਕਿਆਂ 'ਚ ਕੌਮੀ ਪੱਧਰ 'ਤੇ ਪੰਜਾਬ ਪਛੜ ਗਿਆ ਸੀ ਜਿਸ ਨੂੰ ਲੈ ਕੇ ਮੌਜੂਦਾ ਸਰਕਾਰ ਬਹੁਤ ਗੰਭੀਰ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਪੰਜਾਬ ਦੀ ਖੇਡਾਂ 'ਚ ਮੁੜ ਪੁਰਾਣੀ ਸ਼ਾਨ ਬਹਾਲ ਕਰਨ ਲਈ ਉਪਰਾਲੇ ਕਰ ਰਹੀ ਹੈ ਜਿਸ ਦੀ ਸ਼ੁਰੂਆਤ ਨਵੀਂ ਖੇਡ ਨੀਤੀ ਤੋਂ ਹੋਈ। ਇਹ ਗੱਲ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇੱਥੇ ਇੱਕ ਖੇਡ ਮੈਗਜ਼ੀਨ ਵੱਲੋਂ ਕਰਵਾਈ 'ਸਪੋਰਟਸ ਕਨਕਲੇਵ' ਦੇ ਉਦਘਾਟਨ ਮੌਕੇ ਕੁੰਜੀਵਤ ਭਾਸ਼ਣ ਦਿੰਦਿਆਂ ਕਹੀ। ਇਸ ਮੌਕੇ ਉਨ੍ਹਾਂ ਵਿਸ਼ਵ ਕੱਪ ਜੇਤੂ ਹਾਕੀ ਓਲੰਪੀਅਨ ਬ੍ਰਿਗੇਡੀਅਰ ਹਰਚਰਨ ਸਿੰਘ ਅਤੇ ਜੂਨੀਅਰ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਉਦੇ ਸਹਾਰਨ ਨੂੰ ਸਨਮਾਨਤ ਵੀ ਕੀਤਾ। ਮੀਤ ਹੇਅਰ ਨੇ ਕਿਹਾ ਕਿ ਸੂਬੇ 'ਚ ਖੇਡ ਸੱਭਿਆਚਾਰ ਪੈਦਾ ਕਰਨ ਲਈਆਂ ਪਿਛਲੇ ਦੋ ਸਾਲਾਂ ਤੋਂ ਨਿਰੰਤਰ ਕੰਮ ਕੀਤੇ ਜਾ ਰਹੇ ਹਨ ਜਿਸ ਦੇ ਸਾਰਥਿਕ ਨਤੀਜੇ ਪਿਛਲੇ ਸਾਲ ਏਸ਼ੀਅਨ ਗੇਮਜ਼ ਦੌਰਾਨ ਸਾਹਮਣੇ ਆਏ ਜਦੋਂ ਪੰਜਾਬ ਦੇ 32 ਖਿਡਾਰੀਆਂ ਨੇ 72 ਸਾਲ ਦੇ ਰਿਕਾਰਡ ਤੋੜਦਿਆਂ 20 ਤਮਗੇ ਜਿੱਤੇ। ਨਵੀਂ ਖੇਡ ਨੀਤੀ ਤਹਿਤ ਹਰ ਖੇਡ ਦੀ ਤਿਆਰੀ ਲਈ ਨਗਦ ਇਨਾਮ ਰਾਸ਼ੀ ਰੱਖੀ ਗਈ। ਪਹਿਲੀ ਵਾਰ ਏਸ਼ੀਅਨ ਗੇਮਜ਼ ਵਿੱਚ ਹਿੱਸਾ ਲੈਣ ਗਏ 58 ਪੰਜਾਬੀ ਖਿਡਾਰੀਆਂ ਨੂੰ ਤਿਆਰੀ ਲਈ 8 ਵੱਖ ਰੁਪਏ ਪ੍ਰਤੀ ਖਿਡਾਰੀ ਦਿੱਤੇ ਗਏ। ਹੁਣ ਓਲੰਪਿਕ ਖੇਡਾਂ ਦੀ ਤਿਆਰੀ ਲਈ 15 ਲੱਖ ਰੁਪਏ ਪ੍ਰਤੀ ਖਿਡਾਰੀ ਦਿੱਤੇ ਜਾਣਗੇ। 1000 ਖੇਡ ਨਰਸਰੀ ਸਥਾਪਤ ਕੀਤੀ ਜਾ ਰਹੀ ਹੈ ਜਿਸ ਵਿੱਚੋਂ ਪਹਿਲੇ ਫੇਜ਼ ਵਿੱਚ 260 ਨਰਸਰੀਆਂ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਖੇਡ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਮੁੱਖ ਧਿਆਨ ਹੇਠਲੇ ਪੱਧਰ ਉੱਤੇ ਪ੍ਰਤਿਭਾ ਦੀ ਸਨਾਖਤ ਕਰ ਕੇ ਉਸ ਨੂੰ ਅੱਗੇ ਵਧਣ ਦੇ ਮੌਕੇ ਦੇਣਾ ਹੈ। ਟਰਾਇਲ ਵੀ ਹਰ ਜਗ੍ਹਾਂ ਲੈ ਕੇ ਜਾ ਰਹੀ ਹੈ। ਜਿਸ ਇਲਾਕੇ ਵਿੱਚ ਜਿਹੜੀ ਖੇਡ ਵੱਧ ਮਕਬੂਲ ਹੈ, ਉਸੇ ਖੇਡ ਦੀ ਨਰਸਰੀ ਦਿੱਤੀ ਜਾ ਰਹੀ ਹੈ ਮੈਡਲ ਜੇਤੂ ਖਿਡਾਰੀਆਂ ਲਈ 500 ਪੋਸਟਾਂ ਦਾ ਵੱਖਰਾ ਕਾਡਰ ਬਣਾਇਆ ਗਿਆ ਹੈ ਜਿਸ ਲਈ ਖਿਡਾਰੀਆਂ ਨੂੰ ਨੌਕਰੀ ਦੀ ਗਾਰੰਟੀ ਮਿਲੇਗੀ। ਉਨ੍ਹਾਂ ਕਿਹਾ ਕਿ ਮਹਿਜ਼ ਦੋ ਸਾਲ ਤੋਂ ਘੱਟ ਵਕਫ਼ੇ ਦੌਰਾਨ ਸਟੇਟ, ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ ਦੇ ਜੇਤੂ 24,164 ਪੰਜਾਬੀ ਖਿਡਾਰੀਆਂ ਨੂੰ ਕੁੱਲ 74.96 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ।



# ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) 4 ਨੂੰ ਕਰੇਗੀ ਵਿਧਾਨ ਸਭਾ ਦਾ ਘਿਰਾਓ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਵੱਲੋਂ ਮੰਗਾਂ ਨੂੰ ਲੈ ਕੇ 4 ਮਾਰਚ ਨੂੰ ਪੰਜਾਬ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ। ਯੂਨੀਅਨ ਦੀ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਨਿਰਲੇਪ ਕੌਰ, ਜਨਰਲ ਸਕੱਤਰ ਕ੍ਰਿਸ਼ਨਾ ਕੁਮਾਰੀ, ਕੈਸ਼ੀਅਰ ਪਰਮਜੀਤ ਕੌਰ ਨੇ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਵਿਖੇ ਰਿਹਾਇਸ਼ ਦਾ ਘਿਰਾਓ ਕਰਨ ਦਾ ਪ੍ਰੋਗਰਾਮ ਬਦਲ ਕੇ ਹੁਣ ਵਿਧਾਨ ਸਭਾ ਦੇ ਘਿਰਾਓ ਵਿੱਚ ਬਦਲ ਦਿੱਤਾ ਗਿਆ ਹੈ। ਯੂਨੀਅਨ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਵਾਅਦੇ ਅਜੇ ਤੱਕ ਪੂਰੇ ਨਹੀਂ ਕੀਤੀ ਗਏ। ਆਗੂਆਂ ਨੇ ਕਿਹਾ ਕਿ 4 ਮਾਰਚ ਦੇ ਵਿਧਾਨ ਸਭਾ ਘਿਰਾਓ ਵਿੱਚ ਸੂਬੇ ਭਰ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਸ਼ਮੂਲੀਅਤ ਕਰਨਗੀਆਂ। ਯੂਨੀਅਨ ਆਗੂਆਂ ਨੇ ਕਿਹਾ ਕਿ ਸਰਕਾਰ ਲਗਾਤਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵਿਰੁੱਧ ਕੰਮ ਕਰ ਰਹੀ ਹੈ। ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਬਿਆਨ ਅਨੁਸਾਰ ਨਰਸਰੀ ਕਲਾਸਾਂ ਦਾ ਆਗਾਜ ਇਸ ਕਰਕੇ ਕੀਤਾ ਜਾ ਰਿਹਾ ਹੈ ਕਿ ਆਂਗਣਵਾੜੀ ਛੱਡਣ ਤੋਂ ਬਾਅਦ ਬੱਚੇ ਤਿੰਨ ਸਾਲ ਦੀ ਉਮਰ ਵਿੱਚ ਹੀ ਪ੍ਰਾਈਵੇਟ ਸਕੂਲਾਂ ਵਿੱਚ ਚਲੇ ਜਾਂਦੇ ਹਨ। ਆਗੂਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਦੋਗਲੀ ਨੀਤੀ ਅਪਣਾਈ ਜਾ ਰਹੀ ਹੈ। ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵੱਲੋਂ ਤਿੰਨ ਤੋਂ ਛੇ ਸਾਲ ਦੇ ਬੱਚੇ ਆਂਗਣਵਾੜੀ ਕੇਂਦਰਾਂ ਵਿੱਚ ਹੀ ਰੱਖਣ ਦਾ ਵਿਸ਼ਵਾਸ ਦਿੱਤਾ ਜਾਂਦਾ ਹੈ ਅਤੇ ਦੂਜੇ ਪਾਸੇ ਆਂਗਣਵਾੜੀ ਕੇਂਦਰਾਂ ਦੀ ਰੀੜ੍ਹ ਦੀ ਹੱਡੀ ਖੋ ਕੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਭਰਤੀ ਕਰਨ ਦਾ ਆਨਲਾਈਨ ਐਲਾਨ ਹੁੰਦਾ ਹੈ। ਜੋ ਕਿ ਚਾਇਲਡ ਰਾਈਟ ਦਾ ਘਾਣ ਹੈ। ਬੱਚਿਆਂ ਦੇ ਚੌਹ ਪੱਖੀ ਵਿਕਾਸ ਲਈ ਜ਼ਰੂਰੀ ਹੈ ਕਿ ਬੱਚੇ ਨੂੰ ਪੰਜ ਸਾਲ ਤੱਕ ਰਸਮੀ ਵਿੱਦਿਆ ਵਿੱਚ ਸ਼ਾਮਲ ਨਾ ਕਰਦੇ ਹੋਏ ਬਚਪਨ ਨੂੰ ਵਧਣ ਫੁੱਲਣ ਦਿੱਤਾ ਜਾਵੇ । ਪਰ ਪੰਜਾਬ ਸਰਕਾਰ ਵੱਲੋਂ ਨਰਸਰੀ ਦੇ ਨਾਮ 'ਤੇ ਸਕੂਲਾਂ ਵਿੱਚ ਭਰਤੀ ਨਾਲ ਆਂਗਣਵਾੜੀਆਂ ਦੀ ਮਹੱਤਤਾ ਖਤਮ ਹੋ ਜਾਂਦੀ ਹੈ। ਸਰਕਾਰ ਦੀਆਂ ਨੀਤੀਆਂ ਲਗਾਤਾਰ ਆਂਗਣਵਾੜੀ ਦੀ ਮਹੱਤਤਾ ਨੂੰ ਅੱਖੋਂ ਪਰੋਖੇ ਕਰ ਰਹੀਆਂ ਹਨ । ਜਿਸ ਨੂੰ ਲੈ ਕੇ ਪ੍ਰਦੇਸ਼ ਦੀਆਂ 54 ਹਜ਼ਾਰ ਵਰਕਰਾਂ ਹੈਲਪਰਾਂ ਵਿੱਚ ਤਿੱਖਾ ਰੋਸ ਹੈ ਕਿਉਂਕਿ ਸਰਕਾਰ ਦੀ ਇਹ ਪ੍ਰਕਿਰਿਆ ਆਂਗਣਵਾੜੀ ਕੇਂਦਰਾਂ ਨੂੰ ਖਾਤਮੇ ਵੱਲ ਲੈ ਕੇ ਜਾਣ ਵਾਲੀ ਹੈ। ਉਨ੍ਹਾ ਕਿਹਾ ਮੰਗਾਂ ਨੂੰ ਲੈ ਕੇ ਵਿਧਾਨ ਸਭਾ ਵੱਲ ਕੂਚ ਕੀਤਾ ਜਾਵੇਗਾ।



## ਛੇ ਕੰਪਨੀਆਂ ਦਾ ਪਲੇਸਮੈਂਟ ਕੈਂਪ ਅੱਜ

**ਮੋਹਾਲੀ, (ਗੁਰਜੀਤ ਬਿੱਲਾ)**- ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕੈਰੀਅਰ ਸੈਂਟਰ, ਐੱਸ ਏ ਐੱਸ ਨਗਰ ਵੱਲੋਂ, ਮੁਥੂਟ ਮਾਈਕ੍ਰੋਫਿਨ ਲਿਮਿ:, ਵੀ5 ਗਲੋਬਲ ਸਰਵਿਸਜ ਪ੍ਰਾਈਵੇਟ ਲਿਮਿ:, ਆਈ ਪ੍ਰੋਸੈਸ, ਪ੍ਰੋਟਾਕ ਸਲਿਊਸ਼ਨਜ, ਸਵੀਗੀ ਇੰਸਟੇਮਾਰਟ, ਅਰਾਈਲ ਟੈਲੀਕਾਮ ਦੇ ਸਹਿਯੋਗ ਨਾਲ ਜ਼ਿਲ੍ਹਾ ਐੱਸ.ਏ.ਐੱਸ ਨਗਰ ਦੇ ਬੇਰੁਜ਼ਗਾਰ ਨੌਜਵਾਨਾਂ ਲਈ ਪਲੇਸਮੈਂਟ ਕੈਂਪ 1 ਮਾਰਚ ਨੂੰ ਡੀ ਬੀ ਈ ਈ, ਦਫ਼ਤਰ, ਕਮਰਾ ਨੰ.461, ਤੀਜੀ ਮੰਜ਼ਲ, ਡੀ. ਸੀ. ਕੰਪਲੈਕਸ, ਸੈਕਟਰ- 76 ਐੱਸ ਏ ਐੱਸ ਨਗਰ (ਮੁਹਾਲੀ) ਵਿਖੇ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਦਸਵੀਂ, ਬਾਰਵੀਂ , ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਉਮੀਦਵਾਰ ਸਵੇਰੇ 10.00 ਵਜੇ ਤੋਂ 1.00 ਵਜੇ ਤੱਕ ਆਪਣੇ ਦਸਤਾਵੇਜ ਲੈ ਕੇ ਪਹੁੰਚਣ।

## ਹੈਰੋਇਨ ਸਮੇਤ ਗ੍ਰਿਫ਼ਤਾਰ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ 50 ਗ੍ਰਾਮ ਹੈਰੋਇਨ ਸਮੇਤ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਨਸ਼ਾ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਸਿਟੀ ਪੁਲਸ ਵੱਲੋਂ ਨਸ਼ਾ ਤਸਕਰਾਂ ਨੂੰ ਫੜਨ ਲਈ ਵਿਸ਼ੇਸ਼ ਚੌਕਸੀ ਵਿੱਢੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੇ ਤਹਿਤ ਪੁਲਸ ਵੱਲੋਂ ਵਾਈ ਪੁਆਇੰਟ ਹਰਨਾਮ ਦਾਸ ਪੁਰਾ ਵਿਖੇ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਇੱਕ ਵਿਅਕਤੀ ਉਨ੍ਹਾਂ ਵੱਲ ਆਉਂਦਾ ਦੇਖਿਆ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਨੌਜਵਾਨ 'ਤੇ ਸ਼ੱਕ ਹੋਣ 'ਤੇ ਪੁਲਸ ਪਾਰਟੀਆਂ ਨੇ ਉਨ੍ਹਾਂ ਨੂੰ ਰੁਕਣ ਲਈ ਕਿਹਾ। ਪੁਲਸ ਪਾਰਟੀ ਨੇ ਉਕਤ ਨੌਜਵਾਨ ਦੀ ਚੈਕਿੰਗ ਕੀਤੀ ਜਿਸ ਦੌਰਾਨ ਉਸ ਕੋਲੋਂ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਵਿਅਕਤੀਆਂ ਦੀ ਪਹਿਚਾਣ ਗੁਰਜੀਤ ਸਿੰਘ ਵਾਸੀ 4722 ਵਾਰਡ ਨੰ 7 ਸ਼ੇਰਪੁਰ ਜੰਡਿਆਲਾ ਗੁਰੂ ਅੰਮ੍ਰਿਤਸਰ ਵਜੋਂ ਕੀਤੀ ਹੋਈ ਹੈ ਨੂੰ ਗ੍ਰਿਫਤਾਰ ਕਰ ਲਿਆ।

## ਕੈਪਟਨ ਅਜੀਤ ਸਿੰਘ ਕੌੜਾ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਭਲਕੇ



**ਕਪੂਰਥਲਾ, (ਹਨੀ)**- ਅੱਖਾਂ ਦੇ ਮਾਹਿਰ ਡਾਕਟਰ ਪਰਮਿੰਦਰ ਸਿੰਘ ਥਿੰਦ ਦੇ ਸਹੁਰਾ ਤੇ ਤੇਜਵਿੰਦਰ ਸਿੰਘ ਕੌੜਾ, ਮਨਮੋਹਨ ਸਿੰਘ ਕੌੜਾ ਤੇ ਬਲਦੇਵ ਸਿੰਘ ਕੌੜਾ ਦੇ ਪਿਤਾ ਕੈਪਟਨ ਅਜੀਤ ਸਿੰਘ ਕੌੜਾ ਜਿਹਨਾਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ, ਦੇ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ 2 ਮਾਰਚ ਨੂੰ ਪਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪਰਿਵਾਰਕ ਸੂਤਰਾਂ ਨੇ ਦੱਸਿਆ ਕਿ ਕੈਪਟਨ ਅਜੀਤ ਸਿੰਘ ਕੌੜਾ ਦੇ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਜੋ ਕਿ 29 ਫ਼ਰਵਰੀ ਨੂੰ ਆਰੰਭ ਹੋਵੇਗਾ।ਜਿਸ ਦੇ ਭੋਗ 2 ਮਾਰਚ ਦਿਨ ਸ਼ਨੀਵਾਰ ਨੂੰ ਉਹਨਾਂ ਦੇ ਗ੍ਰਹਿ ਅਸਥਾਨ ਪਿੰਡ ਬੂਲਪੁਰ ਵਿਖੇ 12 ਤੋਂ 1 ਤੋਂ ਵਜੇ ਤੱਕ ਪਵੇਗਾ।ਇਸ ਉਪਰੰਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ ਪਿੰਡ ਬੂਲਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ।ਜਿਸ ਵਿੱਚ ਵੱਖ ਵੱਖ ਸ਼ਖ਼ਸ਼ੀਅਤਾਂ ਕੈਪਟਨ ਅਜੀਤ ਸਿੰਘ ਕੌੜਾ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੀਆਂ।

# ਪੱਲੇਦਾਰ ਸੂਬੇ ਦੇ ਆਰਥਿਕ ਢਾਂਚੇ ਦਾ ਇੱਕ ਅਹਿਮ ਹਿੱਸਾ : ਕਟਾਰੂਚੱਕ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੱਲੇਦਾਰਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਜੋ ਸੂਬੇ ਦੇ ਆਰਥਿਕ ਢਾਂਚੇ ਦਾ ਅਹਿਮ ਹਿੱਸਾ ਹਨ ਅਤੇ ਜੋ ਕਣਕ ਤੇ ਝੋਨੇ ਦੇ ਸੀਜਨ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਵਿਚਾਰ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਇੱਥੇ ਅਨਾਜ ਭਵਨ ਵਿਖੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਮੌਜੂਦਗੀ 'ਚ ਸਾਂਝੀ ਪੱਲੇਦਾਰ ਮਜ਼ਦੂਰ ਯੂਨੀਅਨ ਪੰਜਾਬ ਨਾਲ ਮੀਟਿੰਗ ਦੀ ਪ੍ਰਧਾਨਗੀ ਦੌਰਾਨ ਪ੍ਰਗਟਾਏ। ਯੂਨੀਅਨ ਵੱਲੋਂ ਉਠਾਈਆਂ ਗਈਆਂ ਵੱਖ-ਵੱਖ ਮੰਗਾਂ 'ਤੇ ਖੁਰਾਕ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਲਈ ਮਜ਼ਦੂਰ ਵਰਗ ਦੀ ਭਲਾਈ ਹਮੇਸ਼ਾ ਹੀ ਪ੍ਰਮੁੱਖ ਤਰਜੀਹ ਰਹੀ ਹੈ। ਸਮਾਜ ਦੇ ਇਸ ਵਰਗ ਪ੍ਰਤੀ ਸਰਕਾਰ ਦੀ ਸੁਹਿਰਦਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਢੋਆ-ਢੁਆਈ ਤੇ ਅਨਲੋਡਿੰਗ ਦੇ ਕੰਮ ਸਬੰਧੀ ਪੱਲੇਦਾਰਾਂ ਲਈ ਤਜਰਬੇ ਦੀ ਸ਼ਰਤ ਨੂੰ ਮੁਆਫ਼ ਕਰ ਦਿੱਤਾ ਗਿਆ ਹੈ ਅਤੇ ਕੇਂਦਰ ਸਰਕਾਰ ਕੋਲ ਮੁੱਦਾ ਉਠਾਉਣ ਉਪਰੰਤ ਮੰਡੀ ਲੇਬਰ ਚਾਰਜਿਜ ਦੀ ਸਮਾਂ ਸੀਮਾ ਸੋਧ ਕੇ 1 ਸਾਲ ਤੈਅ ਕੀਤੀ ਗਈ ਜੋ ਕਿ ਪਹਿਲਾਂ 3 ਸਾਲ ਸੀ। ਇਸ ਮੌਕੇ ਲਾਲ ਚੰਦ ਕਟਾਰੂਚੱਕ ਅਤੇ ਲਾਲਜੀਤ ਸਿੰਘ ਭੁੱਲਰ ਨੇ ਯੂਨੀਅਨਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜਾਇਜ ਮੰਗਾਂ ਨੂੰ ਉਚਿਤ ਪੱਧਰ 'ਤੇ ਉਠਾਇਆ ਜਾਵੇਗਾ ਅਤੇ ਇਹਨਾਂ ਦੇ ਹੱਲ ਲਈ ਪੁਰਜ਼ੋਰ ਯਤਨ ਕੀਤੇ ਜਾਣਗੇ।

# ਪ੍ਰਵਾਸੀ ਭਾਰਤੀ ਸ਼ਾਹੀ ਤੇ ਉਹਨਾਂ ਦੇ ਪਰਵਾਰ ਵੱਲੋਂ ਸਕੂਲ ਨੂੰ ਜਨਰੇਟਰ ਭੇਟ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਅੱਸੀ ਦੇ ਦਹਾਕੇ 'ਚ ਸਰਹਾਲਾ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪੰਜਵੀਂ ਅਤੇ ਹਾਈ ਸਕੂਲ ਤੋਂ ਦਸਵੀਂ ਪਾਸ ਕਰਕੇ ਉਚੇਰੀ ਸਿੱਖਿਆ ਵਿੱਚ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕਰ ਅਮਰੀਕਾ ਜਾ ਵਸੇ ਕਸ਼ਮੀਰ ਸਿੰਘ ਸ਼ਾਹੀ ਆਪਣੇ ਪਿੰਡ ਦੇ ਮੋਹ ਨਾਲ ਉਸੇ ਤਰ੍ਹਾਂ ਹੀ ਜੁੜੇ ਹੋਏ ਹਨ ਜਿਵੇਂ ਉਹ ਕਦੇ ਪਿੰਡੋਂ ਬਾਹਰ ਗਏ ਹੀ ਨਾ ਹੋਣ। ਆਪਣੀ ਪਤਨੀ ਤਲਵਿੰਦਰ ਕੌਰ ਸ਼ਾਹੀ, ਬੇਟੀ ਡਾਕਟਰ ਪਰਲੀਨ ਕੌਰ ਅਤੇ ਪਾਇਲਟ ਬੇਟੇ ਕੀਰਤ ਸਿੰਘ ਸਮੇਤ ਪਰਵਾਰ ਦੇ ਹੋਰ ਮੈਂਬਰਾਂ ਨਾਲ ਆਪਣੇ ਪਿੰਡ ਦੀ ਫੇਰੀ ਦੌਰਾਨ ਕਸ਼ਮੀਰ ਸਿੰਘ ਸ਼ਾਹੀ ਵੱਲੋਂ ਆਪਣੇ ਪਿੰਡ ਦੇ ਸਕੂਲ ਦਾ ਦੌਰਾ ਕੀਤਾ। ਉਹਨਾਂ ਬਹੁਤ ਹੀ ਚਾਅ ਅਤੇ ਉਤਸ਼ਾਹ ਨਾਲ ਆਪਣੇ ਬੱਚਿਆਂ ਨੂੰ ਆਪਣੇ ਸਕੂਲ ਦੀਆਂ ਪੁਰਾਣੀਆਂ ਯਾਦਾਂ ਨਾਲ ਰੂਬਰੂ ਕਰਵਾਇਆ ਅਤੇ ਪਿੰਡ ਦੇ ਹੀ ਸੇਵਾ ਮੁਕਤ ਅਧਿਆਪਕ ਮਾਸਟਰ ਅਵਤਾਰ ਸਿੰਘ ਜੋ ਉਨ੍ਹਾਂ ਨੂੰ ਖਾਸ ਤੌਰ 'ਤੇ ਸਕੂਲ ਲੈ ਕੇ ਆਏ ਸਨ, ਬਾਰੇ ਵੀ ਦੱਸਿਆ ਕਿ ਇਹ ਸਾਨੂੰ ਅੰਗਰੇਜ਼ੀ ਵਿਸ਼ਾ ਪੜ੍ਹਾਉਂਦੇ ਸਨ। ਕਸ਼ਮੀਰ ਸਿੰਘ ਸ਼ਾਹੀ ਦੇ ਪਰਮ ਮਿੱਤਰ ਅਤੇ ਸਿੱਖਿਆ ਵਿਭਾਗ ਦੇ ਉੱਚ ਅਹੁਦੇ ਤੋਂ ਸੇਵਾ ਮੁਕਤ ਹੋਏ ਪ੍ਰਿੰਸੀਪਲ ਸਲਿੰਦਰ ਸਿੰਘ ਵੀ ਇਸ ਮੌਕੇ ਨਾਲ ਆਏ ਅਤੇ ਉਨ੍ਹਾਂ ਕਸ਼ਮੀਰ ਸਿੰਘ ਸ਼ਾਹੀ ਨਾਲ ਆਪਣੀਆਂ ਇਸ ਸਕੂਲ ਵਿੱਚ ਪੜ੍ਹਦਿਆਂ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਵੱਲੋਂ ਸਕੂਲ ਨੂੰ ਅਵਾਜ਼ ਰਹਿਤ ਜਨਰੇਟਰ ਜਿਸ ਦੀ ਕੀਮਤ ਲੱਗਭਗ 2.50 ਲੱਖ ਰੁਪਏ ਹੈ, ਭੇਟ ਕੀਤਾ ਗਿਆ ਜੋ ਕੁਝ ਦਿਨਾਂ ਬਾਅਦ ਸਕੂਲ ਪਹੁੰਚ ਜਾਵੇਗਾ। ਇਸ ਮੌਕੇ ਸਮੂਹ ਸਕੂਲ ਸਟਾਫ ਵੱਲੋਂ ਪਰਵਾਸੀ ਭਾਰਤੀ ਕਸਮੀਰ ਸਿੰਘ ਸਾਹੀ ਅਤੇ ਉਹਨਾਂ ਦੇ ਪਰਵਾਰ ਨੂੰ ਇੱਕ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਸਕੂਲ ਸਟਾਫ ਮੈਂਬਰ ਲੈਕਚਰਾਰ ਸਰਬਜੀਤ ਸਿੰਘ, ਜਰਨੈਲ ਸਿੰਘ, ਮੈਡਮ ਰਜਨੀ ਅਰੋੜਾ, ਅਨੀਤਾ ਕਮਾਰੀ, ਅੰਜੂ ਬਾਲਾ, ਸ਼ਿਮਲਾ ਦੇਵੀ, ਮੈਡਮ ਪ੍ਰਿਆ, ਮਨਜੀਤ ਕੌਰ, ਗੁਰਦੇਵ ਕੌਰ , ਕੰਪਿਊਟਰ ਅਧਿਆਪਕ ਨਰੇਸ਼ ਕੁਮਾਰ, ਪਰਮਿੰਦਰ ਕੁਮਾਰ, ਅਮਨਦੀਪ ਸਿੰਘ, ਕਮਲਜੀਤ ਸਿੰਘ, ਕੈਪਟਨ ਸੁਖਵਿੰਦਰ ਸਿੰਘ, ਕਸਮੀਰ ਸਿੰਘ, ਹਰਜਿੰਦਰ ਅਤੇ ਸੁਨੀਲ ਕੁਮਾਰ ਹਾਜ਼ਰ ਸਨ।



# ਪੀ ਸੀ ਐਮ ਐਸ ਡੀ ਕਾਲਜ ਨੇ 'ਮਾਤ-ਪਿਤਾ ਸੰਤਾਨ ਦਿਵਸ' ਮਨਾਇਆ

**ਜਲੰਧਰ (ਇਕਬਾਲ ਸਿੰਘ ਉੱਭੀ)** ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਦੀ ਪੇਰੈਂਟ ਟੀਚਰ ਐਸੋਸੀਏਸ਼ਨ ਨੇ ਆਈਕਿਊਏਸੀ ਦੀ ਅਗਵਾਈ ਹੇਠ 'ਮਾਤ ਪਿਤਾ ਸੰਤਾਨ ਦਿਵਸ' ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ। ਇਸ ਮੌਕੇ ਨੇ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਨੂੰ ਮਾਪਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ ਸਾਡੇ ਜੀਵਨ ਨੂੰ ਆਕਾਰ ਦੇਣ ਵਿੱਚ ਉਨ੍ਹਾਂ ਦੀ ਅਮੁੱਲ ਭੂਮਿਕਾ ਨੂੰ ਸਵੀਕਾਰ ਕਰਨ ਦਾ ਮੌਕਾ ਪ੍ਰਦਾਨ ਕੀਤਾ। ਸਮਾਗਮ ਦੀ ਸ਼ੁਰੂਆਤ ਮੈਡਮ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸਰ ਦੇ ਰਸਮੀ ਭਾਸ਼ਣ ਨਾਲ ਹੋਈ। ਉਸਨੇ ਮਾਪਿਆਂ ਦੇ ਪਿਆਰ, ਮਾਰਗਦਰਸ਼ਨ ਅਤੇ ਕੁਰਬਾਨੀਆਂ ਲਈ ਧੰਨਵਾਦ ਅਤੇ ਪ੍ਰਸ਼ੰਸਾ ਪ੍ਰਗਟ ਕੀਤੀ, ਪਰਿਵਾਰਕ ਰਿਸ਼ਤਿਆਂ ਅਤੇ ਕਦਰਾਂ-ਕੀਮਤਾਂ ਦੀ ਮਹੱਤਤਾ ਦੀ ਡੂੰਘੀ ਸਮਝ ਨੂੰ ਉਤਸ਼ਾਹਿਤ ਕੀਤਾ। ਵਡਿਆਈ ਵਾਲਾ ਪਲ ਪ੍ਰਤੀਬਿੰਬ, ਸ਼ੁਕਰਗੁਜ਼ਾਰੀ, ਅਤੇ ਪਰਿਵਾਰਕ ਬੰਧਨਾਂ ਦੇ ਜਸ਼ਨ ਨਾਲ ਭਰੇ ਇੱਕ ਦਿਨ ਲਈ ਟੋਨ ਸੈੱਟ ਕਰਦਾ ਹੈ। ਵਿਦਿਆਰਥੀਆਂ ਨੇ ਆਪਣੇ ਮਾਤਾ-ਪਿਤਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਕਵਿਤਾਵਾਂ ਗਾਏ ਅਤੇ ਦਿਲੀ ਭਾਸ਼ਣ ਸੁਣਾਏ ਅਤੇ ਇਸ ਪਵਿੱਤਰ ਦਿਹਾੜੇ 'ਤੇ ਉਨ੍ਹਾਂ ਦੇ ਅਟੁੱਟ ਪਿਆਰ ਅਤੇ ਸਮਰਥਨ ਲਈ ਧੰਨਵਾਦ ਅਤੇ ਪ੍ਰਸ਼ੰਸਾ ਪ੍ਰਗਟ ਕੀਤੀ। ਉਹਨਾਂ ਨੇ ਨਿੰਜੀ ਕਿੱਸੇ ਅਤੇ ਪ੍ਰਤੀਬਿੰਬ ਵੀ ਸਾਂਝੇ ਕੀਤੇ, ਮਾਤਾ-ਪਿਤਾ-ਬੱਚੇ ਦੀ ਗਤੀਸ਼ੀਲਤਾ ਦੀਆਂ ਜਟਿਲਤਾਵਾਂ ਦੀ ਡੂੰਘੀ ਸਮਝ ਨੂੰ ਉਤਸ਼ਾਹਿਤ ਕਰਦੇ ਹੋਏ। ਸੈਸ਼ਨ ਦੀ ਸਮਾਪਤੀ 'ਤੇ ਹਿੰਦੀ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ: ਨੀਨਾ ਮਿੱਤਲ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸਰ ਨੇ ਐਸੋਸੀਏਸ਼ਨ ਦੇ ਮੈਂਬਰਾਂ ਅਤੇ ਆਈਕਿਊਏਸੀ ਨੂੰ ਚੁਣੌਤੀਆਂ ਅਤੇ ਵਿਦਿਆਰਥੀਆਂ 'ਚ ਖੁੱਲ੍ਹੇ ਗੱਲਬਾਤ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨ ਲਈ ਸ਼ਲਾਘਾ ਕੀਤੀ।



## 'ਨਵੇਂ ਵਪਾਰਾਂ ਦੀ ਸਫਲਤਾ ਤੇ ਨਾਕਾਮੀ ਦੇ ਕਾਰਨ' ਵਿਸ਼ੇ 'ਤੇ ਸੈਮੀਨਾਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪੀ ਟੀ ਐਮ ਆਰਿਆ ਕਾਲਜ ਭਾਂਡਾਲ ਰੋਡ ਨੂਰਮਹਿਲ ਵਿਖੇ ਚਲ ਰਹੇ ਰੋਜ਼ਗਾਰ ਯੋਗਤਾ ਵਧਾਓ ਪ੍ਰੋਗਰਾਮ ਤਹਿਤ ਕੋਮਰਸ ਵਿਭਾਗ ਵਲੋਂ 'ਨਵੇਂ ਉੱਧਮੀਆਂ ਦੀਆਂ ਸਫਲਤਾ ਅਤੇ ਨਾਕਾਮੀਆਂ' ਵਿਸ਼ੇ 'ਤੇ ਭਾਸ਼ਣ ਕਰਵਾਇਆ ਗਿਆ ਜਿਸ ਵਿੱਚ ਕਾਲਜ ਦੇ ਨਿਰਦੇਸ਼ਕ ਪ੍ਰੋ. ਆਰ ਕੇ ਜੈਨ ਨੇ ਕਿਹਾ ਕਿ ਨਵੀਂ ਤਕਨੋਲੋਜੀ ਦੀ ਮਦਦ ਨਾਲ ਅੱਜ ਲੱਖਾਂ ਨੌਜਵਾਨ ਨਵੇਂ ਰੋਜਗਾਰ ਖੋਲ੍ਹ ਕੇ ਸਫਲ ਹੋ ਰਹੇ ਹਨ। ਇਸ ਵਿੱਚ ਬਾਜ਼ਾਰ ਦੀ ਸਮਝ, ਆਰਥਕ ਸਮਰੱਥਾ ਅਤੇ ਸਾਥੀਆਂ ਦਾ ਸਾਥ ਕੰਮ ਆਉਂਦਾ ਹੈ। ਕਮਰਸ ਵਿਭਾਗ ਦੇ ਪ੍ਰੋ ਕਮਲਜੀਤ ਕੌਰ ਮੁੱਖ ਵਕਤਾ ਸਨ। ਉਨ੍ਹਾਂ ਨੇ ਉਘੇ ਵਪਾਰੀ ਕਰਸਨ ਭਾਈ ਪਟੇਲ, ਅਨੁਪਮ ਮਿੱਤਲ ਅਮਨ ਗੁਪਤਾ ਅਤੇ ਵਨੀਤਾ ਸਿੰਘ ਦੇ ਵਿਉਪਾਰ ਦੀਆਂ ਸਫਲਤਾ ਅਤੇ ਨਾਕਾਮੀ ਦੇ ਕਾਰਨਾ ਦਾ ਵਿਸਥਾਰ ਨਾਲ ਉਲੇਖ ਕੀਤਾ। ਇਸੇ ਵਿਭਾਗ ਦੇ ਮੁਖੀ ਸ਼੍ਰੀਮਤੀ ਅਮਨਦੀਪ ਕੌਰ ਨੇ ਸਾਰੇ ਸਰੋਤਿਆਂ ਨੂੰ ਜੀ ਆਇਆਂ ਆਖਿਆ, ਪ੍ਰੋ. ਪ੍ਰਤੀਗਿਆ ਮਿੱਤੂ ਨੇ ਮੰਚ ਸੰਚਾਲਨ ਸਮਬਾਲਿਆ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

# ਹਰਮਿੰਦਰ ਸਿੰਘ ਬਖਸ਼ੀ ਦੀ ਬਤੌਰ ਉਪ ਚੇਅਰਮੈਨ ਨਿਯੁਕਤੀ ਨਾਲ ਹੱਲ ਹੋਣਗੇ ਸਨਅਤਕਾਰਾਂ ਦੇ ਮਸਲੇ : ਅਸ਼ੋਕ ਭਾਟੀਆ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਕਪੂਰਥਲਾ ਇਕਾਈ ਦੇ ਸਕੱਤਰ ਅਸ਼ੋਕ ਭਾਟੀਆ ਅਤੇ ਮਾਰਕਿਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਨੇ ਚੰਡੀਗੜ੍ਹ ਵਿਖੇ ਆਯੋਜਿਤ ਸਮਾਗਮ ਦੌਰਾਨ ਹੁਸ਼ਿਆਰਪੁਰ ਲੋਕਸਭਾ ਹਲਕਾ ਇੰਚਾਰਜ ਹਰਮਿੰਦਰ ਸਿੰਘ ਬਖਸ਼ੀ ਨੂੰ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਦਾ ਉਪ ਚੇਅਰਮੈਨ ਨਿਯੁਕਤ ਕੀਤੇ ਜਾਣ ਤੋਂ ਬਾਅਦ ਅਹੁਦਾ ਸੰਭਾਲਣ ਮੌਕੇ ਆਪਣੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਸਮਾਗਮ ਵਿੱਚ ਸ਼ਿਰਕਤ ਕਰਨ ਤੋਂ ਬਾਅਦ ਵਾਪਸ ਪਰਤੇ ਅਸ਼ੋਕ ਭਾਟੀਆ ਨੇ ਗੱਲਬਾਤ ਦੌਰਾਨ ਦੱਸਿਆ ਕਿ ਹਰਮਿੰਦਰ ਸਿੰਘ ਦੇ ਉਪ ਚੇਅਰਮੈਨ ਬਣਨ ਨਾਲ ਨਾ ਸਿਰਫ਼ ਪੰਜਾਬ ਦੇ ਉਦਯੋਗਾਂ ਦਾ ਵਿਕਾਸ ਹੋਵੇਗਾ ਸਗੋਂ ਉਦਯੋਗਪਤੀਆਂ ਦੀਆਂ ਸਮੱਸਿਆਵਾਂ ਨੂੰ ਜਲਦੀ ਹੱਲ ਕਰਨ ਵਿੱਚ ਵੀ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਿੱਥੇ ਸੂਬੇ ਵਿੱਚ ਵੱਡੇ ਉਦਯੋਗ ਸਥਾਪਤ ਕਰਨ ਵੱਲ ਵਧ ਰਹੀ ਹੈ, ਉੱਥੇ ਹੀ ਛੋਟੇ ਉਦਯੋਗਾਂ ਨੂੰ ਹਰ ਸੰਭਵ ਸਹੂਲਤਾਂ ਦੇਣ ਲਈ ਵੀ ਦ੍ਰਿੜ ਸੰਕਲਪ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਯਤਨਾਂ ਸਦਕਾ ਸੂਬੇ ਵਿੱਚ ਕਈ ਵੱਡੇ ਉਦਯੋਗਿਕ ਪਲਾਂਟ ਸਥਾਪਿਤ ਹੋ ਰਹੇ ਹਨ। ਜਿਸ ਦੇ ਚੱਲਦਿਆਂ ਪੰਜਾਬ ਦੀ ਆਰਥਿਕਤਾ ਵਿੱਚ ਸੁਧਾਰ ਹੋਵੇਗਾ ਅਤੇ ਪੰਜਾਬ ਦੇ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਵੀ ਵੱਡੀ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਮਿਲਣਗੇ।



# ਸ੍ਰੀ ਗੁਰੂ ਰਵੀਦਾਸ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਸਾਹਕੋਟ (ਗਿਆਨ ਸੈਦਪੁਰੀ)**

ਸ੍ਰੀ ਗੁਰੂ ਰਵੀਦਾਸ ਧਰਮਸ਼ਾਲਾ ਵੈਲਫੇਅਰ ਸੁਸਾਇਟੀ (ਰਜਿ.) ਮੁਹੱਲਾ ਆਜ਼ਾਦ ਨਗਰ ਸਾਹਕੋਟ ਵੱਲੋਂ ਬੁੱਧਵਾਰ ਨੂੰ ਸ੍ਰੀ ਗੁਰੂ ਰਵੀਦਾਸ ਜੀ 647ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪੈਣ ਉਪਰੰਤ ਭਾਈ ਦਰਸਨ ਸਿੰਘ ਅਮਨ ਨਕੋਦਰ ਵਾਲਿਆਂ ਦੇ ਕੀਰਤਨੀ ਜਥੇ ਨੇ ਕਥਾ ਕੀਰਤਨ ਰਾਹੀਂ ਗੁਰੂ ਰਵੀਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਸਮਾਗਮ 'ਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਗੁਰੂ ਰਵੀਦਾਸ ਦੀਆਂ ਸਿੱਖਿਆਵਾਂ 'ਤੇ ਚੱਲਣਾ ਚਾਹੀਦਾ ਹੈ। ਉਨ੍ਹਾਂ ਸੁਸਾਇਟੀ ਅਤੇ ਆਈਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਹੋਰਨਾਂ ਤੋ ਇਲਾਵਾ ਗੁਰਮੇਜ ਲਾਲ ਹੀਰ ਪ੍ਰਧਾਨ, ਜੈ ਰਾਜ ਚੇਅਰਮੈਨ, ਪ੍ਰੀਤਮ ਦਾਸ ਸੀਨੀਅਰ ਮੀਤ ਪ੍ਰਧਾਨ, ਗੁਰਦੇਵ ਚੰਦ ਪ੍ਰੈਸ ਸਕੱਤਰ, ਲਖਵੀਰ ਸਿੰਘ, ਸੁਰਜੀਤ ਸਿੰਘ ਖਜਾਨਚੀ, ਜਸਵੰਤ ਰਾਏ, ਠੇਕੇਦਾਰ ਅਵਤਾਰ ਸਿੰਘ, ਨਗਰ ਪੰਚਾਇਤ ਸਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ ਰਿਹਾਨ, ਗੁਲਜਾਰ ਸਿੰਘ ਥਿੰਦ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸਾਹਕੋਟ, ਡਾ ਅਰਵਿੰਦਰ ਸਿੰਘ ਰੂਪਰਾ ਪ੍ਰਧਾਨ ਗੁਰਦਵਾਰਾ ਸਿੰਘ ਸਭਾ ਸਾਹਕੋਟ, ਸੁਖਦੀਪ ਸਿੰਘ ਕੰਗ ਪੀ.ਏ, ਰੋਮੀ ਗਿੱਲ ਸਾਬਕਾ ਐਮ. ਸੀ, ਬੰਟੀ ਬਠੱਲਾ ਪ੍ਰਧਾਨ ਅਰੋੜਾ ਮਹਾਂ ਸਭਾ ਸਾਹਕੋਟ, ਮਨਜੀਤ ਸਿੰਘ ਸੱਤਾ ਟਰਾਂਸਪੋਟਰ, ਕੁਲਬੀਰ ਸਿੰਘ ਧੰਜੂ, ਪਵਨ ਅੱਗਰਵਾਲ ਸਾਬਕਾ ਐਮ. ਸੀ, ਸੁੱਖਾ ਢੇਸੀ, ਸੈਂਟੀ ਚਾਵਲਾ ਆਦਿ ਹਾਜਰ ਸਨ। ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਵਿਸੇਸ ਤੌਰ 'ਤੇ ਹਾਜ਼ਰ ਹੋਏ। ਜਿਨ੍ਹਾਂ 'ਚ ਮਾਰਕਿਟ ਕਮੇਟੀ ਸਾਹਕੋਟ ਦੇ ਚੇਅਰਮੈਨ ਬਲਬੀਰ ਸਿੰਘ ਢੰਡੋਵਾਲ, ਅਜਾਦ ਸਪੋਰਟਸ ਕਲੱਬ ਦੇ ਪ੍ਰਧਾਨ ਅਤੇ ਸੀਨੀਅਰ ਆਗੂ ਬੂਟਾ ਸਿੰਘ ਕਲਸੀ, ਹਰਦੇਵ ਸਿੰਘ ਪੀਟਾ ਅਤੇ ਮਾਸਟਰ ਜਤਿੰਦਰਪਾਲ ਸਿੰਘ ਬੱਲ੍ਹਾ(ਦੋਵੇਂ ਨਗਰ ਪੰਚਾਇਤ ਸਾਹਕੋਟ ਦੇ ਸਾਬਕਾ ਐਮ. ਸੀ), ਕੁਲਵੰਤ ਸਿੰਘ ਢੰਡੋਵਾਲ ਸੂਬਾ ਪ੍ਰਧਾਨ ਡਾ ਬੀ. ਆਰ ਅੰਬੇਡਕਰ ਆਰਮੀ, ਅਸੀਸ ਅੱਗਰਵਾਲ, ਡਾ ਰਮੇਸ ਹੰਸ, ਨਵਨੀਤ ਸੋਹਤਾ, ਰੂਪ ਲਾਲ ਸਰਮਾ ਆਦਿ ਮੌਜੂਦ ਸਨ।



ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਅਤੇ ਹੋਰਨਾ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਇਆ

**ਆਦਮਪੁਰ ( ਪਰਮਜੀਤ ਸਿੰਘ )**-ਸਤਿਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਮੌਕੇ ਪਿੰਡ ਹਰੀਪੁਰ ਵਿੱਚ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਬੀਬੀ ਸਰੀਫਾਂ ਜੀ ਉਦੇਸੀਆਂ ਵਾਲਿਆਂ ਨੇ ਸ਼ਿਰਕਤ ਕਰ ਪਿੰਡ 'ਚ ਨਗਰ ਕੀਰਤਨ ਸ਼ੁਰੂ ਹੋਣ ਤੋਂ ਪਹਿਲਾ ਸਤਿਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਦੀ ਖ਼ੁਸ਼ੀ ਮੌਕੇ ਕੇਕ ਕੱਟਣ ਦੀ ਰਸਮ ਅਦਾ ਕੀਤੀ। ਉਪਰੰਤ ਨਗਰ ਕੀਰਤਨ ਪੂਰੇ ਪਿੰਡ ਦੀ ਪਰਿਕਰਮਾ ਕਰ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦਾ ਸਵਾਗਤ ਪਿੰਡ 'ਚ ਵੱਖ ਵੱਖ ਥਾਵਾਂ 'ਤੇ ਸੰਗਤਾਂ ਵੱਲੋਂ ਫੁੱਲਾ ਦੀ ਵਰਖਾ ਕਰ ਤੇ ਲੰਗਰ ਲਗਾ ਕੇ ਕੀਤਾ। ਇਸ ਮੌਕੇ ਭਾਈ ਜਸਵੀਰ ਸਿੰਘ ਟਾਂਡੇ ਵਾਲਿਆਂ ਦੇ ਕੀਰਤਨੀ ਜੱਥੇ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਦੀ ਜੀਵਨੀ ਉੱਤੇ ਚਾਨਣਾ ਪਾਇਆ ਗਿਆ। ਇਸ ਮੌਕੇ ਕੈਪਟਨ ਗੁਰਬਖਸ਼ ਸਿੰਘ, ਤਰਸੇਮ ਲਾਲ, ਗੁਰਮੁੱਖ ਸਿੰਘ, ਬਲਜੀਤ ਸਿੰਘ ਕੌਲ, ਅਮਰਜੀਤ ਕੌਰ, ਸਿਮਰੋ, ਮਹਿੰਗਾ ਰਾਮ ਅਤੇ ਸਟੇਜ ਸੈਕਟਰੀ ਕੈਪਟਨ ਪ੍ਰਿਤਪਾਲ ਸਿੰਘ, ਦਵਿੰਦਰ ਸਿੰਘ, ਜਰਸਮ ਸਿੰਘ ਕਲੇਰ, ਜੈਪਾਲ ਸਿੰਘ, ਮਲਕੀਤ ਸਿੰਘ, ਜਗਜੀਤ ਸਿੰਘ, ਅਮਰੀਕ ਸਿੰਘ, ਸੰਤੋਖ ਲਾਲ,ਗੋਪੀ ਢੰਡਾ, ਸੋਹਿਲ ਢੰਡਾ, ਮੋਹਿਤ ਕਲੇਰ ਅਤੇ ਅਮਰਜੀਤ ਸਿੰਘ ਤੇ ਹੋਰ ਸੰਗਤਾਂ ਹਾਜ਼ਰ ਸਨ।



## ਪੀ ਸੀ ਐਮ ਐਸ ਡੀ ਕਾਲਜ ਫ਼ਾਰ ਵੂਮੈਨ ਨੇ ਵਿਸ਼ਵ ਐਨ ਜੀ ਓ ਦਿਵਸ ਮਨਾਇਆ

**ਜਲੰਧਰ (ਇਕਬਾਲ ਸਿੰਘ ਉੱਭੀ)**-ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ, ਜਲੰਧਰ ਦੇ ਯੂਥ ਕਲੱਬ ਨੇ ਆਈ ਕਿਊ ਏ ਸੀ ਦੀ ਯੋਗ ਅਗਵਾਈ ਹੇਠ, ਇਸ ਦੇ ਸਹਿਯੋਗੀ ਐਨ ਜੀ ਓਜ਼ ਦੇ ਅਮੁੱਲ ਸਹਿਯੋਗ ਅਤੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਵਿਸ਼ਵ ਐਨ ਜੀ ਓ ਦਿਵਸ ਨੂੰ ਉਤਸ਼ਾਹ ਨਾਲ ਮਨਾਇਆ।ਸਮਾਗਮ ਨੂੰ ਵੱਖ-ਵੱਖ ਐਨ ਜੀ ਓ ਦੀ ਨੁਮਾਇੰਦਗੀ ਕਰਨ ਵਾਲੇ ਮਾਣਯੋਗ ਮਹਿਮਾਨਾਂ ਦੇ ਸਨਮਾਨ ਦੁਆਰਾ ਚਿੰਨ੍ਹਿਤ ਕੀਤਾ ਗਿਆ।ਸੁਰਿੰਦਰ ਸੈਣੀ ਜਨਰਲ ਸਕੱਤਰ ਜਲੰਧਰ ਵੈਲਫੇਅਰ ਸੁਸਾਇਟੀ, ਡਾ. ਅਲਫਾ ਮਹਿੰਦਰੂ ਫਾਊਂਡੇਸ਼ਨ ਦੇ ਪ੍ਰਧਾਨ ਰਮੇਸ਼ ਮਹਿੰਦਰੂ, ਸ਼੍ਰੀਮਤੀ ਪਰਵੀਨ ਅਬਰੋਲ, ਪ੍ਰਧਾਨ ਦਿਵਿਆ ਦ੍ਰਿਸ਼ਟੀ, ਐਡਵੋਕੇਟ ਨਵਜੋਤ ਅਤੇ ਐਡਵੋਕੇਟ ਨਿਕਿਤਾ, ਮੈਂਬਰ ਮਹਿਲਾ ਹੈਲਪਰ ਆਰਗੇਨਾਈਜੇਸ਼ਨ ਅਤੇ ਸੰਜੀਵ ਥਮਨ, ਪ੍ਰਧਾਨ, ਮਾਨਵਤਾ ਇਸ ਸਮਾਗਮ ਦੇ ਮਹਿਮਾਨ ਸਨ।ਇਸ ਮੌਕੇ ਦੀ ਸ਼ੁਰੂਆਤ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਦੁਆਰਾ ਇਨ੍ਹਾਂ ਸੰਸਥਾਵਾਂ ਦੇ ਨਿਰਸਵਾਰਥ ਯਤਨਾਂ ਨੂੰ ਮਾਨਤਾ ਦੇਣ ਅਤੇ ਪ੍ਰਸ਼ੰਸਾ ਕਰਦੇ ਹੋਏ ਨਿੱਘਾ ਸੁਆਗਤ ਨਾਲ ਕੀਤੀ ਗਈ।ਧੰਨਵਾਦ ਦਾ ਮਤਾ ਯੂਥ ਕਲੱਬ ਦੀ ਇੰਚਾਰਜ ਡਾ.ਨੀਨਾ ਮਿੱਤਲ ਨੇ ਦਿੱਤਾ। ਸਟੇਜ ਦਾ ਸੰਚਾਲਨ ਸ਼੍ਰੀਮਤੀ ਦਿਵਿਆ ਬੁਧੀਆ ਨੇ ਬਾਖੂਬੀ ਨਿਭਾਇਆ।ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ-ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਮਾਣਯੋਗ ਮੈਂਬਰਾਂ ਅਤੇ ਯੋਗ ਪ੍ਰਿੰਸੀਪਲ ਨੇ ਇਸ ਸਮਾਗਮ ਦੇ ਸਫਲ ਆਯੋਜਨ ਦੀ ਸ਼ਲਾਘਾ ਕੀਤੀ। ਉਹਨਾਂ ਨੇ ਇਹ ਵੀ ਕਿਹਾ ਕਿ ਉਹ ਅਜਿਹੀਆਂ ਭਾਈਵਾਲੀ ਨੂੰ ਪਾਲਣ ਲਈ ਵਚਨਬੱਧ ਹਨ ਜੋ ਕਮਿਊਨਿਟੀ ਅਤੇ ਇਸ ਤੋਂ ਬਾਹਰ ਦੀ ਬਿਹਤਰੀ ਵਿੱਚ ਯੋਗਦਾਨ ਪਾਉਂਦੇ ਹਨ।



## ਆਸਟਰੇਲੀਆ ਤੋਂ ਆਏ ਹੋਏ ਮਹਿਮਾਨਾਂ ਦਾ ਕੀਤਾ ਧੰਨਵਾਦ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਆਸਟ੍ਰੇਲੀਆ ਤੋਂ ਆਏ ਡਾ. ਨਰੇਸ਼ ਮਹਿਰੋਕ, ਸੁਭਾਸ਼ ਮਹਿਰੋਕ ਅਤੇ ਸੰਦੀਪ ਮਹਿਰੋਕ ਨੂੰ ਹੁਸ਼ਿਆਰਪੁਰ ਵਿਖੇ ਫਰਟੀਫਾਇਰ ਐਗਰੀਕਲਚਰ ਟੈਕਨੋਕਰੇਟਸ ਐਸੋਸਿਏਸ਼ਨ ਵੱਲੋਂ ਜੀ ਆਇਆਂ ਕਹਿੰਦਿਆਂ ਇਕ ਸੰਖੇਪ ਮਿੱਤਰ ਮਿਲਣੀ ਕੀਤੀ ਗਈ ਹੈ। ਮੀਟਿੰਗ ਵਿੱਚ ਦੇਸ਼ ਵਿਦੇਸ਼ ਦੀਆਂ ਯਾਦਾਂ ਭਰੇ ਤਜਰਬੇ ਸਾਂਝੇ ਕੀਤੇ ਗਏ। ਤਿੰਨਾ ਮਹਿਮਾਨਾਂ ਨੂੰ ਰਾਟਾ ਲੋਗੋ ਵਾਲੇ ਮੋਮੈਂਟੋ ਨਾਲ ਸਨਮਾਨਿਤ ਕੀਤਾ ਗਿਆ। ਡਾ. ਨਰੇਸ਼ ਮਹਿਰੋਕ ਨੇ ਦੱਸਿਆ ਕਿ ਸਿਡਨੀ 'ਚ ਆਏ ਹਰੇਕ ਖੇਤੀ ਟੈਕਨੋਕਰੇਟ ਨੂੰ ਮਾਣ ਸਨਮਾਨ ਨਾਲ ਸਵਾਗਤ ਕਰਕੇ ਵਿਦੇਸ਼ ਯਾਤਰਾ ਨੂੰ ਯਾਦਗਾਰੀ ਬਣਾਇਆ ਜਾਂਦਾ ਹੈ। ਇਹ ਵਰਨਣਯੋਗ ਹੈ ਕਿ ਡਾ. ਜਸਬੀਰ ਸਿੰਘ ਪਰਮਾਰ, ਡਾ ਸੁਖਦੇਵ ਸਿੰਘ ਢਿੱਲੋਂ ਅਤੇ ਡਾ. ਗੁਰਵਿੰਦਰ ਸਿੰਘ ਬਾਜਵਾ ਆਪਣੀਆਂ ਵਿਦੇਸ਼ੀ ਯਾਤਰਾਵਾਂ 'ਚ ਇਹ ਮਾਣ ਪ੍ਰਾਪਤ ਕਰ ਚੁੱਕੇ ਹਨ। ਏਸੇ ਸੰਦਰਭ 'ਚ ਭਾਈਚਾਰਾ ਉਸਾਰਨ ਲਈ ਨਿੱਗਰ ਨਰੋਏ ਕਦਮ ਅੱਗੇ ਵਧਾਉਣ ਦੀ ਰੀਤ ਚਲਾਈ ਰਖਣਾ ਇਕਜੁੱਟ ਸਮਾਜਿਕ ਸਿਰਜਣਾ ਦਾ ਮਹੱਤਵਪੂਰਨ ਵਰਤਾਰਾ ਹੈ। ਇਸ ਵੈਲਕੰਮ ਮੀਟਿੰਗ 'ਚ ਡਾ: ਪਰਮਿੰਦਰ ਸਿੰਘ ਗਰੇਵਾਲ, ਡਾ. ਚਮਨ ਲਾਲ ਵਸ਼ਿਸ਼ਟ, ਡਾ ਕਿਸ਼ੋਰੀ ਲਾਲ, ਡਾ. ਮਨਜਿੰਦਰ ਇਕਬਾਲ ਸਿੰਘ ਧਾਮੀ, ਡਾ. ਨਰੇਸ਼ ਕੁਮਾਰ ਸ਼ਾਮਲ ਸਨ।



# ਬੇਲਾ ਕਾਲਜ ਦੀ ਵਿਦਿਆਰਥਣ ਦਾ ਖੇਲੋ ਇੰਡੀਆ 'ਚ ਸ਼ਾਨਦਾਰ ਪ੍ਰਦਰਸ਼ਨ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**

ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੀ ਬੀ ਏ ਤੀਜੇ ਸਾਲ ਦੀ ਵਿਦਿਆਰਥਣ ਅਰਸ਼ਦੀਪ ਕੌਰ ਨੇ ਚੌਥੀ ਖੇਲੋ ਇੰਡੀਆ ਯੂਨੀਵਰਸਿਟੀ ਗੇਮਜ਼ ਜੋ ਕਿ ਗੁਹਾਟੀ ਤੇ ਆਸਾਮ ਵਿੱਚ ਹੋਈਆਂ, ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ 25 ਮੀਟਰ ਏਅਰ ਪਿਸਟਲ ਮੁਕਾਬਲਿਆਂ ਵਿੱਚ ਅਰਸ਼ਦੀਪ ਕੌਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਟੀਮ ਦੀ ਪ੍ਰਤੀਨਿਧਤਾ ਕਰਦਿਆਂ ਸੋਨ ਤਗਮਾ ਜਿੱਤ ਕੇ ਸਾਰੇ ਪੰਜਾਬ ਅਤੇ ਕਾਲਜ ਦਾ ਨਾਮ ਰੌਸ਼ਨ ਕੀਤਾ । ਇਸ ਦੇ ਨਾਲ ਹੀ ਉਕਤ ਵਿਦਿਆਰਥਣ ਨੇ 10 ਮੀਟਰ ਏਅਰ ਪਿਸਟਲ ਮੁਕਾਬਲਿਆਂ ਵਿੱਚ ਮਿਕਸਡ ਟੀਮ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇਸ ਵਿੱਚ ਵੀ ਸੋਨ ਤਗਮਾ ਜਿੱਤਿਆ । ਡਾ. ਸ਼ਾਹੀ ਨੇ ਕਿਹਾ ਕਿ ਵਿਦਿਆਰਥਣ ਅਰਸ਼ਦੀਪ ਕੌਰ ਨੇ ਹਮੇਸ਼ਾ ਹੀ ਏਅਰ ਪਿਸਟਲ ਦੇ ਮੁਕਾਬਲਿਆਂ ਵਿੱਚ ਪੰਜਾਬ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪ੍ਰਤੀਨਿਧਤਾ ਕਰਦਿਆਂ ਅਨੇਕਾਂ ਹੀ ਸੋਨ ਤਗਮਿਆਂ 'ਤੇ ਆਪਣੀ ਦਾਅਵੇਦਾਰੀ ਪੇਸ਼ ਕੀਤੀ ਹੈ । ਡਾ. ਮਮਤਾ ਅਰੋੜਾ ਨੇ ਦੱਸਿਆ ਕਿ ਅਰਸ਼ਦੀਪ ਕੌਰ ਦਾ ਕਾਲਜ ਪੁੱਜਣ 'ਤੇ ਸਵਾਗਤ ਕਰਦਿਆਂ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਅਤੇ ਸਕੱਤਰ ਜਗਵਿੰਦਰ ਸਿੰਘ ਪੰਮੀ ਨੇ ਜਿੱਥੇ ਇਨ੍ਹਾਂ ਜਿੱਤੇ ਦੋ ਸੋਨ ਤਮਗਿਆਂ ਦੀ ਵਧਾਈ ਦਿੱਤੀ ਅਤੇ ਨਾਲ ਹੀ ਪੂਰਨ ਭਰੋਸਾ ਦਿੱਤਾ ਕਿ ਬੇਲਾ ਕਾਲਜ ਸਦਾ ਹੀ ਸਾਰੇ ਖਿਡਾਰੀਆਂ ਲਈ ਹਰ ਸੰਭਵ ਸਹੂਲਤ ਪ੍ਰਦਾਨ ਕਰਦਾ ਰਹੇਗਾ । ਇਸ ਮੌਕੇ ਕੋਚ ਲੈਫਟੀਨੈਂਟ ਪ੍ਰੋ. ਪ੍ਰਿਤਪਾਲ ਸਿੰਘ, ਪ੍ਰੋ. ਅਮਰਜੀਤ ਸਿੰਘ , ਪ੍ਰੋ. ਗੁਰਲਾਲ ਸਿੰਘ ਅਤੇ ਪ੍ਰੋ. ਸੁਨੀਤਾ ਰਾਣੀ ਆਦਿ ਹਾਜ਼ਰ ਸਨ।



# ਹੀਂਉਂ ਵਿਖੇ ਸਾਲਾਨਾ ਮੇਲਾ ਮਨਾਇਆ



**ਬਹਿਰਾਮ (ਅਵਤਾਰ ਕਲੇਰ)**- ਰੋਜ਼ਾ ਲੱਖ ਦਾਤਾ ਲਾਲਾਂ ਵਾਲਾ ਪੀਰ ਪਿੰਡ ਹੀਂਉਂ ਵਿਖੇ ਸਲਾਨਾ ਰੌਸ਼ਨੀ ਮੇਲਾ ਗੱਦੀ ਨਸ਼ੀਨ ਸਾਈਂ ਸੋਢੀ ਸ਼ਾਹ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਝੰਡੇ ਦੀ ਰਸਮ, ਚਿਰਾਗ ਰੌਸ਼ਨ ਅਤੇ ਰਾਤ ਨੂੰ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ । ਮੇਲੇ ਦੇ ਦੂਸਰੇ ਦਿਨ ਪੰਜਾਬ ਦੇ ਮਸ਼ਹੂਰ ਕਲਾਕਾਰ ਸੰਜਨਾ, ਦਿਲਪ੍ਰੀਤ, ਚੰਨੀ ਕਨਵਰ, ਅਜਮੇਰ ਹੀਰ ਤੋਂ ਇਲਾਵਾ ਹੋਰ ਵੀ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ । ਵੱਖ ਵੱਖ ਦਰਬਾਰਾਂ ਤੋਂ ਸਾਈਂ ਮਨਜੀਤ ਸਾਬਰੀ , ਬੀਬੀ ਕਮਲੇਸ਼ ਕੌਰ , ਬਾਬਾ ਕੁਲਰਾਜ ਮੁਹੰਮਦ, ਬੀਬੀ ਰਣਜੀਤਾ, ਸਾਈਂ ਪੱਪਲ ਹਾਜੀ, ਬਾਬਾ ਸੋਢੀ ਮੁਕੰਦਪੁਰ, ਬਾਬਾ ਤਰਸੇਮ ਲਾਲ, ਬਾਬਾ ਰਾਮ ਲੁਭਾਇਆ , ਆਦਿ ਸੰਤ ਮਹਾਂਪੁਰਸ਼ ਹਾਜ਼ਰ ਸਨ । ਗੱਦੀ ਨਸ਼ੀਨ ਸਾਈਂ ਸੋਢੀ ਸ਼ਾਹ ਵਲੋਂ ਮਹਾਂਪੁਰਸ਼ਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਲੰਗਰ ਅਤੁੱਟ ਵਰਤਾਇਆ ਗਿਆ ।

# ਐੱਸ ਜੀ ਐੱਲ ਨਰਸਿੰਗ ਕਾਲਜ ਵਿਖੇ ਸਹੁੰ ਚੁੱਕ ਸਮਾਗਮ ਕਰਵਾਇਆ

**ਜਲੰਧਰ ( ਇਕਬਾਲ ਸਿੰਘ ਉੱਭੀ)**- ਬਾਬਾ ਕਸ਼ਮੀਰਾ ਸਿੰਘ ਜਨ ਸੇਵਾ ਟਰੱਸਟ ਵੱਲੋਂ ਚਲਾਏ ਜਾ ਰਹੇ ਐੱਸ ਜੀ ਐੱਲ ਨਰਸਿੰਗ ਕਾਲਜ, ਪਿੰਡ ਸੇਮੀ, ਜਲੰਧਰ ਵਿਖੇ ਜੀ ਐਨ ਐਮ ਦੇ 18 ਬੈਚ ਅਤੇ ਬੀ ਐੱਸ ਸੀ ਨਰਸਿੰਗ ਦੇ 16ਵੇਂ ਬੈਚ ਦੇ ਨਵੇਂ ਸੈਸ਼ਨ ਵਿੱਚ ਦਾਖਲ ਹੋਈਆਂ ਵਿਦਿਆਰਥਣਾਂ ਲਈ ਸਹੁੰ ਚੁੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਕਾਲਜ ਦੇ ਡਾਇਰੈਕਟਰ ਰਾਜਵਿੰਦਰ ਪਾਲ ਕੌਰ ਜੀ ਰਿਆੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਸੁਰਜੀਤ ਕੌਰ ਨੇ ਆਏ ਹੋਏ ਮੁੱਖ ਮਹਿਮਾਨ ਦਾ ਸਵਾਗਤ ਕੀਤਾ।ਉਪਰੰਤ ਮੁੱਖ ਮਹਿਮਾਨ, ਪ੍ਰਿੰਸੀਪਲ ਸਾਹਿਬਾ ਅਤੇ ਕਾਲਜ ਦੇ ਸਾਰੇ ਐਚ.ਓ.ਡੀ. ਨੇ ਸ਼ਮਾਂ ਰੋਸ਼ਨ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।ਇਸ ਤੋਂ ਬਾਅਦ ਕਾਲਜ ਦੇ ਵਾਇਸ ਪ੍ਰਿੰਸੀਪਲ ਅੰਮ੍ਰਿਤਪਾਲ ਕੌਰ ਨੇ ਸਭ ਨੂੰ ਜੀ ਆਇਆਂ ਕਿਹਾ।ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਸ਼ਬਦ ਗਾਇਨ ਕੀਤਾ ਗਿਆ।ਉਪਰੰਤ ਹਰ ਇੱਕ ਵਿਦਿਆਰਥਣ ਨੂੰ ਪ੍ਰਿੰਸੀਪਲ ਸਾਹਿਬਾ ਵੱਲੋਂ ਸਹੁੰ ਚੁੱਕਵਾਈ ਗਈ ਅਤੇ ਉਹਨਾਂ ਵੱਲੋਂ ਨਰਸਿੰਗ ਵਿਦਿਆਰਥਣਾਂ ਨੂੰ ਨਰਸਿੰਗ ਪ੍ਰੋਫੈਸ਼ਨ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ।ਉਹਨਾਂ ਵੱਲੋਂ ਵਿਦਿਆਰਥਣਾਂ ਨੂੰ ਇਸ ਨੋਬਲ ਪ੍ਰੋਫੈਸ਼ਨ ਵਿਚ ਦਾਖਲਾ ਲੈਣ ਤੇ ਅਤੇ ਪੰਜਾਬ ਦੇ ਸਭ ਤੋਂ ਵਧੀਆ ਨਰਸਿੰਗ ਕਾਲਜ ਦਾ ਹਿੱਸਾ ਬਣਨ 'ਤੇ ਵਧਾਈ ਦਿੱਤੀ। ਵਿਦਿਆਰਥਣਾਂ ਨੂੰ ਫਲੋਰੈਂਸ ਨਾਈਟਐਂਗੇਲ ਦੀ ਉਦਾਹਰਣ ਦਿੰਦਿਆਂ ਹੋਇਆਂ ਉਹਨਾਂ ਦੱਸਿਆ ਕਿ ਨਰਸਾਂ ਨੂੰ ਹਮੇਸ਼ਾ ਆਪਣੇ ਕੰਮ ਪ੍ਰਤੀ ਸਮਰਪਿਤ ਅਤੇ ਇਮਾਨਦਾਰ ਹੋਣਾ ਚਾਹੀਦਾ ਹੈ।ਇਸ ਮੌਕੇ ਕਾਲਜ ਦੇ ਡਾਇਰੈਕਟਰ ਰਾਜਵਿੰਦਰ ਪਾਲ ਕੌਰ ਰਿਆੜ ਨੇ ਵਿਦਿਆਰਣਾਂ ਅਤੇ ਸਾਰੇ ਸਟਾਫ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਨਰਸਿੰਗ ਇਕ ਨੋਬਲ ਪ੍ਰੋਫੈਸ਼ਨ ਹੈ ਅਤੇ ਅਜੋਕੇ ਸਮੇਂ ਦੌਰਾਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉਪਰ ਇਸਦੀ ਬਹੁਤ ਅਹਿਮੀਅਤ ਹੈ।ਉਹਨਾਂ ਨੇ ਇਹ ਵੀ ਦੱਸਿਆ ਕਿ ਨਰਸ਼ਾਂ ਹੀ ਸੱਭ ਤੋਂ ਵੱਧ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਂਦੀਆ ਹਨ। ਜੋ ਕਿ ਕਾਲਜ ਦੇ ਫਾਊਂਡਰ ਚੇਅਰਮੈਨ ਸੁਆਮੀ ਬਾਬਾ ਕਸ਼ਮੀਰਾ ਸਿੰਘ ਜੀ ਵਲੋਂ ਹਮੇਸ਼ਾ ਸਿੱਖਿਆ ਦਿੱਤੀ ਜਾਂਦੀ ਹੈ।ਇਸ ਮੌਕੇ ਕਾਲਜ ਦਾ ਸਾਰਾ ਸਟਾਫ ਉਪਸਥਿਤ ਸੀ। ਪ੍ਰੋਗਰਾਮ ਦਾ ਅੰਤ ਰਾਸ਼ਟਰੀ ਗਾਇਨ ਨਾਲ ਕੀਤਾ ਗਿਆ।



## ਰਾਸ਼ਟਰੀ ਵਿਗਿਆਨ ਦਿਵਸ ਮੌਕੇ ਵੋਟਰ ਜਾਗਰੂਕਤਾ ਦਾ ਸੁਨੇਹਾ

**ਮੋਹਾਲੀ (ਗੁਰਜੀਤ ਬਿੱਲਾ)**- ਸਥਾਨਕ ਚੰਡੀਗੜ੍ਹ ਗਰੁੱਪ ਆਫ ਕਾਲਜ ਲਾਂਡਰਾ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਦੇ ਮੌਕੇ ਵੋਟਰ ਜਾਗਰੂਕਤਾ ਦਾ ਸੁਨੇਹਾ ਦਿੰਦੇ ਹੋਏ ਵੋਟ ਦੀ ਤਾਕਤ ਸਲੋਗਨ ਦੇ ਸਿਰਲੇਖ ਹੇਠ ਪੋਸਟਰ ਮੁਕਾਬਲੇ ਕਰਵਾਏ ਗਏ। ਇਸ ਪ੍ਰੋਗਰਾਮ ਦੌਰਾਨ ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਅਤੇ ਇਨਾਮਾਂ ਦੀ ਵੰਡ ਕੀਤੀ। ਕਾਲਜ ਦੇ ਡੀਨ ਵਿਦਿਆਰਥੀ ਵੈਲਫੇਅਰ ਗਗਨਦੀਪ ਕੌਰ ਭੁੱਲਰ ਨੇ ਦੱਸਿਆ ਕਿ ਕਾਲਜ ਦੇ ਸਮੂਹ ਵਿਦਿਆਰਥੀਆਂ ਨੂੰ ਵੋਟ ਪਾਉਣ ਅਤੇ ਪਵਾਉਣ ਲਈ ਵੱਖ ਵੱਖ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਰਾਸ਼ਟਰੀ ਸੇਵਾ ਯੋਜਨਾ ਦੇ ਵਲੰਟੀਅਰ ਦੀ ਚੋਣਾਂ ਵਾਲੇ ਦਿਨ ਲਈ ਵਿਸ਼ੇਸ਼ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਗਿਆ ਹੈ। ਕਾਲਜ ਦੇ ਸਵੀਪ ਨੋਡਲ ਅਫਸਰ ਡਾ. ਸ਼ਾਮ ਸਿੰਘ ਨੇ ਦੱਸਿਆ ਕਿ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਲਈ ਪੋਸਟਰ ਅਤੇ ਸਲੋਗਨ ਮੁਕਾਬਲੇ ਕਰਵਾਏ ਗਏ। ਜ਼ਿਲ੍ਹਾ ਵਿੱਚ ਦਿਵਿਆ, ਕਾਰਤਿਕ, ਖੁਸ਼ਪ੍ਰੀਤ, ਮੁਸਕਾਨ ਪਲਕ, ਗੀਤਿਕਾ ਅਤੇ ਸੋਨਮ ਨੂੰ ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਵੱਲੋਂ ਸਰਟੀਫਿਕੇਟ ਅਤੇ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਮੁੱਖੀ ਵਿਭਾਗ ਆਈ ਟੀ ਡਾ ਸ਼ੁਸ਼ੀਲ ਕੰਬੋਜ ਨੇ ਵੀ ਸੰਬੋਧਨ ਕੀਤਾ।




# ਸੰਤ ਟਹਿਲ ਦਾਸ ਦੇ 34ਵੇਂ ਬਰਸੀ ਸਮਾਗਮ 'ਤੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਲੋਕਾਂ ਨੇ ਭਰੀ ਹਾਜ਼ਰੀ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)**

ਸ੍ਰੀਮਾਨ 108 ਸੰਤ ਟਹਿਲ ਦਾਸ ਜੀ ਦੇ 34ਵੇਂ ਬਰਸੀ ਸਮਾਗਮ ਡੇਰਾ ਸੰਤ ਟਹਿਲ ਦਾਸ ਸਲੇਮਟਾਵਰੀ ਵਿਖੇ ਮੌਜੂਦਾ ਡੇਰਾ ਸੰਚਾਲਕ ਸੰਤ ਸਰਵਣ ਦਾਸ ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ.ਪੰਜਾਬ ਦੀ ਸਰਪ੍ਰਸਤੀ ਹੇਠ ਬੜੀ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਸੰਤ ਸਮਾਗਮ, ਕੀਰਤਨ ਦੇ ਦੀਵਾਨ ਸਜਾਏ ਗਏ, ਜਿਸ ਵਿੱਚ ਰਾਗੀ ਜਥਿਆਂ ਤੋਂ ਇਲਾਵਾ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਮੀਤ ਪ੍ਰਧਾਨ ਸੰਤ ਬਲਵੰਤ ਸਿੰਘ ਡੀਗਰੀਆਂ, ਸੰਤ ਧਰਮਪਾਲ ਸ਼ੇਰਗੜ ਸਟੇਜ ਸਕੱਤਰ, ਸੰਤ ਸਤਨਾਮ ਦਾਸ ਵਿਛੋਹੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਭੋਲਾ ਦਾਸ ਭਾਗ ਸਿੰਘ ਪੁਰਾ, ਸੰਤ ਪ੍ਰਮੇਸ਼ਵਰੀ ਦਾਸ ਰਿਖੀਕੇਸ, ਸੰਤ ਸੰਤੋਖ ਦਾਸ ਸਹਾਰਨਪੁਰ, ਸੰਤ ਧਰਮਾ ਸਿੰਘ ਚੀਮਾ ਸਾਹਿਬ, ਸੰਤ ਨਰੇਸ਼ ਦਾਸ ਪਿਆਲਾਂ, ਸੰਤ ਹਰਮੀਤ ਸਿੰਘ ਬਣਾ ਸਾਹਿਬ, ਸੰਤ ਅਮਰਜੀਤ ਬੇਗੋਵਾਲ, ਸੰਤ ਬੀਬੀ ਰੇਸ਼ਮ ਕੌਰ ਕਮਾਲਪੁਰ, ਸੰਤ ਹਰਜੀਤ ਸਿੰਘ ਗੁਲਸ਼ਨ, ਭਾਈ ਹਰਦੀਪ ਸਿੰਘ ਅਤੇ ਰਾਗੀ ਜਥੇ ਭਾਈ ਹਰਦੀਪ ਸਿੰਘ, ਸਰਬਜੀਤ ਸਿੰਘ ਲੁਧਿਆਣਵੀ,ਹਰਭਜਨ ਸਿੰਘ ਬੱਗਾ ਪੁਰੀ, ਸੁੱਚਾ ਸਫਰੀ, ਕਾਬਲ ਰਾਮ ਟਾਂਡੀ ਨੇ ਕਥਾ ਕੀਰਤਨ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਡੇਰਾ ਸੰਚਾਲਕ ਸੰਤ ਸਰਵਣ ਦਾਸ ਵੱਲੋਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸਖ਼ਸੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹਲਕਾ ਵਿਧਾਇਕ ਮਦਨ ਲਾਲ ਬੱਗਾ, ਕੌਂਸਲਰ ਸੁਰਿੰਦਰ ਅਟਵਾਲ, ਡਾ. ਅੰਬੇਡਕਰ ਭਵਨ ਕਮੇਟੀ ਚੇਅਰਮੈਨ ਬਿਕਰਮਜੀਤ ਸਿੰਘ, ਨਰੇਸ਼ ਬਸਰਾ, ਬੰਕਾ ਚੁੰਬਰ, ਕਮਲ ਜਨਾਗਲ, ਬੀਬੀ ਨਰਿੰਦਰ ਕੌਰ, ਬੀਬੀ ਹੰਸੋ , ਬੀਬੀ ਪਿੰਕੀ ਮਹੇ, ਡਾ. ਚਰਨਜੀਤ ਦਾਦਰਾ, ਮਦਨ ਲਾਲ ਲੰਬੜਦਾਰ, ਖਰੇਤੀ ਲਾਲ ਪ੍ਰਧਾਨ ਕਾਰਾਬਾਰਾ, ਸੋਨੂੰ ਪ੍ਰਧਾਨ ਅਤੇ ਭਾਰੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਸੋਹਾਣਾ ਦੇ ਟੋਭੇ ਦਾ ਕਰੀਬ 168 ਲੱਖ ਰੁਪਏ ਦੀ ਲਾਗਤ ਨਾਲ ਹੋਵੇਗਾ ਸੁੰਦਰੀਕਰਨ

**ਮੋਹਾਲੀ, (ਗੁਰਜੀਤ ਬਿੱਲਾ)**

ਸੋਹਾਣਾ ਵਿਖੇ ਕਰੀਬ 3.5 ਏਕੜ ਵਿੱਚ ਬਣੇ ਟੋਭੇ ਅਤੇ ਇਸ ਦੇ ਆਲੇ ਦੁਆਲੇ ਦਾ ਕਰੀਬ 168 ਲੱਖ ਰੁਪਏ ਦੀ ਲਾਗਤ ਨਾਲ ਸੁੰਦਰੀਕਰਨ ਕੀਤੇ ਜਾਣ ਦੇ ਪ੍ਰੋਜੈਕਟ ਦੀ ਸ਼ੁਰੂਆਤ ਹਲਕਾ ਵਿਧਾਇਕ ਕੁਲਵੰਤ ਸਿੰਘ ਨੇ ਕਰਵਾਈ।ਇਸ ਮੌਕੇ ਸੋਹਾਣਾ ਵਾਸੀਆਂ ਨੂੰ ਵਧਾਈ ਦਿੰਦਿਆਂ ਹਲਕਾ ਵਿਧਾਇਕ ਨੇ ਕਿਹਾ ਕਿ ਇਸ ਪ੍ਰੋਜੈਕਟ ਦੇ ਕੰਮ ਦੀ ਸ਼ੁਰੂਆਤ ਨਾਲ ਸੋਹਾਣਾ ਵਾਸੀਆਂ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ।ਉਹਨਾਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਜਿੱਥੇ ਟੋਭੇ ਦੀ ਸਫਾਈ ਕੀਤੀ ਜਾਣੀ ਹੈ, ਉੱਥੇ ਇਸ ਦੇ ਆਲੇ ਦੁਆਲੇ ਸੈਰ ਕਰਨ ਲਈ ਟਰੈਕ ਬਣਾਇਆ ਜਾਵੇਗਾ ਤੇ ਬੂਟੇ ਲਾਏ ਜਾਣਗੇ।ਇਸ ਟੋਭੇ ਵਿੱਚ ਪੈਂਦਾ ਪਾਣੀ ਵੀ ਟਰੀਟ ਕਰਨ ਉਪਰੰਤ ਹੀ ਇਸ ਵਿੱਚ ਪੈਂਦਾ ਕੀਤਾ ਜਾਵੇਗਾ।ਹਲਕਾ ਵਿਧਾਇਕ ਨੇ ਦੱਸਿਆ ਕਿ ਟੋਭੇ ਦੀ ਜਿਸ ਜਗ੍ਹਾ ਉੱਤੇ ਨਾਜਾਇਜ਼ ਕਬਜ਼ੇ ਕੀਤੇ ਗਏ ਹਨ, ਉਹਨਾਂ ਨੂੰ ਛੁਡਵਾਉਣ ਲਈ ਪ੍ਰਕਿਰਿਆ ਜਾਰੀ ਰਹੇਗੀ। ਉਹਨਾਂ ਦੱਸਿਆ ਕਿ ਸੋਹਾਣਾ ਵਾਸੀਆਂ ਨੂੰ ਬਿਜਲੀ ਦੀਆਂ ਬੇਤਰਤੀਬੀਆਂ ਤਾਰਾਂ ਕਰਨ ਮੁਸ਼ਕਲਾਂ ਦਰਪੇਸ਼ ਹਨ ਤੇ ਬਹੁਤ ਜਲਦ ਇਹ ਮੁਸ਼ਕਲ ਵੀ ਹੱਲ ਕਰ ਦਿੱਤੀ ਜਾਵੇਗੀ।ਹਲਕਾ ਵਿਧਾਇਕ ਨੇ ਕਿਹਾ ਕਿ ਜਦੋਂ ਸਰਕਾਰ ਕਿਸੇ ਸਕੀਮ ਨੂੰ ਅਮਲੀ ਜਾਮਾ ਪਹਿਨਾਉਂਦੀ ਹੈ ਤਾਂ ਉਸ ਕੰਮ ਦੀ ਸਾਂਭ -ਸੰਭਾਲ ਦਾ ਜ਼ਿੰਮਾ ਲੋਕਾਂ ਨੂੰ ਵੀ ਲੈਣਾ ਚਾਹੀਦਾ ਹੈ ਕਿਉਂਕਿ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਕੋਈ ਵੀ ਸਕੀਮ ਸਹੀ ਢੰਗ ਨਾਲ ਨੇਪਰੇ ਨਹੀਂ ਚੜ੍ਹ ਸਕਦੀ।ਹਲਕਾ ਵਿਧਾਇਕ ਨੇ ਕਿਹਾ ਕਿ ਸੂਬੇ ਦੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਰਕਾਰ ਵੱਲੋਂ ਵੱਡੇ ਪੱਧਰ ਉੱਤੇ ਉਪਰਾਲੇ ਕੀਤੇ ਜਾ ਰਹੇ ਹਨ। ਸੂਬਾ ਸਰਕਾਰ ਦੀ ਇਹ ਪਹਿਲਕਦਮੀ ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਕਰਨ ਵਿੱਚ ਸਫ਼ਲਤਾ ਦੀ ਨਵੀਂ ਕਹਾਣੀ ਰੱਚ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਸੂਬੇ ਭਰ ਵਿੱਚ ਕੈਂਪ ਲਾ ਕੇ ਲੋਕਾਂ ਨੂੰ ਸੇਵਾਵਾਂ ਦਾ ਲਾਭ ਪ੍ਰਦਾਨ ਕਰਨ ਲਈ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੇ ਦਰ ਤੱਕ ਪਹੁੰਚ ਕੀਤੀ ਜਾ ਰਹੀ ਹੈ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨੰਬਰਦਾਰ ਹਰਸੰਗਤ ਸਿੰਘ ਸੁਹਾਣਾ, ਡਾ. ਕੁਲਦੀਪ ਸਿੰਘ, ਸੁਸ਼ੀਲ ਕੁਮਾਰ ਅਤਰੀ, ਨਛੱਤਰ ਸਿੰਘ ਬੈਦਵਾਨ, ਹਰਮੇਸ਼ ਸਿੰਘ ਕੁੰਭੜਾ, ਬੰਤ ਸਿੰਘ ਸੋਹਾਣਾ, ਸਵਰਨ ਲਤਾ, ਆਮ ਆਦਮੀ ਪਾਰਟੀ ਦੇ ਨੇਤਾ ਪਰਮਿੰਦਰ ਸਿੰਘ ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਤੇ ਵੱਡੀ ਗਿਣਤੀ ਲੋਕ ਹਾਜ਼ਰ ਸਨ।



## ਬੀ.ਕਾਮ ਦੇ ਪੰਜਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ

**ਮਾਹਿਲਪੁਰ, (ਸਫ਼ਰੀ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਬੀ. ਕਾਮ ਕੋਰਸ ਦੇ ਪੰਜਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰ ਡਾ. ਪਰਵਿੰਦਰ ਸਿੰਘ ਅਤੇ ਵਿਭਾਗ ਦੇ ਮੁਖੀ ਡਾ. ਬਿਮਲਾ ਜਸਵਾਲ ਨੇ ਦੱਸਿਆ ਕਿ ਬੀ.ਕਾਮ ਦੇ ਪੰਜਵੇਂ ਸਮੈਸਟਰ ਦੇ ਨਤੀਜੇ ਵਿੱਚ ਵਿਦਿਆਰਥਣ ਪ੍ਰਿਯੰਕਾ ਜੁਨੇਜਾ ਨੇ 84.5 ਫੀਸਦੀ ਅੰਕਾਂ ਨਾਲ ਪਹਿਲਾ, ਪ੍ਰਭਜੋਤ ਕੌਰ ਨੇ 83 ਫੀਸਦੀ ਅੰਕਾਂ ਨਾਲ ਦੂਜਾ ਅਤੇ ਅਮਨਦੀਪ ਕੌਰ ਨੇ 80 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ। ਬਾਕੀ ਵਿਦਿਆਰਥੀ ਵੀ ਚੰਗੇ ਅੰਕ ਲੈ ਕੇ ਪਾਸ ਹੋਏ ਹਨ। ਇਸ ਮੌਕੇ ਪ੍ਰਿੰਸੀਪਲ ਸਮੇਤ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਹੋਰ ਮਿਹਨਤ ਲਈ ਪ੍ਰੇਰਿਤ ਕੀਤਾ।



1-MAR-PAGE-10.qxd 2/29/2024 10:52 PM Page 1



# ਕਾਰ ਸਵਾਰ ਮੋਟਰਸਾਈਕਲ ਚਾਲਕ ਤੋਂ 22 ਲੱਖ ਦੀ ਨਕਦੀ ਵਾਲਾ ਬੈਗ ਖੋਹ ਕੇ ਫਰਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਾਰ ਸਵਾਰ ਲੁਟੇਰਿਆਂ ਵੱਲੋਂ ਇੱਕ ਮੋਟਰਸਾਈਕਲ ਚਾਲਕ ਤੋਂ ਲੱਖਾਂ ਰੁਪਏ ਦੀ ਨਕਦੀ ਵਾਲ ਬੈਗ ਖੋਹ ਕੇ ਫਰਾਰ ਹੋ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਸਤਵੀਰ ਸਿੰਘ(36) ਵਾਸੀ ਚੀਮਾ ਮੰਡੀ(ਸੰਗਰੂਰ) ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਖਰੜ ਵਿਖੇ ਸੁਖਪਾਲ ਸਿੰਘ ਨਾਮਕ ਕੋਲਾ ਕਾਰੋਬਾਰੀ ਦੇ ਦਫਤਰ 'ਚ ਕੰਮ ਕਰਦਾ ਹੈ ਤੇ 22 ਫਰਵਰੀ ਨੂੰ ਸੁਖਪਾਲ ਸਿੰਘ ਵੱਲੋਂ 22 ਲੱਖ 25 ਹਜ਼ਾਰ ਰੁਪਏ ਦੀ ਨਕਦੀ ਦੇ ਕੇ ਉਸ ਨੂੰ ਮੰਡੀ ਗੋਬਿੰਦਗੜ੍ਹ ਦੇ ਆਦਰਸ਼ ਨਗਰ ਵਿਖੇ ਕਿਸੇ ਵਿਅਕਤੀ ਨੂੰ ਦੇ ਕੇ ਆਉਣ ਲਈ ਭੇਜਿਆ ਗਿਆ ਸੀ।ਸ਼ਿਕਾਇਤਕਰਤਾ ਨੇ ਦੱਸਿਆ ਕਿ ਬੁਲੇਟ ਮੋਟਰਸਾਈਕਲ 'ਤੇ ਨਕਦੀ ਵਾਲਾ ਬੈਗ ਲੈ ਕੇ ਉਹ ਮੰਡੀ ਗੋਬਿੰਦਗੜ੍ਹ ਨੂੰ ਰਵਾਨਾ ਹੋ ਗਿਆ ਤੇ ਦੁਪਹਿਰ ਕਰੀਬ ਪੌਣੇ ਕੁ ਤਿੰਨ ਵਜੇ ਦੇ ਕਰੀਬ ਉਹ ਜਦੋਂ ਸਰਹਿੰਦ ਦੇ ਮਾਧੋਪੁਰ ਅੰਡਰਬ੍ਰਿਜ ਕੋਲ ਪਹੁੰਚਿਆ ਤਾਂ ਪਿੱਛੋਂ ਆਈ ਇੱਕ ਚਿੱਟੇ ਰੰਗ ਦੀ ਅਰਟੀਗਾ ਕਾਰ 'ਚ ਸਵਾਰ ਵਿਅਕਤੀਆਂ ਨੇ ਕਾਰ ਅੱਗੇ ਲਾ ਕੇ ਉਸ ਨੂੰ ਰੋਕ ਲਿਆ, ਜਿਨ੍ਹਾਂ 'ਚੋਂ ਇੱਕ ਸਰਦਾਰ ਵਿਅਕਤੀ ਕਾਰ ਦੀ ਡਰਾਇਵਿੰਗ ਸੀਟ 'ਤੇ ਬੈਠਾ ਰਿਹਾ, ਜਦੋਂ ਕਿ ਹੱਥਾਂ 'ਚ ਸੋਟੀਆਂ ਲੈ ਕੇ ਕਾਰ 'ਚੋਂ ਹੇਠਾਂ ਉੱਤਰੇ ਤਿੰਨ ਸਰਦਾਰ ਵਿਅਕਤੀਆਂ ਨੇ ਕੁੱਟਮਾਰ ਕਰਦੇ ਹੋਏ ਉਸ ਕੋਲੋਂ ਨਕਦੀ ਵਾਲਾ ਬੈਗ, ਸੈਮਸੰਗ ਮੋਬਾਈਲ ਫੋਨ ਤੇ ਮੋਟਰਸਾਈਕਲ ਦੀ ਚਾਬੀ ਖੋਹ ਲਈ ਤੇ ਕਾਰ 'ਚ ਬੈਠ ਕੇ ਫਰਾਰ ਹੋ ਗਏ।

ਸਤਵੀਰ ਸਿੰਘ ਨੇ ਦੱਸਿਆ ਕਿ ਉਸ ਤੋਂ ਕਾਰ ਦਾ ਨੰਬਰ 38-0685 ਹੀ ਪੜ੍ਹਿਆ ਗਿਆ ਤੇ ਕੁੱਟਮਾਰ ਕਾਰਨ ਉਸਦੀ ਬਾਂਹ ਟੁੱਟ ਗਈ ਤੇ ਹੋਰ ਵੀ ਸੱਟਾਂ ਲੱਗੀਆਂ। ਜਿਸ ਉਪਰੰਤ ਉਸਨੇ ਕਿਸੇ ਰਾਹਗੀਰ ਦਾ ਫੋਨ ਮੰਗ ਕੇ ਇਸ ਘਟਨਾ ਦੀ ਸੂਚਨਾ ਆਪਣੇ ਮਾਲਕ ਸੁਖਪਾਲ ਸਿੰਘ ਨੂੰ ਦਿੱਤੀ ਜਿਨਾਂ ਨੇ ਮੌਕੇ ਤੇ ਪਹੁੰਚ ਕੇ ਉਸਨੂੰ ਇਲਾਜ਼ ਲਈ ਹਸਪਤਾਲ ਦਖਲ ਕਰਵਾਇਆ।ਸਤਵੀਰ ਸਿੰਘ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀਆਂ ਵਿਰੁੱਧ ਅ/ਧ 379ਬੀ, 34, 341, 323 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਿਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਸ੍ਰੀ ਗੁਰੂ ਰਵਿਦਾਸ ਜੀ ਮੱਧਕਾਲ 'ਚ ਭਗਤੀ ਲਹਿਰ ਦੇ ਮੋਹਰੀ ਸੰਤ ਸਨ : ਬਾਬਾ ਗੁਰਦੀਪ ਸਿੰਘ



**ਬਾਘਾ ਪੁਰਾਣਾ, (ਮਨੀ ਸਿੰਗਲਾ)** ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦਪੁਰਾਣਾ ਦੇ ਵਿੱਚ ਪੂਰਨਮਾਸ਼ੀ ਦਾ ਦਿਹਾੜਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਬੜੀ ਧੂਮ ਧਾਮ ਦੇ ਨਾਲ ਮਨਾਇਆ ਗਿਆ।

ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਰੱਬੀ ਬਾਣੀ ਦਾ ਕੀਰਤਨ ਭਾਈ ਕਮਲਜੀਤ ਸਿੰਘ ਜੀ ਆਲਮ ਵਾਲਾ, ਭਾਈ ਜਸਪਾਲ ਸਿੰਘ ਜੀ ਲੱਲਿਆ ਵਾਲੇ, ਪ੍ਰਸਿੱਧ ਕੀਰਤਨੀ ਭਾਈ ਇਕਬਾਲ ਸਿੰਘ ਲੰਗਿਆਣਾ ਨੇ ਵਾਲਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਨਿਹਾਲ ਕੀਤਾ।ਵੱਡੀ ਗਿਣਤੀ ਦੇ ਵਿੱਚ ਸੰਗਤਾਂ ਨੇ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤਾ।ਗੁਰੂ ਦਰਬਾਰ ਵਿੱਚ ਬੈਠ ਕੇ ਕੀਰਤਨ ਦਾ ਆਨੰਦ ਮਾਣਿਆ।

ਇਸ ਮੌਕੇ ਸੰਗਤਾਂ ਨੂੰ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਭਗਤ ਰਵਿਦਾਸ ਜੀ ਦੇ ਜੀਵਨ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਭਗਤ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪਾਵਨ ਬਾਣੀ ਅਕਾਲ ਪੁਰਖ ਦੀ ਭਗਤੀ ਦੀ ਪ੍ਰੇਰਨਾ ਦੇਣ ਦੇ ਨਾਲ-ਨਾਲ ਸਰਬ-ਸਾਂਝੀਵਾਲਤਾ ਦੀ ਗੱਲ ਕਰਦੀ ਹੈ।ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਜੀ ਨੇ ਬਾਣੀ ਅੰਦਰ ਪਰਮਾਤਮਾ ਨਾਲ ਜੁੜਨ ਦਾ ਰਸਤਾ ਦਿਖਾਇਆ।ਉਨ੍ਹਾਂ ਸੰਗਤ ਨੂੰ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਕੀਤੀ।

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਸਮਾਨਤਾਵਾਦੀ ਸਮਾਜ ਦੇ ਮਹਾਨ ਦਾਰਸ਼ਨਿਕ ਸਨ।ਉਹ ਇੱਕ ਮਹਾਨ ਸਮਾਜ ਸੁਧਾਰਕ ਸਨ ਅਤੇ ਸਿਰਫ਼ ਧਾਰਮਿਕ ਰਸਮਾਂ ਦੀ ਬਜਾਏ ਸਮੁੱਚੇ ਸਮਾਜ ਨੂੰ ਕਰਮਯੋਗੀ ਬਣਾਉਣਾ ਚਾਹੁੰਦੇ ਸਨ ਤਾਂ ਜੁ ਕਿਰਤ ਰਾਹੀਂ ਮਨੁੱਖ ਆਪਣੀ ਆਰਥਿਕ ਸਥਿਤੀ ਨੂੰ ਸੁਧਾਰ ਸਕੇ ਅਤੇ ਸਮਾਜ ਵਿੱਚ ਵੀ ਸਨਮਾਨਯੋਗ ਸਥਾਨ ਹਾਸਲ ਕਰ ਸਕੇ।

ਇਸ ਮੌਕੇ ਸੁੱਚਾ ਸਿੰਘ ਹੈਡ ਗ੍ਰੰਥੀ, ਧਰਮ ਸਿੰਘ ਕਾਲੇਕੇ, ਸੁੱਖਾ ਸਿੰਘ ਮੋਗਾ, ਭਾਈ ਚਮਕੌਰ ਸਿੰਘ ਚੰਦ ਪੁਰਾਣਾ, ਹਰਜਿੰਦਰ ਸਿੰਘ ਅਜਮੇਰ ਸਿੰਘ ਹੋਰ ਵੀ ਸੇਵਾਦਾਰ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।ਸਟੇਜ ਦੀ ਸੇਵਾ ਦਰਸ਼ਨ ਸਿੰਘ ਡਰੋਲੀ ਭਾਈ ਨੇ ਨਿਭਾਈ।

# ਤਪਾ 'ਚ ਫੂਡ ਸੇਫਟੀ ਟੀਮ ਵੱਲੋਂ ਸ਼ੇਅਰ ਫੂਡ ਸੰਬੰਧੀ ਸੈਮੀਨਾਰ

**ਤਪਾ ਮੰਡੀ (ਅਰੁਣ ਗੋਇਲ)**-ਫੂਡ ਐਂਡ ਡਰੱਗ ਪ੍ਰਸ਼ਾਸਨ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਫੂਡ ਸੇਫਟੀ ਟੀਮ ਬਰਨਾਲਾ ਵੱਲੋਂ ਪ੍ਰਾਚੀਨ ਸਰਾਂ ਮੰਦਰ ਤਪਾ 'ਚ ਸ਼ੇਅਰ ਫੂਡ ਸੰਬੰਧੀ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਟੀਮ ਵੱਲੋਂ ਦੁਕਾਨਦਾਰਾਂ ਨੂੰ ਭੋਜਨ ਨੂੰ ਬਚਾ ਕੇ ਉਨ੍ਹਾਂ ਨੂੰ ਅੱਗੇ ਗਰੀਬ ਲੋਕਾਂ 'ਚ ਵੰਡਣ ਲਈ ਅਤੇ ਸਾਰੇ ਦੁਕਾਨਦਾਰਾਂ ਨੂੰ ਲਾਇਸੰਸ ਅਤੇ ਰਜਿਸਟਰੇਸ਼ਨ ਬਣਵਾਉਣ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਸਿਹਤ ਅਫਸਰ ਜਸਪ੍ਰੀਤ ਸਿੰਘ ਗਿੱਲ ਅਤੇ ਫੂਡ ਸੇਫਟੀ ਅਫਸਰ ਮੈਡਮ ਸੀਮਾ ਬਾਵਾ ਨੇ ਸਾਂਝੇ ਤੌਰ 'ਤੇ ਦੁਕਾਨਦਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਨ੍ਹਾਂ ਦੁਕਾਨਦਾਰਾਂ ਦੀ ਵਿਕਰੀ 12 ਲੱਖ ਤੱਕ ਹੈ ਉਹ ਆਪਣੀ ਰਜਿਸਟਰੇਸ਼ਨ ਜ਼ਰੂਰ ਕਰਵਾਉਣ ਜਿਸ ਦੀ ਸਾਲਾਨਾ ਲਾਇਸੰਸ ਫੀਸ ਸਿਰਫ 100 ਰੁਪਏ ਹੈ ਅਤੇ ਜਿਨ੍ਹਾਂ ਦੀ ਵਿਕਰੀ ਇਸ ਤੋਂ ਉਪਰ ਹੈ ਉਸ ਦੀ ਸਾਲਾਨਾ ਲਾਇਸੰਸ ਫੀਸ 2 ਹਜ਼ਾਰ ਰੁਪਏ ਰੱਖੀ ਗਈ ਹੈ। ਲਾਇਸੰਸ ਨਾ ਲੈਣ ਵਾਲੇ ਦੁਕਾਨਦਾਰ ਨੂੰ ਜੁਰਮਾਨਾ ਲੱਗ ਸਕਦਾ ਹੈ। ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਜਦ ਸੈਂਪਲਿੰਗ ਟੀਮ ਸੈਂਪਲ ਲੈਣ ਲਈ ਪਹੁੰਚਦੀ ਹੈ ਤਾਂ ਸਾਰੇ ਦੁਕਾਨਦਾਰ ਆਪਣੀਆਂ ਦੁਕਾਨਾਂ ਬੰਦ ਕਰ ਦਿੰਦੇ ਹਨ, ਉਹ ਬੇਝਿਜਕ ਹੋ ਕੇ ਸੈਂਪਲ ਦੇਣ, ਕਿਸੇ ਨਾਲ ਜ਼ਿਆਦਤੀ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੁਕਾਨਦਾਰਾਂ ਨੂੰ ਕਿਹਾ ਕਿ ਜੋ ਵੀ ਸਮਾਨ ਖਰੀਦਦੇ ਹੋ ਉਸ ਦਾ ਬਿੱਲ ਜ਼ਰੂਰ ਲਵੋ। ਉਨ੍ਹਾਂ ਦੁਕਾਨਦਾਰਾਂ ਨੂੰ ਇਹ ਵੀ ਕਿਹਾ ਅਗਰ ਕੋਈ ਮਿਲਾਵਟੀ ਚੀਜ਼ ਵੇਚਦਾ ਹੈ ਤਾਂ ਉਸ ਦੀ ਸੂਚਨਾ ਸਾਨੂੰ ਦਿੱਤੀ ਜਾਵੇ ਉਸ ਦਾ ਨਾਮ ਗੁਪਤ ਰੱਖਿਆ ਜਾਵੇਗਾ।

# ਵੋਟਰ ਜਾਗਰੂਕਤਾ ਵੈਨ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ

**ਗਿੱਦੜਬਾਹਾ (ਜਸਵੰਤ ਗਿੱਲ ਛੱਤਆਣਾ)**-ਭਾਰਤੀ ਚੋਣ ਕਮਿਸ਼ਨ ਅਤੇ ਚੋਣ ਕਮਿਸ਼ਨ ਪੰਜਾਬ ਵੱਲੋਂ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਵੋਟਰਾਂ ਨੂੰ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਅਤੇ ਚੋਣਾਂ ਸਬੰਧੀ ਜਾਗਰੂਕਤਾ ਪੈਦਾ ਕਰਨ ਦੇ ਮੰਤਵ ਨਾਲ ਐਸ.ਡੀ.ਐਮ, ਡਾ. ਅਜੀਤ ਪਾਲ ਸਿੰਘ ਵੱਲੋਂ ਵੋਟਰ ਜਾਗਰੂਕਤਾ ਵੈਨ ਨੂੰ ਹਰੀ ਝੰਡੀ ਦੇ ਰਵਾਨਾ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਸੂਦਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਵੀਪ ਪ੍ਰੋਜੈਕਟ ਤਹਿਤ ਵਿਧਾਨ ਸਭਾ ਹਲਕਾ 084 ਗਿੱਦੜਬਾਹਾ ਵਿਖੇ ਇਹ ਵੋਟਰ ਜਾਗਰੂਕਤਾ ਵੈਨ ਆਉਣ ਵਾਲੀਆਂ ਲੋਕ ਸਭਾ ਚੋਣਾਂ ਬਾਰੇ ਵੋਟਰਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰੇਗੀ।ਉਨ੍ਹਾਂ ਦੱਸਿਆ ਕਿ ਇਹ ਵੋਟਰ ਜਾਗਰੂਕਤਾ ਵੈਨ ਵਿਧਾਨ ਸਭਾ ਹਲਕਾ ਗਿੱਦੜਬਾਹਾ ਦੇ ਵੱਖ-ਵੱਖ ਇਲਾਕਿਆਂ ਵਿੱਚ ਪਹੁੰਚ ਕੇ ਨਵੇਂ ਵੋਟਰਾਂ ਨੂੰ ਰਜਿਸਟਰ ਕਰਨਾ, ਵੋਟ ਪਾਉਣ ਲਈ ਉਤਸ਼ਾਹਤ ਕਰਨਾ, ਵੋਟ ਵਿੱਚ ਬਦਲਾਅ ਕਰਨਾ, ਈ.ਵੀ.ਐਮ. ਤੇ ਵੀ.ਵੀ.ਪੈਟ ਮਸ਼ੀਨ ਦੀ ਜਾਣਕਾਰੀ ਵੋਟਰਾਂ ਨਾਲ ਸਾਂਝੀ ਕਰਨਾ ਹੈ ਤਾਂ ਜੁ ਵੋਟ ਦੇ ਹੱਕ ਦਾ ਸਹੀ ਇਸਤੇਮਾਲ ਕੀਤਾ ਜਾ ਸਕੇ।

# ਬਣਾਉਟੀ ਅੰਗ ਮੁਹੱਈਆ ਕਰਾਉਣ ਲਈ ਸ਼ਨਾਖਤੀ ਕੈਂਪ 5 ਤੋਂ

**ਫ਼ਾਜ਼ਿਲਕਾ (ਨਿਸ਼ਾ ਸਰਮਾ)**-ਦਿਵਿਆਂਗਜਨ ਬੱਚਿਆਂ ਦੀ ਸ਼ਨਾਖਤ ਅਤੇ ਜਾਂਚ ਲਈ ਅਲੀਮਕੋ ਦੇ ਸਹਿਯੋਗ ਨਾਲ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿਖੇ 5 ਮਾਰਚ ਤੋਂ 7 ਮਾਰਚ ਤੱਕ ਵਿਸ਼ੇਸ਼ ਕੈਂਪ ਲਾਏ ਜਾ ਰਹੇ ਹਨ। ਇਸ ਦੌਰਾਨ ਦਿਵਿਆਂਗਜਨਾਂ ਨੂੰ ਬਣਾਉਟੀ ਅੰਗ ਮੁਹੱਈਆ ਕਰਾਉਣ ਲਈ ਬਨਾਉਟੀ ਅੰਗਾਂ ਦਾ ਨਾਪ ਲਿਆ ਜਾਵੇਗਾ। ਇਹ ਜਾਣਕਾਰੀ ਸਿੱਖਿਆ ਵਿਭਾਗ ਦੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਅੰਜੂ ਸੇਠੀ ਨੇ ਦਿੱਤੀ। ਉਨ੍ਹਾਂ ਕਿਹਾ ਕਿ ਕੈਂਪ ਵਿਚ ਆਉਣ ਸਮੇਂ ਦਿਵਿਆਂਗਜਨ ਆਪਣੇ ਲੋੜੀਂਦੇ ਦਸਤਾਵੇਜ਼, ਜਿਸ ਵਿੱਚ ਅਪੰਗਤਾ ਦਾ ਯੂਡੀਆਈਡੀ ਕਾਰਡ, ਖੁਦ ਜਾਂ ਮਾਪਿਆਂ ਦੀ ਆਮਦਨ ਦਾ ਸਰਟੀਫਿਕੇਟ, ਇਕ ਫੋਟੋ, ਅਧਾਰ ਕਾਰਡ ਦੀ ਫੋਟੋ ਕਾਪੀ ਨਾਲ ਲੈ ਕੇ ਆਉਣ।ਇਹ ਕੈਂਪ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਲੱਗੇਗਾ।ਉਨ੍ਹਾਂ ਕਿਹਾ ਕਿ 5 ਮਾਰਚ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਅਬੋਹਰ ਵਿਖੇ ਇਹ ਕੈਂਪ ਲੱਗੇਗਾ, ਜਿਸ ਵਿੱਚ ਬਲਾਕ ਅਬੋਹਰ-1 ਤੇ 2 ਅਤੇ ਖੂਈਆਂ ਸਰਵਰ ਨਾਲ ਸਬੰਧਤ ਦਿਵਿਆਂਗਜਨ ਸ਼ਮੂਲੀਅਤ ਕਰ ਸਕਣਗੇ।6 ਮਾਰਚ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਜਲਾਲਾਬਾਦ ਵਿਖੇ ਕੈਂਪ ਲਾਇਆ ਜਾਵੇਗਾ, ਜਿਸ ਵਿਚ ਬਲਾਕ ਜਲਾਲਾਬਾਦ 1 ਤੇ 2 ਅਤੇ ਗੁਰੂਹਰਸਹਾਏ 3 (ਜਲਾਲਾਬਾਦ) ਦੇ ਦਿਵਿਆਂਗਜਨ ਸ਼ਾਮਲ ਹੋ ਸਕਣਗੇ।ਇਸੇ ਤਰ੍ਹਾਂ 7 ਮਾਰਚ ਨੂੰ ਸਰਕਾਰੀ ਸਕੂਲ ਲੜਕੀਆਂ ਫ਼ਾਜ਼ਿਲਕਾ, ਜਿਸ ਵਿਚ ਬਲਾਕ ਫਾਜਿਲਕਾ 1 ਤੇ ਫਾਜ਼ਿਲਕਾ 2 ਨਾਲ ਸਬੰਧਤ ਦਿਵਿਆਂਗਜਨ ਸ਼ਮੂਲੀਅਤ ਕਰਕੇ ਇਸ ਕੈਂਪ ਦਾ ਫਾਇਦਾ ਲੈ ਸਕਦੇ ਹਨ।

# ਵਲੰਟੀਅਰ ਅਧਿਆਪਕ ਸੇਵਾ ਫਲ ਤੋਂ ਵਾਂਝੇ



**ਕੋਟਕਪੂਰਾ, (ਰਛਪਾਲ ਭੁੱਲਰ)**-ਫਰੀਦਕੋਟ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਤੀਜੀ ਤੋਂ ਪੰਜਵੀਂ ਜਮਾਤ ਤੱਕ, ਨੌਵੀਂ ਅਤੇ ਦਸਵੀਂ ਜਮਾਤ ਤੱਕ ਪੜ੍ਹ ਰਹੇ ਕਮਜ਼ੋਰ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਰੈਮੀਡੀਅਲ ਕੋਚਿੰਗ ਪ੍ਰੋਜੈਕਟ ਸ਼ੁਰੂ ਕੀਤਾ ਸੀ । ਪੇਂਡੂ ਅਤੇ ਸ਼ਹਿਰੀ ਸਕੂਲਾਂ ਵਿੱਚ ਮਹੀਨਾ ਜੁਲਾਈ 2023 ਤੋਂ ਦਸੰਬਰ 2023 ਤੱਕ ਵਲੰਟੀਅਰ ਅਧਿਆਪਕ ਵਜੋਂ ਕੁਝ ਮਹੀਨਿਆਂ ਲਈ ਕੰਮ ਕੀਤਾ ਹੈ । ਇਨ੍ਹਾਂ ਵਲੰਟੀਅਰ ਅਧਿਆਪਕਾਂ ਨੂੰ ਮਹੀਨਾ ਦਸੰਬਰ 2023 ਦੀ ਸਰਦੀ ਦੀਆਂ ਛੁੱਟੀਆਂ ਤੋਂ ਪਹਿਲਾਂ ਫਾਰਗ ਕਰ ਦਿੱਤਾ ਗਿਆ ਸੀ । ਇਸ ਰੈਮੀਡੀਅਲ ਕੋਚਿੰਗ ਪ੍ਰੋਜੈਕਟ ਤਹਿਤ ਜ਼ਿਲ੍ਹਾ ਫਰੀਦਕੋਟ ਦੇ ਲਗਭਗ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਅਤੇ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸ਼ੁਰੂ ਕੀਤਾ ਗਿਆ ਸੀ।

ਵਲੰਟੀਅਰ ਅਧਿਆਪਕਾਂ ਨੂੰ ਦਿੱਤਾ ਜਾਣ ਵਾਲਾ ਇਹ ਸੇਵਾ ਫਲ ਜ਼ਿਲ੍ਹਾ ਪ੍ਰਸ਼ਾਸਨ ਫਰੀਦਕੋਟ ਵੱਲੋਂ ਰਿਲੀਜ਼ ਕਰਕੇ ਸਕੂਲਾਂ ਦੇ ਸਕੂਲ ਭਲਾਈ ਫੰਡ ਰਾਹੀਂ ਸਬੰਧਤ ਵਲੰਟੀਅਰ ਅਧਿਆਪਕਾਂ ਨੂੰ ਦਿੱਤਾ ਜਾਣਾ ਸੀ, ਹੁਣ ਤੱਕ ਇਨ੍ਹਾਂ ਵਿੱਚੋਂ ਕੁਝ ਪੇਂਡੂ ਸਕੂਲਾਂ ਦੇ ਵਲੰਟੀਅਰ ਅਧਿਆਪਕਾਂ ਨੂੰ ਤਾਂ ਬਣਦੇ ਮਾਣ ਭੱਤੇ ਦੀ ਅਦਾਇਗੀ ਹੋ ਚੁੱਕੀ ਹੈ, ਕਈ ਅਧਿਆਪਕ ਇਸ ਸੇਵਾ ਫਲ ਤੋਂ ਵਾਂਝੇ ਹਨ । ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਦੇ ਸ਼ਹਿਰੀ ਸਕੂਲਾਂ ਵਿੱਚ ਕੰਮ ਕਰਨ ਵਾਲੇ ਕਿਸੇ ਵੀ ਵਲੰਟੀਅਰ ਅਧਿਆਪਕ ਨੂੰ ਇਹ ਸੇਵਾ ਫਲ ਅਜੇ ਤੱਕ ਨਹੀਂ ਮਿਲਿਆ। ਪ੍ਰਤੀ ਮਹੀਨਾ 3000 ਰੁਪਏ ਦੀ ਦਰ ਨਾਲ ਇਹ ਸੇਵਾ ਫਲ ਹਰ ਅਧਿਆਪਕ ਦਾ ਲਗਭਗ 15000 ਰੁਪਏ ਬਣਦਾ ਹੈ ।

ਇਹ ਵਲੰਟੀਅਰ ਅਧਿਆਪਕ ਸੇਵਾ ਫਲ ਪ੍ਰਾਪਤ ਕਰਨ ਲਈ ਸਾਰੇ ਦਫਤਰਾਂ ਦੇ ਧੱਕੇ ਖਾਣ ਲਈ ਮਜਬੂਰ ਹਨ ਤੇ ਕਿਸੇ ਵੱਲੋਂ ਵੀ ਕੋਈ ਲੜ ਪੱਲਾ ਨਹੀਂ ਫੜਾਇਆ ਜਾ ਰਿਹਾ। ਇਸ ਮਾਮਲੇ ਵਿੱਚ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਸਲਾਹਕਾਰ ਪ੍ਰੇਮ ਚਾਵਲਾ, ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸਿੰਦਰਪਾਲ ਸਿੰਘ ਢਿੱਲੋਂ ਅਤੇ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਸਹਿਦੇਵ ਨੇ ਡਿਪਟੀ ਕਮਿਸ਼ਨਰ ਫਰੀਦਕੋਟ ਤੋਂ ਮੰਗ ਕੀਤੀ ਹੈ ਕਿ ਤੁਰੰਤ ਇਸ ਮਸਲੇ ਵੱਲ ਨਿੱਜੀ ਤੌਰ 'ਤੇ ਧਿਆਨ ਦੇ ਕੇ ਸਬੰਧਤ ਵਲੰਟੀਅਰ ਅਧਿਆਪਕਾਂ ਦਾ ਬਣਦਾ ਸੇਵਾ ਫਲ ਜਾਰੀ ਕਰਵਾਇਆ ਜਾਵੇ।

# ਚੋਣ ਜ਼ਾਬਤੇ ਤੋਂ ਪਹਿਲਾਂ ਸਰਕਾਰ ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਦੀਆਂ ਮੰਨੀਆਂ ਮੰਗਾਂ ਦਾ ਨੋਟੀਫਿਕੇਸ਼ਨ ਕਰੇ ਜਾਰੀ : ਬੀਰ, ਪਾਤੜਾਂ



**ਮਾਨਸਾ (ਪਮਾਰ)**- ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ (ਪੀ ਪੀ ਪੀ ਤਰਜ਼) ਦੇ ਸੂਬਾ ਪ੍ਰਧਾਨ ਮੱਖਣ ਸਿੰਘ ਬੀਰ ਅਤੇ ਜਨਰਲ ਸਕੱਤਰ ਸੁਖਬੀਰ ਸਿੰਘ ਪਾਤੜਾਂ ਨੇ ਮੀਡੀਆ ਨੂੰ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਜਥੇਬੰਦੀ ਦੀਆਂ ਪਿਛਲੀਆਂ ਮੀਟਿੰਗਾਂ ਵਿੱਚ ਮੰਨੀਆਂ ਮੰਗਾਂ ਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਕਰੇ। ਉਨ੍ਹਾਂ ਦੱਸਿਆ ਕਿ 4 ਮਾਰਚ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਚੰਡੀਗੜ੍ਹ ਵਿਖੇ ਹੋਣ ਜਾ ਰਹੀ ਮੀਟਿੰਗ ਵਿੱਚ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਜ਼ੋਰ ਸ਼ੋਰ ਨਾਲ ਉਠਾਈ ਜਾਵੇਗੀ। ਇਸ ਉਪਰੰਤ ਸੂਬੇ ਵਿਚ ਲੋਕ ਸਭਾ ਦੀਆਂ ਆਮ ਚੋਣਾਂ ਕਾਰਨ ਚੋਣ ਜ਼ਾਬਤਾ ਲਾਗੂ ਹੋ ਜਾਵੇਗਾ। ਯੂਨੀਅਨ ਦੇ ਸੂਬਾਈ ਆਗੂਆਂ ਨੇ ਸੂਬਾ ਸਰਕਾਰ ਨਾਲ ਨਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਜਦ ਜਥੇਬੰਦੀ ਦੀਆਂ ਮੰਗਾਂ ਪਿਛਲੀਆਂ ਮੀਟਿੰਗਾਂ ਵਿੱਚ ਮੰਨੀਆਂ ਜਾਂਦੀਆਂ ਰਹੀਆਂ ਹਨ ਤਾਂ ਫਿਰ ਲਾਗੂ ਕਰਨ ਵਿਚ ਹੋਰ ਦੇਰੀ ਕਿਉਂ ਕੀਤੀ ਜਾ ਰਹੀ ਹੈ। ਆਗੂਆਂ ਕਿਹਾ ਕਿ ਹਕੂਮਤ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਪੰਜਾਬ ਦੇ ਆਦਰਸ਼ ਸਕੂਲਾਂ ਦੇ ਕਰਮਚਾਰੀਆਂ ਦੀਆਂ ਨੌਕਰੀਆਂ ਨਿਯਮਤ ਕਰਨ, ਗਰੇਡ ਪੇਅ ਲਾਗੂ ਕਰਨ, ਸਿਵਲ ਸਰਵਿਸਿਜ਼ ਰੂਲ ਅਪਣਾਉਣ, ਬਦਲੀਆਂ ਦੀ ਵਿਵਸਥਾ ਕਰਨ, ਸਾਲਾਨਾ ਇੰਕਰੀਮੈਂਟ ਲਗਾਉਣ ਸਮੇਤ ਤਮਾਮ ਮੰਗਾਂ ਲਾਗੂ ਕਰਨ ਦੀ ਹਾਮੀ ਭਰੀ ਸੀ। ਪਰ ਦੁੱਖ ਤੇ ਅਫਸੋਸ ਦੀ ਗੱਲ ਹੈ ਕਿ ਐਨਾ ਲੰਬਾ ਸਮਾਂ ਬੀਤਣ ਦੇ ਬਾਵਜੂਦ ਸਰਕਾਰ ਜਥੇਬੰਦੀ ਦੀਆਂ ਮੰਗਾਂ 'ਤੇ ਕੰਨ ਧਰਦੀ ਨਜ਼ਰ ਨਹੀਂ ਆ ਰਹੀ । ਉਨ੍ਹਾਂ ਕਿਹਾ ਕਿ 4 ਮਾਰਚ ਨੂੰ ਹੋਣ ਜਾ ਰਹੀ ਮੀਟਿੰਗ ਵਿੱਚ ਮੰਨੀਆਂ ਮੰਗਾਂ ਦਾ ਤੁਰੰਤ ਨੋਟੀਫਿਕੇਸ਼ਨ ਜਾਰੀ ਨਾ ਕੀਤਾ ਤਾਂ ਜਥੇਬੰਦੀ ਆਗਾਮੀ ਲੋਕ ਸਭਾ ਚੋਣਾਂ ਵਿੱਚ ਪਿੰਡਾਂ 'ਚ ਜ਼ਬਰਦਸਤ ਵਿਰੋਧ ਕਰੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਤ ਪ੍ਰਧਾਨ ਵਿਸ਼ਾਲ ਭਠੇਜਾ, ਮੈਡਮ ਮੀਨੂੰ, ਓਮਾ ਮਾਧਵੀ, ਹਰਪ੍ਰੀਤ ਕੌਰ ਪੱਕਾ, ਮਨਪ੍ਰੀਤ ਸਿੰਘ, ਅਮਨਦੀਪ ਸਾਸਤਰੀ, ਸਲੀਮ ਮੁਹੰਮਦ, ਹਰਵਿੰਦਰ ਸਿੰਘ, ਜਗਤਾਰ ਗੰਢੂਆਂ, ਗਗਨਦੀਪ ਮਹਾਜਨ, ਸੰਜੀਵ ਕੁਮਾਰ, ਸੰਦੀਪ ਸਿੰਘ, ਅਮਰਪਾਲ ਜੋਸ਼ੀ, ਆਦਿ ਵੀ ਹਾਜ਼ਰ ਸਨ।

# ਮਿੱਤਲ ਸਿਟੀ ਮਾਲ 'ਚ ਖੁੱਲ੍ਹਿਆ ਲਗਜ਼ਰੀ ਸਹੂਲਤਾਂ ਵਾਲਾ ਲੁਕਸ ਸੈਲੂਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)** ਮਿੱਤਲ ਸਿਟੀ ਮਾਲ ਵਿਖੇ ਦੇਸ਼ ਦੇ ਮਸ਼ਹੂਰ ਬ੍ਰਾਂਡ ਲੁਕਸ ਸੈਲੂਨ ਦੀ ਸ਼ੁਰੂਆਤ ਹੋ ਗਈ ਹੈ, ਜਿਸ ਦਾ ਰਸਮੀ ਉਦਘਾਟਨ ਏਡੀਜੀਪੀ ਐਸਪੀਐਸ ਪਰਮਾਰ ਵੱਲੋਂ ਕੀਤਾ ਗਿਆ।ਇਸ ਮੌਕੇ ਮਿੱਤਲ ਗਰੁੱਪ ਆਫ਼ ਕੰਪਨੀਜ਼ ਦੇ ਮੈਨੇਜਿੰਗ ਡਾਇਰੈਕਟਰ ਰਾਜਿੰਦਰ ਮਿੱਤਲ ਤੇ ਹੋਰ ਪਰਵਾਰਕ ਮੈਂਬਰ ਵੀ ਹਾਜ਼ਰ ਸਨ।ਦੱਸਣਯੋਗ ਹੈ ਕਿ ਦੇਸ਼ ਦੇ ਮਸ਼ਹੂਰ ਬ੍ਰਾਂਡ ਲੁਕਸ ਸੈਲੂਨ ਦੀਆਂ ਹੁਣ ਤੱਕ ਦੇਸ਼ ਭਰ 'ਚ 210 ਦੇ ਕਰੀਬ ਬ੍ਰਾਂਚਾਂ ਹਨ, ਜਦੋਂ ਕਿ ਇਹ 211 ਵੀ ਬ੍ਰਾਂਚ ਹੈ ਜਿਸ ਨੂੰ ਮਿੱਤਲ ਗਰੁੱਪ ਵੱਲੋਂ ਹੀ ਆਪਣੇ ਸ਼ਹਿਰ ਬਠਿੰਡਾ 'ਚ ਲਿਆਂਦਾ ਗਿਆ ਹੈ ਤਾਂ ਜੁ ਇਸ ਖੇਤਰ 'ਚ ਵੀ ਲੋਕਾਂ ਨੂੰ ਇਸ ਖੇਤਰ 'ਚ ਚੰਗੀ ਸਰਵਿਸ ਮਿਲ ਸਕੇ।ਮਿੱਤਲ ਮਾਲ ਦੇ ਗਰਾਊਂਡ ਫਲੋਰ ਵਿਖੇ ਖੋਲ੍ਹੀ ਗਈ ਲੁਕਸ ਸੈਲੂਨ ਦੀ ਨਵੀਂ ਬ੍ਰਾਂਚ ਦਾ ਉਦਘਾਟਨ ਕਰਨ ਲਈ ਏਡੀਜੀਪੀ ਐਸਪੀਐਸ ਪਰਮਾਰ ਆਪਣੇ ਪਰਵਾਰ ਸਮੇਤ ਪਹੁੰਚੇ।ਇਸ ਮੌਕੇ ਉਨ੍ਹਾਂ ਰਿਵਨ ਅਤੇ ਕੇਕ ਕੱਟ ਦੇ ਇਸ ਸੈਲੂਨ ਦਾ ਉਦਘਾਟਨ ਕੀਤਾ।ਮੈਡਮ ਸੁਨੀਤਾ ਮਿੱਤਲ ਨੇ ਦੱਸਿਆ ਕਿ ਪੰਜਾਬ ਦੇ ਹੋਰ ਵੱਡੇ ਸ਼ਹਿਰਾਂ 'ਚ ਲੁਕਸ ਸੈਲੂਨ ਸਨ, ਪਰ ਬਠਿੰਡਾ 'ਚ ਇਹ ਪਹਿਲੀ ਬ੍ਰਾਂਚ ਹੈ ਇਸ ਨਾਲ ਲੋਕਾਂ ਨੂੰ ਇਕ ਛੱਤ ਦੇ ਹੇਠਾਂ ਪ੍ਰੀਮੀਅਮ ਸੇਵਾਵਾਂ ਮਿਲਣਗੀਆਂ ਅਤੇ ਭਵਿੱਖ 'ਚ ਵੀ ਅਸੀਂ ਆਪਣੇ ਸ਼ਹਿਰ ਨੂੰ ਅੱਗੇ ਲਿਆਉਣ ਲਈ ਹਰ ਸੰਭਵ ਯਤਨ ਕਰਾਂਗੇ।

# ਪ੍ਰਕਾਸ਼ ਸਿੰਘ ਬਾਦਲ ਦੀ ਪਹਿਲੀ ਬਰਸੀ 10 ਨੂੰ



**ਸ੍ਰੀ ਮੁਕਤਸਰ ਸਾਹਿਬ , ( ਸ਼ਮਿੰਦਰ ਪਾਲ )**-ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਦੀ ਪਹਿਲੀ ਬਰਸੀ 10 ਮਾਰਚ ਨੂੰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਬਾਦਲ ਵਿਖੇ ਮਨਾਈ ਜਾ ਰਹੀ ਹੈ । ਇਹ ਜਾਣਕਾਰੀ ਇਸਤਰੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਨੇ ਦਿੱਤੀ । ਉਹਨਾਂ ਕਿਹਾ ਕਿ ਇਸ ਬਰਸੀ ਦੌਰਾਨ ਵੱਡੀ ਗਿਣਤੀ ਵਿੱਚ ਔਰਤਾਂ ਪਿੰਡ ਬਾਦਲ ਵਿਖੇ ਪੁੱਜਣਗੀਆਂ । ਜਿਸ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ।

# ਗਰਾਊਂਡ ਦੀ ਚਾਰਦੀਵਾਰੀ ਤੇ ਜਾਲ ਲਾਉਣ ਲਈ 3 ਲੱਖ ਦੀ ਗ੍ਰਾਂਟ ਜਾਰੀ



**ਗਿੱਦੜਬਾਹਾ (ਜਸਵੰਤ ਗਿੱਲ ਛੱਤੇਆਣਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦਾ ਸਰਵਪੱਖੀ ਹੋ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਚੇਅਰਮੈਨ ਜ਼ਿਲਾ ਯੋਜਨਾ ਬੋਰਡ ਸ੍ਰੀ ਸੁਖਜਿੰਦਰ ਸਿੰਘ ਕਾਉਣੀ ਨੇ ਪਿੰਡ ਬਬਾਣੀਆਂ ਵਿਖੇ ਵਾਲੀਵਾਲ ਸ਼ੂਟਿੰਗ ਕੱਚੀ ਕੱਪ ਦੇ ਉਦਘਾਟਨ ਕਰਨ ਮੌਕੇ ਕੀਤਾ।ਇਸ ਮੌਕੇ ਉਨ੍ਹਾਂ ਨੇ ਖੇਡ ਦੇ ਗਰਾਊਂਡ ਦੀ ਚਾਰਦੀਵਾਰੀ ਅਤੇ ਜਾਲ ਲਗਾਉਣ ਲਈ ਆਪਣੇ ਅਖਤਿਆਰੀ ਕੋਟੇ ਵਿੱਚੋਂ 3 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਦਿਆਂ ਕਿਹਾ ਕਿ ਪਿੰਡ ਬਬਾਣੀਆਂ ਦੇ ਵਿਕਾਸ ਲਈ ਪਹਿਲਾਂ ਵੀ ਉਹਨਾਂ ਨੇ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਯਤਨਾਂ ਸਦਕਾ 14 ਲੱਖ ਰੁਪਏ ਦੀ ਗਰਾਂਟ ਪਾਸ ਕਰਾਈ ਸੀ।

ਮੀਡੀਆ ਇੰਚਾਰਜ ਸ੍ਰੀ ਰਮੇਸ਼ ਅਰਨੀਵਾਲਾ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਸ਼ਹਿਰਾਂ ਅਤੇ ਪਿੰਡਾਂ ਲਈ ਗਰਾਂਟਾਂ ਜਾਰੀ ਕਰਕੇ ਸੜਕਾਂ, ਖੇਡ ਗਰਾਊਡ, ਸਿਹਤ ਸਹੂਲਤਾਂ ਅਤੇ ਚੰਗੀ ਸਿੱਖਿਆ ਲਈ ਵਧੀਆਂ ਸਕੂਲ ਬਣਾਏ ਜਾ ਰਹੇ ਹਨ। ਇਸੇ ਅਧੀਨ ਪਿੰਡ ਬਾਬਾਣੀਆਂ ਲਈ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਨੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਪਖਾਨੇ/ਵਾਸ਼ਰੂਮ ਬਲਾਕ ਬਣਾਉਣ ਲਈ, ਪਿੰਡ ਵਿੱਚ ਸੋਲਰ ਸਟਰੀਟ ਲਾਈਟਾਂ ਲਗਾਉਣ, ਢਾਣੀ ਪਾਲਾ ਸਿੰਘ ਤੋਂ ਡਰੇਨ ਦੀ ਨਿਕਾਸੀ ਪਾਈਪ ਪਾਉਣ, ਬਾਹਰੀ ਡਰੇਨ ਦੀ ਨਿਕਾਸੀ ਪਾਈਪ ਪਾਉਣ ਲਈ ਕਰੀਬ 14 ਲੱਖ ਰੁਪਏ ਦੀ ਗ੍ਰਾਂਟ ਪਾਸ ਕਰਵਾਈ ਸੀ

# ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਯਾਦ 'ਚ ਸੱਭਿਆਚਾਰਕ ਪ੍ਰੋਗਰਾਮ 23 ਨੂੰ



**ਲਹਿਰਾਗਾਗਾ (ਪਵਨ ਸ਼ਰਮਾ)**-ਲੋਕ ਚੇਤਨਾ ਮੰਚ, ਲਹਿਰਾਗਾਗਾ ਵੱਲੋਂ ਸ਼ਹੀਦ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਦੀ ਯਾਦ ਵਿੱਚ ਇਨਕਲਾਬੀ ਸੱਭਿਆਚਾਰਕ ਪ੍ਰੋਗਰਾਮ 23 ਮਾਰਚ ਨੂੰ ਪੁਰਾਣੀ ਦਾਣਾ ਮੰਡੀ, ਲਹਿਰਾਗਾਗਾ ਵਿਖੇ ਕਰਵਾਇਆ ਜਾਵੇਗਾ। ਇਹ ਫੈਸਲਾ ਲੋਕ ਚੇਤਨਾ ਮੰਚ ਲਹਿਰਾਗਾਗਾ ਦੀ ਇੱਕ ਅਹਿਮ ਮੀਟਿੰਗ ਵਿੱਚ ਲਿਆ ਗਿਆ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਨੇ ਕਿਹਾ ਕਿ ਇਹ ਪ੍ਰੋਗਰਾਮ ਕਰਵਾਉਣ ਦਾ ਮਕਸਦ ਉਨ੍ਹਾਂ ਸ਼ਹੀਦਾਂ ਦੇ ਵਿਚਾਰਾਂ ਨੂੰ ਬੁਲੰਦ ਕਰਨਾ ਹੈ ਜਿਨ੍ਹਾਂ ਨੇ ਦੇਸ਼ ਦੀ ਮੁਕਤੀ ਲਈ ਅਤੇ ਇੱਕ ਨਵਾਂ ਨਰੋਆ ਸਮਾਜ ਸਿਰਜਣ ਲਈ ਆਪਣੀਆਂ ਜ਼ਿੰਦਗੀਆਂ ਹੱਸ ਹੱਸ ਕੁਰਬਾਨ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਅੱਜ ਹਰ ਕੋਈ ਸਮਝਦਾ ਹੈ ਕਿ ਭਾਰਤ ਦਾ ਆਰਥਕ ਸਿਆਸੀ ਨਿਜ਼ਾਮ ਦੇਸੀ ਬਦੇਸ਼ੀ ਕਾਰਪੋਰੇਟ ਲੁਟੇਰਿਆਂ ਦੀ ਸੇਵਾ ਕਰਦਾ ਹੈ ਅਤੇ ਦੇਸ਼ ਦੇ ਮਿਹਨਤਕਸ਼ ਲੋਕਾਂ ਨਾਲ ਧਰੋਹ ਕਮਾਉਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸੱਭਿਆਚਾਰਕ ਪ੍ਰੋਗਰਾਮ ਵਿੱਚ ਲੋਕ ਕਲਾ ਮੰਚ, ਮਾਨਸਾ (ਪ੍ਰੋ: ਅਜਮੇਰ ਔਲਖ) ਵੱਲੋਂ ਇਨਕਲਾਬੀ ਨਾਟਕ ਪੇਸ਼ ਕੀਤੇ ਜਾਣਗੇ ਅਤੇ ਜਗਦੀਸ਼ ਪਾਪੜਾ ਦੀ ਅਗਵਾਈ ਵਿੱਚ ਮਾਲਵਾ ਹੇਕ, ਲਹਿਰਾਗਾਗਾ ਵੱਲੋਂ ਗੀਤ-ਸੰਗੀਤ ਦਾ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਮੀਟਿੰਗ ਵਿੱਚ ਮੰਚ ਦੇ ਸਕੱਤਰ ਹਰਭਗਵਾਨ ਗੁਰਨੇ, ਮੀਤ ਪ੍ਰਧਾਨ ਜਗਜੀਤ ਭੁਟਾਲ, ਜਗਦੀਸ਼ ਪਾਪੜਾ, ਪ੍ਰਿੰਸੀਪਲ ਪਿਆਰਾ ਲਾਲ, ਸ਼ਮਿੰਦਰ ਸਿੰਘ, ਗੁਰਚਰਨ ਸਿੰਘ, ਮਹਿੰਦਰ ਸਿੰਘ, ਵਰਿੰਦਰ ਭੁਟਾਲ, ਲਛਮਣ ਅਲੀਸ਼ੇਰ, ਸੁਖਜਿੰਦਰ ਲਾਲੀ, ਭੀਮ ਸਿੰਘ, ਪਰਵੀਨ ਖੋਖਰ, ਰਣਜੀਤ ਲਹਿਰਾ ਨੇ ਹਿੱਸਾ ਲਿਆ ਅਤੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਤਿਆਰੀਆਂ ਕਰਨ ਦਾ ਅਹਿਦ ਕੀਤਾ।

# ਚੋਰਾਂ ਨੂੰ ਗ੍ਰਿਫਤਾਰ ਕਰ ਜੇਲ੍ਹ ਭੇਜਿਆ

**ਬਰੇਟਾ (ਰੀਤਵਾਲ)**- 12 ਫਰਵਰੀ ਦੀ ਰਾਤ ਨੂੰ ਪਿੰਡ ਅਕਬਰਪੁਰ ਖੁਡਾਲ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਚੋਰਾਂ ਵੱਲੋਂ ਸਕੂਲ 'ਚ ਚੋਰੀ ਕੀਤੀ ਗਈ ਸੀ। ਜਿਸ 'ਚ ਬਰੇਟਾ ਪੁਲਸ ਨੇ ਚੋਰਾਂ ਨੂੰ ਕਾਬੂ ਕਰਕੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਦਰਸ਼ਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਚੋਰੀ ਕਰਨ ਵਾਲੇ ਦੋਸ਼ੀ ਦਿਲਪ੍ਰੀਤ ਸਿੰਘ ਵਾਸੀ ਕਾਹਨਗੜ੍ਹ ਨੂੰ ਉਸ ਦੇ ਪਿੰਡੋਂ ਗ੍ਰਿਫ਼ਤਾਰ ਕੀਤਾ।ਜਿਸ ਤੋਂ ਪੁੱਛ ਪੜਤਾਲ ਕਰਨ ਉਪਰੰਤ ਉਸ ਨੇ ਕਬੂਲ ਕੀਤਾ ਕਿ ਮੈਂ ਅਤੇ ਮੇਰੇ ਸਾਥੀ ਹਰਵਿੰਦਰ ਸਿੰਘ ਨੇ ਸਕੂਲ ਚੋਂ ਐਲ ਸੀ ਡੀਆਂ ਤੇ ਪ੍ਰਿੰਟਰ ਤੋਂ ਇਲਾਵਾ ਹੋਰ ਸਮਾਨ ਚੋਰੀ ਕੀਤਾ ਸੀ ਅਤੇ ਅਸੀਂ ਚੋਰੀ ਕੀਤਾ ਕੁਝ ਸਮਾਨ ਬਰੇਟਾ ਦੀ ਗਣਪਤੀ ਨਾਮ ਦੀ ਦੁਕਾਨ 'ਤੇ ਸੇਲ ਕਰ ਦਿੱਤਾ ਸੀ। ਜਿਸ ਤੋਂ ਬਾਅਦ ਅਸੀਂ ਦੁਕਾਨ ਮਾਲਕ ਕਰੁਣ ਕੁਮਾਰ ਉਰਫ ਰਵੀ ਕੁਮਾਰ ਨੂੰ ਉਸ ਦੇ ਘਰ ਦੇ ਨਜ਼ਦੀਕੋ ਕਾਬੂ ਕੀਤਾ। ਜਿਸ ਨੇ ਪੁੱਛ ਪੜਤਾਲ ਕਰਨ ਉਪਰੰਤ ਦੱਸਿਆ ਕਿ ਹਾਂ ਮੈਂ ਇਨ੍ਹਾਂ ਤੋਂ ਚੋਰੀ ਹੋਇਆ ਸਮਾਨ ਖਰੀਦਿਆ ਸੀ।ਜਿਸ ਤੋਂ ਬਾਅਦ ਬਰੇਟਾ ਪੁਲਸ ਨੇ ਤਿੰਨ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਆਈ ਪੀ ਸੀ ਦੀਆਂ ਵੱਖ-ਵੱਖ ਧਰਾਵਾਂ ਸਮੇਤ ਮਾਮਲਾ ਦਰਜ ਕਰ ਕੇ ਤਿੰਨੇ ਦੋਸ਼ੀਆਂ ਨੂੰ ਜੇਲ ਭੇਜ ਦਿੱਤਾ ਹੈ।

# ਰਾਸ਼ਟਰੀ ਵਿਗਿਆਨ ਦਿਵਸ ਮਨਾਇਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਮੌਕੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਦੀ ਅਗਵਾਈ ਹੇਠ ਸਮਾਗਮ ਕਰਵਾਇਆ ਗਿਆ। ਪ੍ਰਿੰਸੀਪਲ ਨੇ ਸਮਾਗਮ 'ਚ ਸ਼ਾਮਲ ਵਿਦਿਆਰਥੀਆਂ ਅਤੇ ਸਟਾਫ ਨੂੰ ਦੱਸਿਆ ਕਿ 1986 ਤੋਂ ਬਾਅਦ ਹਰ ਸਾਲ 28 ਫਰਵਰੀ ਨੂੰ ਨੈਸ਼ਨਲ ਸਾਇੰਸ ਡੇਅ ਮਨਾਇਆ ਜਾਂਦਾ ਹੈ। ਇਹ ਦੇਸ਼ ਦੇ ਮਹਾਨ ਵਿਗਿਆਨਕ ਸੀ.ਵੀ. ਰਮਨ ਦੀ ਯਾਦ 'ਚ ਮਨਾਇਆ ਜਾਂਦਾ ਹੈ ਜਿਨ੍ਹਾ ਨੂੰ 1930 'ਚ ਫਿਜ਼ਿਕਸ ਵਿਸ਼ੇ 'ਚ ਨੋਬਲ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਸੀ। ਹਰ ਸਾਲ ਲੋਕਾਂ 'ਚ ਵਿਗਿਆਨ 'ਚ ਰੁਚੀ ਵਧਾਉਣ ਅਤੇ ਜਾਗਰੂਕਤਾ ਪੈਦਾ ਕਰਨਾ ਇਸ ਦਿਵਸ ਦਾ ਮੁੱਖ ਉਦੇਸ਼ ਹੈ। ਇਸ ਦੇ ਨਾਲ ਹੀ ਦੇਸ਼ 'ਚ ਪਰਮਾਣੂ ਊਰਜਾ ਪ੍ਰਤੀ ਲੋਕਾਂ ਦੇ ਡਰ ਨੂੰ ਦੂਰ ਕਰਨਾ ਵੀ ਹੈ। ਜਿਸ ਵਿੱਚ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ , ਸਲੋਗਨ ਰਾਇਟਿੰਗ, ਕੁਇਜ਼ ਮੁਕਾਬਲੇ ਅਤੇ ਭਾਸ਼ਣ ਮੁਕਾਬਲਿਆਂ ਵਿਚ ਭਾਗ ਲਿਆ । ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਰੋਜ਼ਾਨਾ ਜੀਵਨ ਵਿੱਚ ਸਾਇੰਸ ਦੀ ਮਹੱਤਤਾ ਬਾਰੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

# ਦੜੇ-ਸੱਟੇ ਦੀ ਰਾਸ਼ੀ ਸਮੇਤ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**: ਥਾਣਾ ਤਲਵੰਡੀ ਭਾਈ ਪੁਲਸ ਨੇ ਗਸ਼ਤ ਅਤੇ ਛਾਪੇਮਾਰੀ ਦੌਰਾਨ ਇਕ ਵਿਅਕਤੀ ਨੂੰ 6810 ਰੁਪਏ ਰਾਸ਼ੀ ਦੜਾ ਸੱਟਾ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਜੂਆ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਸਾਹਿਬ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਨੇੜੇ ਰੇਲਵੇ ਫਾਟਕ ਤਲਵੰਡੀ ਭਾਈ ਪਾਸ ਪੁੱਜੇ ਤਾਂ ਇਸ ਦੌਰਾਨ ਇਤਲਾਹ ਮਿਲੀ ਕਿ ਦੋਸ਼ੀ ਸੋਮਨਾਥ ਪੁੱਤਰ ਗੁਰਦਾਸ ਚੰਦ ਵਾਸੀ ਢੀਂਗਰਾ ਫੈਕਟਰੀ ਤਲਵੰਡੀ ਭਾਈ ਦੜਾ ਸੱਟਾ ਲਗਾਉਣ ਦਾ ਆਦੀ ਹੈ, ਜੋ ਹੁਣ ਵੀ ਸ਼ਰੇਆਮ ਦੜਾ ਸੱਟਾ ਲਗਾ ਰਿਹਾ ਹੈ। ਪੁਲਸ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 6810 ਰੁਪਏ ਰਾਸ਼ੀ ਦੜਾ ਸੱਟਾ ਬਰਾਮਦ ਹੋਈ। ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਕੁੱਲ ਹਿੰਦ ਕਿਸਾਨ ਸਭਾ ਦੀ ਮੀਟਿੰਗ 'ਚ ਅਹਿਮ ਵਿਚਾਰਾਂ



**ਕੋਟ ਈਸੇ ਖਾਂ (ਅਰੋੜਾ)**-ਧਰਮਕੋਟ ਰੋਡ ਤੇ ਸਥਿਤ ਦਫਤਰ ਵਿਖੇ ਕੁੱਲ ਹਿੰਦ ਕਿਸਾਨ ਸਭਾ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਗੁਰਿੰਦਰ ਸਿੰਘ ਮਸੀਤਾਂ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਸੂਬੇ ਦੇ ਪ੍ਰਧਾਨ ਰੂਪ ਬਸੰਤ ਸਿੰਘ ਵੜੈਚ ਅਤੇ ਸੂਬਾ ਜਨਰਲ ਸਕੱਤਰ ਬਲਜੀਤ ਸਿੰਘ ਗਰੇਵਾਲ ਵੱਲੋਂ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ ਗਈ।ਇਸ ਸਮੇਂ ਬਲਜੀਤ ਸਿੰਘ ਗਰੇਵਾਲ ਅਤੇ ਰੂਪ ਬਸੰਤ ਸਿੰਘ ਵੜੈਚ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਡਬਲਯੂਟੀਓ ਦੀ ਮੀਟਿੰਗ, ਜੋ ਕਿ ਆਬੂਧਾਬੀ 29 ਫਰਵਰੀ ਤੱਕ ਹੋ ਰਹੀ ਹੈ, ਵਿੱਚ ਸਾਡੇ ਦੇਸ਼ ਨੂੰ ਇਸ ਵਿੱਚੋਂ ਬਾਹਰ ਆ ਜਾਣਾ ਚਾਹੀਦਾ ਹੈ, ਕਿਉਂਕਿ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਸਾਡੇ ਕਿਸਾਨਾਂ ਨੂੰ ਮਿਲਣ ਵਾਲੀਆਂ ਸਬਸਿਡੀਆਂ ਬੰਦ ਹੋ ਜਾਣਗੀਆਂ ਅਤੇ ਐਮਐਸਪੀ ਫ਼ਸਲਾਂ 'ਤੇ ਲਾਗੂ ਹੋਣ ਵਿੱਚ ਵੱਡੀ ਅੜਚਣ ਪੈਦਾ ਹੋਵੇਗੀ ਅਤੇ ਇਸ ਦੇ ਨਾਲ ਹੀ ਉਨ੍ਹਾਂ ਕਿਸਾਨੀ ਅੰਦੋਲਨ ਦੇ ਚੱਲਦੇ ਸੰਘਰਸ਼ ਬਾਰੇ ਦੱਸਿਆ ਕਿ ਇਸ ਸਬੰਧੀ 14 ਮਾਰਚ ਨੂੰ ਦਿੱਲੀ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਝੰਡੇ ਥੱਲੇ ਰਾਮਲੀਲਾ ਗਰਾਊਂਡ, ਜਿਸ ਵਿੱਚ ਮਜ਼ਦੂਰ ਵੀ ਸ਼ਾਮਲ ਹੋ ਰਹੇ ਹਨ, ਇਕ ਰੈਲੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਬਨੂੜ ਵਿਖੇ 12 ਮਾਰਚ ਨੂੰ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਜੋ ਖੁਸ਼ਹੈਸੀਅਤ ਮੋਰਚੇ ਵਿੱਚ ਪੰਜ ਕਿਸਾਨ ਸ਼ਹੀਦ ਹੋਏ ਸਨ, ਉਨ੍ਹਾਂ ਦੀ 65ਵੀਂ ਬਰਸੀ ਮਨਾਈ ਜਾ ਰਹੀ ਹੈ।ਇਸ ਸਮੇਂ ਕਾਮਰੇਡ ਸੁਰਜੀਤ ਸਿੰਘ ਗਗੜਾ ਸੂਬਾ ਸਕੱਤਰ ਕੁੱਲ ਹਿੰਦ ਕਿਸਾਨ ਸਭਾ ਨੇ ਦੱਸਿਆ ਕਿ 12 ਨੂੰ ਬਨੂੜ ਰੈਲੀ ਸਮੇਂ ਅਤੇ 14 ਮਾਰਚ ਦੀ ਦਿੱਲੀ ਰੈਲੀ ਲਈ ਮੋਗੇ ਜ਼ਿਲ੍ਹੇ ਤੋਂ ਕਾਫੀ ਗਿਣਤੀ ਵਿੱਚ ਕਿਸਾਨ ਤੇ ਮਜ਼ਦੂਰ ਹਾਜ਼ਰੀ ਲਵਾਉਣਗੇ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਗੁਰਿੰਦਰ ਸਿੰਘ ਮਸੀਤਾਂ, ਰਾਮ ਕ੍ਰਿਸ਼ਨ ਧਰਮਕੋਟ, ਪਿਆਰਾ ਸਿੰਘ ਜਾਨੀਆ, ਸੁਖਦੇਵ ਸਿੰਘ ਗਲੋਟੀ, ਸਰਵਣ ਕੁਮਾਰ ਸਦਰ ਕੋਟ, ਬਲਰਾਮ ਠਾਕਰ, ਨਵਕਾਸ ਖੇਤੀ ਸੈਂਟਰ, ਗੁਰਪ੍ਰੀਤ ਸਿੰਘ, ਬਲਜੀਤ ਸਿੰਘ, ਜੀਤਾ ਸਿੰਘ ਨਾਰੰਗ, ਬਲਦੇਵ ਸਿੰਘ ਚੱਕੀ ਵਾਲਾ, ਗੁਰਮੀਤ ਸਿੰਘ, ਰਣਜੀਤ ਸਿੰਘ ਚੀਮਾ, ਮਿਹਰ ਸਿੰਘ ਗਹਿਲੀ ਵਾਲਾ, ਜਸਵਿੰਦਰ ਸਿੰਘ ਕਾਲਾ ਆਦਿ ਹਾਜ਼ਰ ਸਨ।

# ਸੀਵਰੇਜ ਬੋਰਡ ਤੇ ਨਗਰ ਕੌਂਸਲ ਦੀ ਲਾਪ੍ਰਵਾਹੀ ਕਾਰਨ ਸਲੱਮ ਏਰੀਏ 'ਚ ਭਿਆਨਕ ਬਿਮਾਰੀਆਂ ਫੈਲਣ ਦਾ ਖਦਸ਼ਾ



**ਮਾਨਸਾ (ਆਤਮਾ ਸਿੰਘ ਪਮਾਰ)**-ਸੀਵਰੇਜ ਬੋਰਡ ਤੇ ਨਗਰ ਕੌਂਸਲ ਦੀ ਬੇਧਿਆਨੀ ਕਾਰਨ ਸਲੱਮ ਏਰੀਏ ਦੇ ਲੋਕਾਂ ਵਿਚ ਭਿਆਨਕ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਹੋਇਆ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਵਾਰਡ ਨੰਬਰ 2 ਮੋਹਨ ਹੌਲਦਾਰ ਵਾਲੀ ਗਲੀ ਨੇੜੇ ਹੋਮਗਾਰਡ ਦਫਤਰ ਮਾਨਸਾ ਦੇ ਨਿਵਾਸੀਆਂ ਦੀ ਸੀਵਰੇਜ ਸਮੱਸਿਆਵਾਂ ਸਬੰਧੀ ਹੋਈ ਮੀਟਿੰਗ ਮੌਕੇ ਹਾਜ਼ਰ ਲੋਕਾਂ ਨੂੰ ਸੰਬੋਧਨ ਦੌਰਾਨ ਕੀਤਾ। ਉਨ੍ਹਾਂ ਅਫਸੋਸ ਜ਼ਾਹਰ ਕੀਤਾ ਕਿ ਇੱਕ ਪਾਸੇ ਤਾਂ ਮਾਨ ਸਰਕਾਰ, ਸਰਕਾਰ ਤੁਹਾਡੇ ਦੁਆਰ ਦਾ ਨਾਅਰਾ ਦੇ ਰਹੀ ਹੈ, ਦੂਸਰੇ ਪਾਸੇ ਪੀੜਤ ਲੋਕ ਵਾਰ ਵਾਰ ਇਨਸਾਫ ਦੀ ਗੁਹਾਰ ਲਾ ਰਹੇ ਹਨ। ਸਾਥੀ ਚੌਹਾਨ ਨੇ ਸੂਬਾ ਸਰਕਾਰ ਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਤੋਂ ਮੰਗ ਕੀਤੀ ਕਿ ਇਸ ਵਿਚ ਸਬੰਧਤ ਅਧਿਕਾਰੀਆਂ ਤੇ ਲੋਕਾਂ 'ਤੇ ਜਿਨ੍ਹਾਂ ਦੀ ਅਣਗਹਿਲੀ ਕਾਰਨ ਭਿਆਨਕ ਬਿਮਾਰੀਆਂ ਜਨਮ ਲੈ ਸਕਦੀਆਂ ਹਨ 'ਤੇ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਪੀੜਤਾਂ ਨੂੰ ਨਿਆਂ ਦਿੱਤਾ ਜਾਵੇ। ਇਸ ਸਮੱਸਿਆ ਸਬੰਧੀ ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਭਰਾਤਰੀ ਜਥੇਬੰਦੀਆਂ ਤੇ ਲੋਕਾਂ ਦੇ ਸਹਿਯੋਗ ਸਦਕਾ ਨਗਰ ਕੌਂਸਲ ਤੇ ਸੀਵਰੇਜ ਬੋਰਡ ਖਿਲਾਫ ਸੰਘਰਸ਼ ਅਰੰਭ ਕੀਤਾ ਜਾਵੇਗਾ। ਨਗਰ ਨਿਵਾਸੀਆਂ ਵੱਲੋਂ ਨਗਰ ਕੌਂਸਲ ਤੇ ਸੀਵਰੇਜ ਬੋਰਡ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਰੋਸ ਪ੍ਰਦਰਸਨ ਵੀ ਕੀਤਾ ਗਿਆ। ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਗੋਗੀ ਸਿੰਘ, ਬਲਵੀਰ ਭੋਲਾ, ਨੱਥਾ ਸਿੰਘ ਪੇਂਟਰ, ਚਰਨਜੀਤ ਕੌਰ, ਅਮ੍ਰਿਤ ਕੌਰ, ਸੁਖਪਾਲ ਕੌਰ, ਅੰਤੋ ਕੌਰ ਆਦਿ ਮਹੱਲਾ ਨੂੰ ਨਿਵਾਸੀ ਵੀ ਹਾਜ਼ਰ ਸਨ ।

# ਪੋਸਟਰ ਮੇਕਿੰਗ ਮੁਕਾਬਲੇ ਕਰਵਾਏ




**ਧੂਰੀ (ਬਿੰਨੀ ਗਰਗ)**-ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਸਵੀਪ ਗਤੀਵਿਧੀਆਂ ਅਧੀਨ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਕਾਲਜ ਦੇ ਸਵੀਪ ਨੋਡਲ ਅਫ਼ਸਰ ਡਾ. ਭੁਪਿੰਦਰ ਸਿੰਘ ਨੇ ਕਿਹਾ ਕਿ ਇਨ੍ਹਾਂ ਦਾ ਉਦੇਸ਼ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਾਗ ਲੈਣ ਲਈ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨਾ ਹੈ। ਇਸ ਸਮੇਂ ਸਵੀਪ ਨੋਡਲ ਅਫ਼ਸਰ ਧੂਰੀ ਯਸ਼ਪਾਲ ਨੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਨੇ ਬਾਲਗ ਵਿਦਿਆਰਥੀਆਂ ਨੂੰ ਵੋਟਾਂ ਬਣਾਉਣ ਲਈ ਪ੍ਰੇਰਿਤ ਕੀਤਾ। ਵੋਟ ਬਣਾਉਣ ਲਈ ਉਨ੍ਹਾਂ ਨੇ ਵੋਟਰ ਹੈਲਪਲਾਈਨ ਐਪ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਵੋਟ ਦੀ ਲੋਕਤੰਤਰ ਵਿੱਚ ਮਹੱਤਤਾ ਦਾ ਵੀ ਉਨ੍ਹਾਂ ਨੇ ਜ਼ਿਕਰ ਕੀਤਾ। ਕਾਲਜ ਇੰਚਾਰਜ ਡਾ. ਸੁਭਾਸ਼ ਕੁਮਾਰ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਸਮੇਂ ਸਹਾਇਕ ਸਵੀਪ ਨੋਡਲ ਅਫ਼ਸਰ ਧੂਰੀ ਮਨੀਸ਼ ਗਰਗ , ਡਾ. ਕਰਮਜੀਤ ਸਿੰਘ ਅਤੇ ਇੰਜ ਵਰਿੰਦਰ ਕੁਮਾਰ ਸਿੰਗਲਾ ਵੀ ਹਾਜ਼ਰ ਸਨ।

# ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਵੱਲੋਂ ਜੇਲ੍ਹ ਦਾ ਦੌਰਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ )**-ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸ੍ਰੀ ਮੁਕਤਸਰ ਸਾਹਿਬ ਰਾਜ ਕੁਮਾਰ ਵੱਲੋਂ ਅੱਜ ਜ਼ਿਲ੍ਹਾ ਜੇਲ੍ਹ ਸ੍ਰੀ ਮੁਕਤਸਰ ਸਾਹਿਬ ਦਾ ਦੌਰਾ ਕੀਤਾ ਗਿਆ। ਉਨ੍ਹਾਂ ਵੱਲੋਂ ਜੇਲ੍ਹ ਵਿੱਚ ਬੰਦ ਹਵਾਲਾਤੀ/ਕੈਦੀਆਂ ਨਾਲ ਮੁਲਾਕਾਤ ਕਰਨ ਲਈ ਹਰੇਕ ਬੈਰਕ ਦਾ ਨਿਰੀਖਣ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਜਲਦ ਹੀ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਜੇਲ੍ਹ ਵਿੱਚ ਚੱਲ ਰਹੇ ਹਸਪਤਾਲ ਅਤੇ ਖਾਣੇ ਵਾਲੀ ਰਸੋਈ ਦਾ ਵੀ ਨਿਰੀਖਣ ਕੀਤਾ ਗਿਆ। ਜੇਲ੍ਹ ਵਿੱਚ ਕੈਦੀਆਂ ਅਤੇ ਹਵਾਲਾਤੀਆਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਅਤੇ ਖਾਣੇ 'ਤੇ ਤਸੱਲੀ ਪ੍ਰਗਟ ਕੀਤੀ। ਇਸ ਤੋਂ ਇਲਾਵਾ ਜੇਲ੍ਹ ਵਿੱਚ ਚੱਲ ਰਹੇ ਲੀਗਲ ਏਡ ਕਲੀਨਿਕ ਵਿੱਚ ਮੌਜੂਦ ਵਕੀਲ ਸਾਹਿਬਾਨ ਅਤੇ ਪੈਰਾ ਲੀਗਲ ਵਲੰਟੀਅਰਜ਼ ਵੱਲੋਂ ਕੈਦੀਆਂ/ਹਵਾਲਾਤੀਆਂ ਨੂੰ ਮਿਲ ਰਹੀ ਕਾਨੂੰਨੀ ਸਹਾਇਤਾ ਤੇ' ਤਸੱਲੀ ਪ੍ਰਗਟ ਕੀਤੀ।ਇਸ ਮੌਕੇ ਮਿਸ਼ਃ ਹਰਪ੍ਰੀਤ ਕੌਰ, ਸਿਵਲ ਜੱਜ (ਸੀਨੀਅਰ ਡਵੀਜ਼ਨ) ਸਾਹਿਤ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਤੋਂ ਇਲਾਵਾ ਜੇਲ੍ਹ ਸੁਪਰਡੰਟ ਸਮੇਟ ਸਟਾਫ਼ ਅਤੇ ਚੀਫ਼ ਲੀਗਲ ਏਡ ਡੀਫੈਂਨਸ ਕਾਊਂਸਲਸ ਅਤੇ ਪੈਰਾ ਲੀਗਲ ਵਲੰਟੀਅਰ ਵੀ ਹਾਜ਼ਰ ਸਨ।

# ਰਾਜਾ ਵੜਿੰਗ ਪਹੁੰਚੇ ਕੌਂਸਲਰ ਸ਼ਸ਼ੀ ਗਰਗ ਦੇ ਘਰ



**ਬਾਘਾ ਪੁਰਾਣਾ (ਮਨੀ ਸਿੰਗਲਾ)** ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਤੇ ਸਾਬਕਾ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਾਂਗਰਸ ਪਾਰਟੀ ਦੇ ਸੀਨੀਅਰ ਟਕਸਾਲੀ ਆਗੂ ਤੇ ਕੌਂਸਲਰ ਸ਼ਸ਼ੀ ਗਰਗ ਦੇ ਮਦਾਰੀ ਮਾਰਕੀਟ ਵਿੱਚ ਸਥਿਤ ਦੁਕਾਨ 'ਤੇ ਫੇਰੀ ਪਾਈ ਗਈ। ਇਸ ਮੌਕੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਅਤੇ ਕਾਂਗਰਸ ਦੇ ਸੀਨੀਅਰ ਆਗੂ ਜਗਸੀਰ ਸਿੰਘ ਕਾਲੇਕੇ, ਕੌਂਸਲਰ ਸਸੀ ਗਰਗ ਸਮੇਤ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਅਤੇ ਦੁਕਾਨਦਾਰਾਂ ਵੱਲੋਂ ਮਦਾਰੀ ਮਾਰਕੀਟ ਪੁੱਜਣ 'ਤੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਨਿੱਘਾ ਸਵਾਗਤ ਕਰਦਿਆਂ ਗੁਲਦਸਤਾ ਭੇਟ ਕੀਤਾ। ਜ਼ਿਕਰਯੋਗ ਹੈ ਕਿ ਕੌਂਸਲਰ ਸ਼ਸ਼ੀ ਗਰਗ, ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਅਤੀ ਨਜ਼ਦੀਕੀ ਸਾਥੀਆਂ ਵਿਚ ਗਿਣਿਆ ਜਾਂਦਾ ਹੈ, ਜਿਸ ਕਰ ਕੇ ਪ੍ਰਧਾਨ ਰਾਜਾ ਵੜਿੰਗ ਨੇ ਆਪਣੀ ਹਲਕੇ ਦੀ ਫੇਰੀ ਦੌਰਾਨ ਸ਼ਸ਼ੀ ਗਰਗ ਦੀ ਦੁਕਾਨ 'ਤੇ ਆਪਣੇ ਚਰਨ ਪਾਏ ਅਤੇ ਹਲਕੇ ਦੀ ਲੀਡਰਸ਼ਿਪ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੁਕਾਨਦਾਰਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਕਿਹਾ ਕਿ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਸਰਕਾਰ ਅੱਗੇ ਰੱਖੀਆਂ ਜਾਣਗੀਆਂ।

ਇਸ ਮੌਕੇ ਰਾਜਾ ਵੜਿੰਗ ਵੱਲੋਂ ਕੌਂਸਲਰ ਸ਼ਸ਼ੀ ਗਰਗ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ਼ਸ਼ੀ ਗਰਗ ਨੇ ਹਮੇਸ਼ਾ ਹੀ ਸਵਾਰਥ ਤੋਂ ਬਿਨਾਂ ਇੱਕ ਵਫਾਦਾਰ ਸਿਪਾਹੀ ਵਜੋਂ ਕਾਂਗਰਸ ਵਿੱਚ ਆਪਣੀਆਂ ਸੇਵਾਵਾਂ ਨਿਭਾਈਆਂ ਹਨ, ਜੋ ਸ਼ਲਾਘਾਯੋਗ ਹਨ। ਉਨ੍ਹਾਂ ਸ਼ਸ਼ੀ ਗਰਗ ਨੂੰ ਥਾਪੜਾ ਦਿੰਦਿਆਂ ਕਿਹਾ ਕਿ ਉਹ ਪਾਰਟੀ ਦੀ ਮਜਬੂਤੀ ਨੂੰ ਲੈ ਕੇ ਹੁਣੇ ਤੋਂ ਹੀ ਆਪਣੀਆਂ ਸਰਗਰਮੀਆਂ ਤੇਜ਼ ਕਰ ਦੇਣ ਤਾਂ ਜੁ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਮਜ਼ਬੂਤ ਹੋ ਸਕੇ।

# ਕਿਸਾਨਾਂ ਦੀਆਂ ਸ਼ਹੀਦੀਆਂ ਵਿਅਰਥ ਨਹੀਂ ਜਾਣਗੀਆਂ : ਬਲਕਰਨ ਬਰਾੜ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਕਿਸਾਨ ਅੰਦੋਲਨ ਦੌਰਾਨ ਸ਼ੁਭਕਰਨ ਸਿੰਘ ਸਮੇਤ ਕਿਸਾਨਾਂ ਦੀਆਂ ਹੋਈਆਂ ਸ਼ਹੀਦੀਆਂ ਵਿਅਰਥ ਨਹੀਂ ਜਾਣਗੀਆਂ ਅਤੇ ਮੋਦੀ ਸਰਕਾਰ ਨੂੰ ਇਸ ਦਾ ਖਮਿਆਜ਼ਾ ਭੁਗਤਨਾ ਪਵੇਗਾ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੁਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਨੇ ਸ਼ੰਭੂ ਮੋਰਚੇ ਵਿਖੇ ਸ਼ਹੀਦ ਹੋਏ ਸ਼ੁਭਕਰਨ ਸਿੰਘ ਦੇ ਪਰਵਾਰ ਨਾਲ ਪਿੰਡ ਬੱਲੋ ਵਿਖੇ ਦੁੱਖ ਸਾਂਝਾ ਕਰਨ ਉਪਰੰਤ ਇੱਥੇ ਪੁੱਜੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ।ਉਨ੍ਹਾਂ ਪਿੰਡ ਬੱਲੋ ਵਿਖੇ ਸ਼ੁਭਕਰਨ ਸਿੰਘ ਦੇ ਦਾਦੀ ਜੀ ਅਤੇ ਪਿਤਾ ਚਰਨਜੀਤ ਸਿੰਘ ਨਾਲ ਘਰ ਪਹੁੰਚ ਕੇ ਦੁੱਖ ਸਾਂਝਾ ਕੀਤਾ ਅਤੇ ਪਰਵਾਰ ਨੂੰ ਹੌਸਲਾ ਵੀ ਦਿੱਤਾ । ਕਿਸਾਨ ਆਗੂ ਨੇ ਕਿਹਾ ਕਿ ਦੇਸ਼ ਅੰਦਰ ਬੀ ਜੇ ਪੀ ਦੀ ਕੇਂਦਰ ਅਤੇ ਰਾਜ ਸਰਕਾਰਾਂ ਦਾ ਤਾਨਾਸ਼ਾਹੀ ਰਵੱਈਆ ਹੱਦਾਂ ਪਾਰ ਕਰ ਗਿਆ ਹੈ । ਇਹ ਹੱਕ ਮੰਗਦੇ ਲੋਕਾਂ ਉੱਪਰ ਡੰਡੇ ਵਰ੍ਹਾ ਕੇ ਉਹਨਾਂ ਦੇ ਜਮਹੂਰੀ ਹੱਕਾਂ ਨੂੰ ਖਤਮ ਕਰ ਰਹੀਆਂ ਹਨ। ਸਰਕਾਰਾਂ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਹੋਏ ਮੁੱਦਿਆਂ ਨੂੰ ਹੱਲ ਕਰਨ ਦੀ ਥਾਂ ਉਹਨਾਂ ਦੀਆਂ ਹੱਕੀ ਮੰਗਾਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣਾ ਚਾਹੁੰਦੀਆਂ ਹਨ ਜੋ ਕਿ ਬਿਲਕੁਲ ਵੀ ਸੰਭਵ ਨਹੀਂ । ਹਰ ਵਰਗ ਦੇ ਲੋਕ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਪ੍ਰਤੀ ਚੇਤਨ ਹੋ ਚੁੱਕੇ ਹਨ ਅਤੇ ਸੰਘਰਸ਼ ਦੇ ਮੈਦਾਨ ਵਿੱਚ ਆ ਰਹੇ ਹਨ। ਲੋਕ ਬੀ ਜੇ ਪੀ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਉਸ ਦੁਆਰਾ ਕੀਤੇ ਜ਼ੁਲਮਾਂ ਦਾ ਮੂੰਹਤੋੜ ਜਵਾਬ ਦੇਣਗੇ । ਪੰਜਾਬ ਸਰਕਾਰ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਤੇ ਕਿਸਾਨਾਂ ਉੱਪਰ ਹਰਿਆਣਾ ਸਰਕਾਰ ਵੱਲੋਂ ਕੀਤੇ ਗਏ ਜ਼ੁਲਮ ਤੋਂ ਰੱਖਿਆ ਨਹੀਂ ਕਰ ਸਕਿਆ ਅਤੇ ਦੋਸ਼ੀ ਅਧਿਕਾਰੀਆਂ ਵਿਰੁੱਧ ਹਾਲੇ ਤੱਕ ਕੋਈ ਵੀ ਐਫ ਆਈ ਆਰ ਦਰਜ ਨਹੀਂ ਕੀਤੀ ।ਉਹਨਾਂ ਮੰਗ ਕੀਤੀ ਕਿ ਸ਼ਹੀਦ ਹੋਏ ਕਿਸਾਨਾਂ ਸਮੇਤ ਜ਼ਖਮੀ ਕਿਸਾਨਾਂ ਨੂੰ ਨਿਆਂ ਦਿਵਾਉਣ ਲਈ ਤੁਰੰਤ ਦੋਸ਼ੀ ਅਧਿਕਾਰੀਆਂ ਵਿਰੁੱਧ ਐਫ ਆਈ ਆਰ ਦਰਜ ਕਰਕੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਬੀ ਕੇ ਯੂ ਏਕਤਾ ਮਾਲਵਾ ਦੇ ਸੂਬਾ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਬੱਲੋ, ਹਰਵਿੰਦਰ ਸਿੰਘ ਗੱਗੂ, ਬਲਜੀਤ ਸਿੰਘ ਬੱਲੋ ਅਤੇ ਹਰਵਿੰਦਰ ਸਿੰਘ ਵੀ ਮੌਜੂਦ ਸਨ ।

# ਘੋੜ ਸਵਾਰੀ ਖੇਡਾਂ ਨੂੰ ਅੱਗੇ ਵਧਾਉਣ ਲਈ ਯਤਨ ਕਰਾਂਗੇ : ਸੰਧਵਾਂ

**ਲੁਧਿਆਣਾ (ਰਾਜ ਸਿੰਗਲਾ)** ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਘੋੜਸਵਾਰੀ ਖੇਡ ਨੂੰ ਉਤਸ਼ਾਹਤ ਕਰਨ ਲਈ ਪੂਰਾ ਸਹਿਯੋਗ ਦੇਵੇਗੀ।ਮਹਾਰਾਜਾ ਰਣਜੀਤ ਸਿੰਘ ਘੋੜਸਵਾਰੀ ਸ਼ੋਅ-2024 ਦੀ ਪ੍ਰਧਾਨਗੀ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਇੱਥੇ ਅਜਿਹਾ ਸਮਾਗਮ ਕਰਾਇਆ ਗਿਆ ਹੈ, ਜਿਸ ਵਿੱਚ ਸੂਬੇ ਭਰ ਦੇ ਘੋੜਿਆਂ ਦੇ ਪਾਲਕਾਂ ਨੇ ਭਾਗ ਲਿਆ ਹੈ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਨੀਤੀਆਂ ਕਾਰਨ ਸੂਬੇ ਵਿੱਚ ਅਜਿਹੀਆਂ ਉਸਾਰੂ ਗਤੀਵਿਧੀਆਂ ਲਗਾਤਾਰ ਹੋ ਰਹੀਆਂ ਹਨ।ਸੂਬਾ ਸਰਕਾਰ ਸਾਡੇ ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਅਤੇ ਰੰਗਲਾ ਪੰਜਾਬ ਬਣਾਉਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਸੂਬੇ ਵਿੱਚ ਪ੍ਰਤਿਭਾ ਦੀ ਕੋਈ ਕਮੀ ਨਹੀਂ ਹੈ, ਪਰ ਸਮੇਂ ਦੀ ਲੋੜ ਹੈ ਕਿ ਖਿਡਾਰੀਆਂ ਨੂੰ ਬਿਹਤਰ ਬੁਨਿਆਦੀ ਢਾਂਚਾ ਪ੍ਰਦਾਨ ਕੀਤਾ ਜਾਵੇ, ਜਿਸ ਨੂੰ ਸੂਬਾ ਸਰਕਾਰ ਵੱਲੋਂ ਯਕੀਨੀ ਬਣਾਇਆ ਜਾ ਰਿਹਾ ਹੈ।

1-March-PAGE-11-Majha-24.qxd 2/29/2024 11:03 PM Page 1



# ਕੈਬਨਿਟ ਮੰਤਰੀ ਈ ਟੀ ਓ ਨੇ ਫਾਇਰ ਬ੍ਰਿਗੇਡ ਕਰਮਚਾਰੀਆਂ ਨੂੰ ਵੰਡੇ ਨਿਯੁਕਤੀ ਪੱਤਰ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਦੇਸ਼ ਵਿੱਚ ਨਵਾਂ ਇਤਿਹਾਸ ਸਿਰਜਦਿਆਂ ਪਹਿਲੇ ਦੋ ਸਾਲਾਂ ਦੇ ਅੰਦਰ ਹੀ ਬੇਰੁਜ਼ਗਾਰਾਂ ਨੂੰ ਨੌਕਰੀਆਂ ਮੁਹੱਈਆ ਕਰਵਾਈਆਂ ਹਨ ਜਿਸ ਅਧੀਨ ਹੁਣ ਤੱਕ 40 ਹਜ਼ਾਰ ਨਿਯੁਕਤੀ ਪੱਤਰ ਵੰਡ ਕੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਦਿੱਤੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਗੁਰੂ ਹਲਕੇ ਵਿੱਚ ਨਗਰ ਕੌਂਸਲ ਦੇ 18 ਫਾਇਰ ਬ੍ਰਿਗੇਡ ਕਰਮੀਆਂ ਨੂੰ ਨਿਯੁਕਤੀ ਪੱਤਰ ਦੇਣ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦਾ ਮੁੱਖ ਮੰਤਵ ਬੇਰੁਜ਼ਗਾਰਾਂ ਨੂੰ ਨੌਕਰੀਆਂ ਮੁਹੱਈਆ ਕਰਵਾਉਣੀਆਂ ਹਨ ਤਾਂ ਜੋ ਉਹ ਸੂਬੇ ਵਿੱਚ ਰਹਿ ਕੇ ਹੀ ਸੂਬੇ ਦਾ ਵਿਕਾਸ ਕਰ ਸਕਣ। ਇਸ ਉਪਰੰਤ ਈਟੀਓ ਨੇ ਬਲਾਕ ਤਰਸਿੱਕਾ ਦੇ ਪਿੰਡ ਰਮਾਣਾਚੱਕ ਵਿਖੇ ਗਲੀਆਂ ਅਤੇ ਨਾਲੀਆਂ ਦੇ ਕੰਮ ਕਰਨ ਦਾ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਕੰਮ ਤੇ 5 ਲੱਖ ਰੁਪਏ ਖਰਚ ਆਉਣਗੇ। ਉਨ੍ਹਾਂ ਐਲਾਨ ਕਰਦਿਆਂ ਕਿਹਾ ਕਿ ਪਿੰਡ ਰਮਾਣਾਚੱਕ ਵਿਖੇ ਕਰੀਬ 22 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਸ਼ੁਰੂ ਕੀਤੇ ਜਾਣਗੇ। ਰਮਾਣਾਚੱਕ ਤੋਂ ਡੇਹਰੀਵਾਲ ਤੱਕ 5 ਕਿਲੋਮੀਟਰ ਲੰਬੀ ਸੜਕ ਨੂੰ 11 ਫੁੱਟ ਤੋਂ 17 ਫੁੱਟ ਤੱਕ ਚੌੜਾ ਕੀਤਾ ਜਾਵੇਗਾ। ਉਨ੍ਹਾਂ ਇਸ ਮੌਕੇ ਪਿੰਡ ਦੇ ਸ਼ਮਸ਼ਾਨਘਾਟ ਲਈ ਦੋ ਲੱਖ ਰੁਪਏ ਅਤੇ ਪਾਣੀ ਸਪਲਾਈ ਦੇ ਕੰਮਾਂ ਲਈ 11.25 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਪਿੰਡ ਰਮਾਣਾਚੱਕ ਵਿਖੇ ਵਿਕਾਸ ਦੇ ਕੰਮ ਚਲ ਰਹੇ ਹਨ। ਇਸ ਮੌਕੇ ਚੇਅਰਮੈਨ ਸੂਬੇਦਾਰ ਛਨਾਖ ਸਿੰਘ, ਚੇਅਰਮੈਨ ਡਾ. ਗੁਰਵਿੰਦਰ ਸਿੰਘ, ਮੈਡਮ ਸੁਹਿੰਦਰ ਕੌਰ, ਮੈਡਮ ਸੁਨੈਨਾ ਰੰਧਾਵਾ, ਬਲਾਕ ਪ੍ਰਧਾਨ ਭੁਪਿੰਦਰ ਸਿੰਘ ਰਮਾਣਾਚੱਕ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾਨਿਵਾਸੀ ਹਾਜ਼ਰ ਸਨ।

# ਛੋਟੇਪੁਰ ਗੁਰਦੁਆਰਾ ਚੋਲਾ ਸਾਹਿਬ ਵਿਖੇ ਹੋਏ ਨਤਮਸਤਕ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅੰਗ ਵਸਤਰ ਚੋਲਾ ਸਾਹਿਬ ਦੇ ਦਰਸ਼ਨਾਂ ਲਈ ਜਿੱਥੇ ਨਾਨਕ ਨਾਮ ਲੇਵਾ ਸੰਗਤਾਂ ਦੂਰ ਦੁਰਾਡੇ ਤੋਂ ਦਰਸ਼ਨਾਂ ਲਈ ਪਹੁੰਚ ਰਹੀਆਂ ਹਨ ਉੱਥੇ ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ ਆਪਣੇ ਸਾਥੀਆਂ ਸਮੇਤ ਗੁਰਦੁਆਰਾ ਚੋਲਾ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਸ-ਬੰਸ ਵਿੱਚੋਂ ਬਾਬਾ ਕਰਨਦੀਪ ਸਿੰਘ ਬੇਦੀ ਵੱਲੋਂ ਸੁੱਚਾ ਸਿੰਘ ਛੋਟੇਪੁਰ ਸਾਬਕਾ ਮੰਤਰੀ ਪੰਜਾਬ ਨੂੰ ਸਿਰੋਪਾਓ ਭੇਟ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਚੋਲਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅੰਗ ਵਸਤਰ ਚੋਲਾ ਸਾਹਿਬ, ਭੈਣ ਨਾਨਕੀ ਦੇ ਹੱਥ ਕਢਾਈ ਕੀਤੇ ਰੁਮਾਲ ਅਤੇ ਹਰੀ ਸਿੰਘ ਨਲੂਆ ਵੱਲੋਂ ਭੇਟ ਕੀਤੇ ਗਏ ਦੁਸ਼ਾਲਿਆਂ ਅਤੇ ਚੋਲਾ ਸਾਹਿਬ ਦੇ ਇਤਿਹਾਸ ਸਬੰਧੀ ਜਾਣੂ ਕਰਵਾਇਆ।

ਇਸ ਮੌਕੇ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਸਾਨੂੰ ਮਨੁੱਖਾ ਜੀਵਨ ਸਫਲ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਫਲਸਫੇ ਤੇ ਚੱਲਦਿਆਂ ਹੋਇਆਂ ਨਾਮ ਜਪਣ, ਵੰਡ ਛਕਣ ਅਤੇ ਕਿਰਤ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ। ਇਸ ਮੌਕੇ ਐਡਵੋਕੇਟ ਮਨਟੇਕ ਸਿੰਘ, ਸੁਭਾਸ ਓਹਰੀ, ਅਮਨਦੀਪ ਸਿੰਘ, ਜਗੀਰ ਸਿੰਘ, ਗੁਰਬਚਨ ਸਿੰਘ, ਅਮਰੀਕ ਸਿੰਘ ਵੀ ਮੌਜੂਦ ਸਨ।

# ਸੇਵਾ-ਮੁਕਤੀ 'ਤੇ ਵਿਸ਼ੇਸ਼ — ਮਿਹਨਤੀ ਤੇ ਦੂਰ-ਅੰਦੇਸ਼ ਮਨਮੋਹਨ ਸਿੰਘ



ਸਖਤ ਮਿਹਨਤ, ਲਗਨ, ਦੂਰ-ਅੰਦੇਸ਼, ਇਮਾਨਦਾਰ, ਦ੍ਰਿੜ੍ਹ ਇਰਾਦੇ ਨਾਲ ਅਤੇ ਕੰਮ ਨੂੰ ਹੀ ਪੂਜਾ ਮੰਨਣ ਵਾਲੇ ਮਨਮੋਹਨ ਸਿੰਘ ਪਾਵਰਕਾਮ ਦੇ ਲੋਕ ਸੰਪਰਕ ਵਿਭਾਗ ਵਿੱਚ 33 ਸਾਲ 2 ਮਹੀਨੇ ਦੀਆਂ ਸੇਵਾਵਾਂ ਨਿਭਾਉਣ ਉਪਰੰਤ ਬਤੌਰ ਉਪ ਸਕੱਤਰ ਲੋਕ ਸੰਪਰਕ ਵਿਭਾਗ ਵਜੋਂ 29 ਫਰਵਰੀ ਨੂੰ ਸੇਵਾ-ਮੁਕਤ ਹੋ ਗਏ। ਉਨ੍ਹਾ ਆਪਣੀ ਸਾਰੀ ਸੇਵਾ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਮੁੱਖ ਦਫਤਰ ਪਟਿਆਲਾ ਵਿਖੇ ਹੀ ਨਿਭਾਈ।

ਉਹ ਪੰਜਾਬ ਵਿੱਚ ਬਿਜਲੀ ਦੇ ਪਸਾਰ, ਇਤਿਹਾਸ ਅਤੇ ਪ੍ਰਾਪਤੀਆਂ 'ਤੇ ਇਕ ਵਿਸ਼ੇਸ਼ ਕਾਲਮ 26 ਜਨਵਰੀ 2023 ਤੋਂ ਅਖਬਾਰਾਂ ਲਈ ਲਿਖ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾ ਆਪਣੀ ਸੇਵਾ ਦੌਰਾਨ ਪਾਵਰਕਾਮ ਦੀਆਂ ਪ੍ਰਾਪਤੀਆਂ 'ਤੇ ਅਧਾਰਤ ਪੰਜਾਬ ਦੇ ਪ੍ਰਮੁੱਖ ਵੱਖ-ਵੱਖ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੇ ਅਖਬਾਰਾਂ ਅਤੇ ਰਸਾਲਿਆਂ ਵਿੱਚ ਅਨੇਕਾਂ ਦਿਲਚਸਪ ਲੇਖ ਲਿਖੇ ਹਨ।

ਉਨ੍ਹਾ 1982 ਵਿੱਚ ਸਰਕਾਰੀ ਸੀਨੀਅਰ ਮਾਡਲ ਸਕੂਲ ਸਿਵਲ ਲਾਈਨਜ਼ ਪਟਿਆਲਾ ਤੋਂ ਮੈਟ੍ਰਿਕ ਪਾਸ ਕੀਤੀ ਅਤੇ 1987 ਵਿੱਚ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਤੋਂ ਬੀ ਏ ਦੀ ਡਿਗਰੀ ਹਾਸਲ ਕਰਨ ਉਪਰੰਤ 1988 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵਿੱਚ ਬੈਚੂਲਰ ਡਿਗਰੀ ਪ੍ਰਾਪਤ ਕੀਤੀ। ਪੰਜਾਬ ਸਰਕਾਰ ਦੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਵਿੱਚ ਪਾਵਰਕਾਮ ਦੇ ਇਸ਼ਤਿਹਾਰ ਦੀ ਛਪਾਈ ਲਈ ਉਹ ਕਈ ਸਾਲ ਬਤੌਰ ਨੋਡਲ ਅਫਸਰ ਰਹੇ।

ਇਸ ਤੋਂ ਇਲਾਵਾ ਪਿਛਲੇ 28 ਸਾਲਾਂ ਤੋਂ ਨਵੀਂ ਦਿੱਲੀ ਵਿਖੇ ਹਰ ਸਾਲ ਆਯੋਜਿਤ ਅੰਤਰਰਾਸ਼ਟਰੀ ਵਪਾਰ ਮੇਲੇ ਵਿੱਚ ਪੰਜਾਬ ਰਾਜ ਦੇ ਪੈਵੇਲਿਅਨ ਵਿਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਬਤੌਰ ਨੋਡਲ ਅਫਸਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਹ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਹੁਣ ਪਾਵਰਕਾਮ ਦੇ 'ਪ੍ਰਕਾਸ਼' ਮੈਗਜ਼ੀਨ ਦੇ ਸੰਪਾਦਕ ਵੀ ਰਹੇ। ਇਸ ਤੋਂ ਇਲਾਵਾ ਪਾਵਰਕਾਮ ਦੇ ਖੇਡ ਟੂਰਨਾਮੈਂਟਾਂ ਮੌਕੇ ਰੰਗਦਾਰ ਸੋਵੀਨਰਾਂ ਦੇ ਬਤੌਰ ਸਫਲ ਪ੍ਰਬੰਧਕ ਵਜੋਂ ਜਾਣੇ ਜਾਂਦੇ ਹਨ।

ਸਾਲ 1999 ਵਿੱਚ ਉਹ ਬਰਤਾਨੀਆ ਅਤੇ ਦੁਬਈ ਆਦਿ ਵਿੱਚ ਬਤੌਰ ਸੈਲਾਨੀ ਵਜੋਂ ਵਿਦੇਸ਼ ਗਏ। ਬਰਤਾਨੀਆ ਵਿੱਚ ਉਨ੍ਹਾ ਦਾ ਅਪੈਂਡਿਕਸ ਦਾ ਸਫਲ ਅਪ੍ਰੇਸ਼ਨ ਹੋਇਆ। ਭਾਰਤ ਵਾਪਸੀ 'ਤੇ ਉਨ੍ਹਾ 'ਬਰਤਾਨੀਆ ਦੀਆਂ ਸਿਹਤਮੰਦ ਯਾਦਾਂ' ਵਿਸ਼ੇ 'ਤੇ ਇਕ ਪੰਜਾਬੀ ਕਿਤਾਬ ਲਿਖੀ, ਜੋ ਕਿ ਬਰਤਾਨਵੀ ਹਾਈ ਕਮਿਸ਼ਨਰ ਸਰ ਰੋਬ ਯੰਗ ਵੱਲੋਂ ਰਿਲੀਜ਼ ਕੀਤੀ ਗਈ। ਸਾਲ 2023 ਵਿੱਚ ਲੋਕ ਸੰਪਰਕ ਖੇਤਰ ਵਿੱਚ ਉਨ੍ਹਾ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰਅ ਵੱਲੋਂ ਉਹਨਾ ਨੂੰ ਚੰਡੀਗੜ੍ਹ ਵਿਖੇ ਮੀਡੀਆ ਫੈਡਰੇਸ਼ਨ ਆਫ ਇੰਡੀਆ ਅਤੇ ਪਬਲਿਕ ਰਿਲੇਸ਼ਨ ਕੌਂਸਲ ਆਫ ਇੰਡੀਆ ਵੱਲੋਂ ਐਂਟਨਪਨੇਅਰਜ਼ ਐਂਡ ਅਚੀਵਰ ਐਵਾਰਡ 2023 ਨਾਲ ਸਨਮਾਨਤ ਕੀਤਾ ਗਿਆ।

—ਬਲਜੀਤ ਸਿੰਘ, ਸਾਬਕਾ ਸੂਚਨਾ ਅਫਸਰ, ਪਾਵਰਕਾਮ

# ਜਲੰਧਰ ਰੈਲੀ 'ਚ ਭਰਵੀਂ ਸ਼ਮੂਲੀਅਤ ਲਈ ਵੱਖ-ਵੱਖ ਪਿੰਡਾਂ ਤੋਂ ਜਥੇ ਰਵਾਨਾ



ਤਰਨ ਤਾਰਨ (ਪ੍ਰਿਤਪਾਲ ਸਿੰਘ)-'ਕਾਰਪੋਰੇਟ ਭਜਾਓ ਭਾਜਪਾ ਹਰਾਓ ਦੇਸ਼ ਬਚਾਓ' ਦੇ ਨਾਹਰੇ ਹੇਠ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ( ਅਰਐਮਪੀਆਈ) ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ 'ਚ ਰੈਲੀ 'ਚ ਪਹੁੰਚਣ ਲਈ ਪਿੰਡ ਤਰਨ ਤਾਰਨ, ਪੰਡੋਰੀ ਗੋਲਾ, ਬਾਗੜੀਆ, ਪੱਖੋਕੇ, ਦੇਓ, ਬਾਠ, ਮਾਣੋਚਾਹਲ, ਰਸੂਲਪੁਰ, ਚੀਮਾ, ਗੰਡੀਵਿੰਡ, ਰਟੋਲ, ਕੋਟਲੀ, ਨੌਸ਼ਹਿਰਾ ਪੰਨੂਆਂ, ਜਵੰਦਾ ਕਲਾਂ ਅਤੇ ਉਸਮਾ ਆਦਿ 'ਚੋਂ ਪਾਰਟੀ ਦੇ ਝੰਡੇ, ਲਾਲ ਰੰਗ ਦੇ ਦੁਪੱਟੇ, ਲਾਲ ਚੁੰਨੀਆ ਲੈ ਕੇ ਜਥੇ ਰਵਾਨਾ ਹੋਏ ਜਿਨ੍ਹਾਂ ਦੀ ਅਗਵਾਈ ਪਾਰਟੀ ਦੇ ਆਗੂ ਕਰਮ ਸਿੰਘ ਪੰਡੋਰੀ, ਗੁਲਜ਼ਾਰ ਸਿੰਘ ਪੰਡੋਰੀ, ਪ੍ਰਭ ਸਿੰਘ ਤਰਨਤਾਰਨ, ਜਸਬੀਰ ਕੌਰ ਤਰਨਤਾਰਨ, ਦਲਬੀਰ ਸਿੰਘ ਬਾਗੜੀਆਂ, ਬਲਵਿੰਦਰ ਸਿੰਘ, ਬੁੱਧ ਸਿੰਘ ਪੱਖੋਕੇ, ਦਿਲਬਾਗ ਸਿੰਘ ਪੱਖੋਕੇ, ਗੁਰਪ੍ਰਤਾਪ ਸਿੰਘ ਬਾਠ, ਬਿਕਰਮਜੀਤ ਸਿੰਘ ਔਲਖ, ਗੁਰਭੇਜ ਸਿੰਘ ਭੱਟੀ, ਡਾਕਟਰ ਸਤਨਾਮ ਸਿੰਘ ਦੇਓ, ਕੁਲਦੀਪ ਸਿੰਘ ਮਾਣੋਚਾਹਲ, ਵੀਰ ਸਿੰਘ ਮਾਣੋਚਾਹਲ, ਜਰਨੈਲ ਸਿੰਘ ਰਸੂਲਪੁਰ, ਗੁਰਵੇਲ ਸਿੰਘ, ਮੀਨਾ ਕੌਰ ਚੀਮਾ ਖੁਰਦ, ਪਰਮਜੀਤ ਸਿੰਘ , ਬਗੀਚਾ ਸਿੰਘ, ਤੀਰਥ ਸਿੰਘ ਗੰਡੀਵਿੰਡ, ਨਰਿੰਦਰ ਸਿੰਘ ਫੌਜੀ ਰਟੋਲ, ਅੰਗਰੇਜ਼ ਸਿੰਘ ਕੋਟਲੀ, ਕਮਲਜੀਤ ਕੌਰ ਸਾਬਕਾ ਸਰਪੰਚ ਚੌਧਰੀਵਾਲਾ, ਡਾ. ਅਸ਼ਵਨੀ ਕੁਮਾਰ, ਸੁਰਿੰਦਰ ਸਿੰਘ ਖੱਬੇ, ਸੁਖਦੇਵ ਸਿੰਘ ਜਵੰਦਾ, ਕੁਲਦੀਪ ਸਿੰਘ ਉਸਮਾ ਨੇ ਕੀਤੀ। ਰੈਲੀ 'ਚ ਪਹੁੰਚਣ ਤੇ ਪਾਰਟੀ ਵਰਕਰਾਂ ਦਾ ਬਹੁਤ ਉਤਸ਼ਾਹ ਵੇਖਣ ਨੂੰ ਮਿਲਿਆ। ਇਹ ਜਾਣਕਾਰੀ ਪਾਰਟੀ ਦੇ ਜ਼ਿਲ੍ਹਾ ਵਿੱਤ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਦਿੱਤੀ। ਪੰਡੋਰੀ ਨੇ ਦੱਸਿਆ ਕਿ ਇਹ ਰੈਲੀ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਰੱਦ ਕਰਨ ਅਤੇ ਲੋਕ ਪੱਖੀ ਨੀਤੀਆਂ ਨੂੰ ਲਾਗੂ ਕਰਨ ਲਈ ਮਜਬੂਰ ਕਰੇਗੀ ਅਤੇ 2024 ਦੀਆਂ ਚੋਣਾਂ 'ਚ ਭਾਜਪਾ ਨੂੰ ਹਰਾਉਣ ਲਈ ਸਹਾਈ ਹੋਵੇਗੀ।

# ਡਿਸਪੈਂਸਰੀ ਦੇ ਅਧੂਰੇ ਪਏ ਕੰਮ ਨੂੰ ਪਹਿਲ ਦੇ ਆਧਾਰ 'ਤੇ ਨੇਪਰੇ ਚਾੜ੍ਹਨ ਦੀ ਮੰਗ

**ਚੋਹਲਾ ਸਾਹਿਬ** (ਰਮਨ ਚੱਢਾ)-ਦੇਸ਼ ਭਗਤ ਗਦਰੀ ਬਾਬਾ ਸੁੱਚਾ ਸਿੰਘ ਯਾਦਗਾਰ ਸੁਸਾਇਟੀ ਦੇ ਪ੍ਰਧਾਨ ਅਤੇ ਉੱਘੇ ਸਮਾਜਸੇਵੀ ਸੇਵਾਮੁਕਤ ਡੀ. ਆਈ. ਜੀ. ਚਰਨਜੀਤ ਸਿੰਘ ਬਰਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਨ੍ਹਾਂ ਨੇ ਨਿੱਜੀ ਯਤਨ ਕਰਕੇ ਲੋਕ ਸਭਾ ਮੈਂਬਰ ਜਸਬੀਰ ਸਿੰਘ ਗਿੱਲ ਨੂੰ ਮਿਲ ਕੇ ਚੋਹਲਾ ਸਾਹਿਬ ਅਤੇ ਆਸ ਪਾਸ ਦੇ ਮੰਡ ਖੇਤਰ ਲਈ ਡਿਸਪੈਂਸਰੀ ਖੋਲ੍ਹਣ ਦੀ ਮੰਗ ਕੀਤੀ ਸੀ ਜਿਸ ਲਈ 9 ਲੱਖ 75 ਹਜ਼ਾਰ ਰੁਪੈ ਦੀ ਗ੍ਰਾਂਟ ਡੀਸੀ ਤਰਨ ਤਾਰਨ ਰਾਹੀਂ ਗ੍ਰਾਮ ਪੰਚਾਇਤ ਚੋਹਲਾ ਸਾਹਿਬ ਨੂੰ ਜਾਰੀ ਵੀ ਕਰ ਦਿੱਤੀ ਹੈ। ਉਨ੍ਹਾਂ ਬੜੇ ਦੁੱਖ ਨਾਲ ਕਿਹਾ ਕਿ ਉਪਰੋਕਤ ਗ੍ਰਾਂਟ ਜਾਰੀ ਹੋਈ ਨੂੰ ਲਗਭਗ 5 ਮਹੀਨੇ ਬੀਤ ਚੁੱਕੇ ਹਨ ਪਰ ਅੱਜ ਤੱਕ ਇਮਾਰਤ 'ਤੇ ਲੈਂਟਰ ਵੀ ਨਹੀਂ ਪੈ ਸਕਿਆ ਕਿਉਂਕਿ ਸਬੰਧਿਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵੱਲੋਂ ਬਿੱਲਾਂ ਦੀ ਅਦਾਇਗੀ ਵਕਤ ਸਿਰ ਨਾ ਕਰਨ ਕਰਕੇ ਅਤੇ ਅਧਿਕਾਰੀਆਂ ਵੱਲੋਂ ਪੰਚਾਇਤ ਨੂੰ ਮਟੀਰੀਅਲ ਦੀ ਡਿਟੇਲ ਸਮੇਂ ਸਿਰ ਨਾ ਦੇਣ ਕਾਰਨ ਉਸਾਰੀ ਦਾ ਕੰਮ ਬੁਰੀ ਤਰ੍ਹਾਂ ਪਛੜ ਗਿਆ ਹੈ। ਉਨ੍ਹਾਂ ਨੇ ਸਬੰਧਿਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੂੰ ਅਪੀਲ ਕੀਤੀ ਹੈ ਕਿ ਗ੍ਰਾਮ ਪੰਚਾਇਤ ਚੋਹਲਾ ਸਾਹਿਬ ਦੇ ਸਰਪੰਚ ਅਤੇ ਪੰਚਾਇਤ ਸਕੱਤਰ ਨਾਲ ਸੰਪਰਕ ਕਰਕੇ ਇਸ ਕੰਮ ਨੂੰ ਸਮੇਂ ਸਿਰ ਪੂਰਾ ਕਰਵਾਏ। ਉਨ੍ਹਾਂ ਕਿਹਾ ਕਿ ਪਹਿਲ ਦੇ ਆਧਾਰ ਤੇ ਇਸ ਕਾਰਵਾਈ ਨੂੰ ਮੁਕੰਮਲ ਕਰਨ ਉਪਰੰਤ ਹੀ ਇਹ ਕੰਮ 31 ਮਾਰਚ ਤੱਕ ਪੂਰਾ ਹੋ ਸਕੇਗਾ ਨਹੀਂ ਤਾਂ ਇਸਦੇ ਸਿੱਟੇ ਲੋਕ ਹਿੱਤਾਂ ਦੇ ਵਿਰੁੱਧ ਨਿਕਲਣਗੇ।

# ਗੁਰਦਾਸਪੁਰ ਪੁਲਸ ਨੂੰ ਮਿਲੇ 14 ਹਾਈ-ਟੈੱਕ ਵਾਹਨ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਹੋਰ ਸੁਚਾਰੂ ਬਣਾਉਣ ਲਈ ਪੰਜਾਬ ਪੁਲਸ ਦੀ ਕਾਰਜਸ਼ੈਲੀ ਸੁਧਾਰਨ ਵਾਸਤੇ 410 ਨਵੇਂ ਹਾਈ-ਟੈੱਕ ਵਾਹਨਾਂ ਦਿੱਤੇ ਗਏ ਹਨ ਜਿਨ੍ਹਾਂ ਵਿੱਚੋਂ 14 ਹਾਈ-ਟੈੱਕ ਵਾਹਨ ਜ਼ਿਲ੍ਹਾ ਪੁਲਸ ਗੁਰਦਾਸਪੁਰ ਨੂੰ ਮਿਲੇ ਹਨ। ਐੱਸਐੱਸਪੀ. ਗੁਰਦਾਸਪੁਰ ਹਰੀਸ਼ ਦਾਯਮਾ ਵੱਲੋਂ ਸਥਾਨਕ ਪੁਲਸ ਲਾਈਨ ਤੋਂ ਜ਼ਿਲ੍ਹਾ ਪੁਲਸ ਲਈ ਮਿਲੇ 14 ਹਾਈ-ਟੈੱਕ ਵਾਹਨਾਂ ਨੂੰ ਹਰੀ ਝੰਡੀ ਦਿਖਾ ਕੇ ਥਾਣਿਆਂ ਵੱਲ ਰਵਾਨਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਰੀਸ਼ ਦਾਯਮਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਗੁਰਦਾਸਪੁਰ ਦੇ 11 ਥਾਣਿਆਂ ਨੂੰ ਨਵੀਆਂ ਹਾਈ-ਟੈੱਕ ਮਹਿੰਦਰਾ ਸਕਾਰਪੀਓਜ਼ ਗੱਡੀਆਂ ਮਿਲੀਆਂ ਹਨ, ਜਦਕਿ 2 ਕੀਆ ਕਰੇਨਜ਼ ਗੱਡੀਆਂ ਪੀਸੀਆਰ. ਅਤੇ ਡਾਇਲ-112 ਲਈ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਔਰਤਾਂ ਦੀ ਸੁਰੱਖਿਆ ਲਈ ਇੱਕ ਟਾਟਾ ਟਿਆਗੋ ਈਵੀ (ਇਲੈਕਟ੍ਰਿਕ ਵਾਹਨ) ਮਹਿਲਾ ਮਿੱਤਰ ਪੁਲਸ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਾਹਨਾਂ ਦੀ ਤਾਇਨਾਤੀ ਨਾਲ ਜ਼ਿਲ੍ਹੇ ਦੇ ਪੁਲਸ ਸਟੇਸ਼ਨਾਂ ਦੀ ਕਾਰਗੁਜ਼ਾਰੀ ਵਿੱਚ ਵੱਡਾ ਸੁਧਾਰ ਹੋਵੇਗਾ ਅਤੇ ਪੁਲਸ ਦੀ ਕਾਰਵਾਈ ਦਾ ਸਮਾਂ ਵੀ ਬਚੇਗਾ।

# ਸ੍ਰੀ ਹਜ਼ੂਰ ਸਾਹਿਬ ਨਾਂਦੇੜ ਜਾਣ ਵਾਲੀਆਂ ਸੰਗਤਾਂ ਲਈ ਵੱਡਾ ਤੋਹਫਾ!



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰਦੁਆਰਾ ਸੱਚਖੰਡ ਬੋਰਡ ਨਾਂਦੇੜ ਦੇ ਚੇਅਰਮੈਨ ਡਾ. ਵਿਜੇ ਸਤਬੀਰ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਖੁਸ਼ੀ ਜ਼ਾਹਿਰ ਕੀਤੀ ਕਿ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਹਵਾਈ ਜਹਾਜ਼ ਦੀ ਸੇਵਾ ਮਾਰਚ ਦੇ ਤੀਸਰੇ ਜਾਂ ਚੌਥੇ ਹਫਤੇ ਆਰੰਭ ਹੋਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਤਿੰਨ ਸਾਲਾਂ ਤੋਂ ਹਵਾਈ ਸੇਵਾਵਾਂ ਪੂਰੀ ਤਰ੍ਹਾਂ ਠੱਪ ਹੋਣ ਕਾਰਨ ਦੇਸ਼ ਵਿਦੇਸ਼ ਵਿੱਚ ਵੱਸਦੇ ਸਿੱਖ ਭਾਈਚਾਰੇ ਨੂੰ ਸ੍ਰੀ ਹਜ਼ੂਰ ਸਾਹਿਬ ਆਉਣ ਜਾਣ 'ਚ ਕਾਫੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਇਸ ਸੰਬੰਧੀ ਗੁਰਦੁਆਰਾ ਸੱਚਖੰਡ ਬੋਰਡ ਦੇ ਪ੍ਰਬੰਧਕਾਂ ਨੂੰ ਸੰਗਤਾਂ ਤੇ ਕਈ ਸੰਸਥਾਵਾਂ ਵੱਲੋਂ ਲਗਾਤਾਰ ਪੱਤਰ ਵੀ ਪ੍ਰਾਪਤ ਹੋ ਰਹੇ ਸਨ। ਜਾਣਕਾਰੀ ਦਿੰਦਿਆਂ ਠਾਨ ਸਿੰਘ ਬੁੰਗਈ ਸੁਪਰਡੈਂਟ ਗੁਰਦਆਰਾ ਸੱਚਖੰਡ ਬੋਰਡ ਨੇ ਦੱਸਿਆ ਕਿ ਸੰਗਤ ਦੀ ਇਸ ਵਾਜਿਬ ਮੰਗ ਨੂੰ ਡਾ. ਵਿਜੇ ਸਤਬੀਰ ਸਿੰਘ ਨੇ ਗੰਭੀਰਤਾ ਨਾਲ ਲੈਂਦੇ ਹੋਏ ਨਿੱਜੀ ਤੌਰ 'ਤੇ ਕੇਂਦਰੀ ਹਵਾਬਾਜ਼ੀ ਮੰਤਰੀ ਅਤੇ ਸੰਬੰਧਤ ਉੱਚ ਅਧਿਕਾਰੀਆਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ, ਜਿਸਦੇ ਫਲਸਰੂਪ ਕੇਂਦਰ ਸਰਕਾਰ ਵਲੋਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਹਵਾਈ ਸੇਵਾਵਾਂ ਜਲਦ ਮਾਰਚ ਮਹੀਨੇ ਵਿੱਚ ਸ਼ੁਰੂ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਇਸ ਨਾਲ ਦੇਸ਼ ਵਿਦੇਸ਼ ਵਿਚ ਵਸਦੀਆਂ ਸੰਗਤਾਂ ਨੂੰ ਹੁਣ ਭਾਰੀ ਲਾਭ ਹੋਵੇਗਾ।

# ਮਾਨ ਸਰਕਾਰ ਨੇ ਵਪਾਰੀਆਂ ਨੂੰ ਤੰਗ-ਪ੍ਰੇਸ਼ਾਨ ਕਰਨ ਦੇ ਰਾਵਣ ਰਾਜ ਦਾ ਕੀਤਾ ਅੰਤ : ਬੰਦੇਸਾ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਪੰਜਾਬ ਟਰੇਡਰਜ਼ ਕਮਿਸ਼ਨ ਦੇ ਸੰਵਿਧਾਨਿਕ ਮੈਂਬਰ ਤੇ ਆਮ ਆਦਮੀ ਪਾਰਟੀ ਦੇ ਪੰਜਾਬ ਬੁਲਾਰਾ ਜਸਕਰਨ ਬੰਦੇਸਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪੰਜਾਬ 'ਚ ਅਮਨ ਕਾਨੂੰਨ ਦੀ ਸਥਿਤੀ ਨੂੰ ਦੇਸ਼ ਦੇ ਹੋਰਨਾਂ ਰਾਜਾਂ ਨਾਲੋਂ ਬਿਹਤਰੀਨ ਬਣਾਏ ਜਾਣ ਅਤੇ ਖੇਤੀ ਪਿੱਛੋਂ ਮਜ਼ਬੂਤ ਆਰਥਿਕਤਾ ਤੇ ਰੁਜ਼ਗਾਰ ਦੇ ਵੱਡੇ ਸਰੋਤ ਵਪਾਰ ਨੂੰ ਪ੍ਰਫੁੱਲਤ ਕਰਨ ਲਈ ਲਾਗੂ ਕੀਤੇ ਗਏ ਭ੍ਰਿਸ਼ਟਾਚਾਰ ਮੁਕਤ ਤੇ ਪਾਰਦਰਸ਼ਤਾ ਪ੍ਰਸ਼ਾਸਕੀ ਤਾਣੇ ਬਾਣੇ ਦੇ ਉੱਸਰੇ ਸਾਜ਼ਗਾਰ ਮਾਹੌਲ ਦੇ ਮੱਦੇਨਜ਼ਰ ਵਪਾਰੀਆਂ ਤੇ ਉਦਯੋਗਪਤੀਆਂ ਨੂੰ ਪ੍ਰੇਸ਼ਾਨ ਕਰਨ ਦੇ ਰਾਵਣ ਰਾਜ ਯੁੱਗ ਦਾ ਅੰਤ ਹੋ ਗਿਆ ਹੈ। ਸਾਬਕਾ ਅਕਾਲੀ ਭਾਜਪਾ ਗੱਠਜੋੜ ਤੇ ਕਾਂਗਰਸ ਸਰਕਾਰਾਂ ਦੇ ਕਾਰਜਕਾਲ ਚ ਕਥਿਤ ਤੌਰ ਤੇ ਸੱਤਾਧਾਰੀਆਂ ਵਲੋਂ ਜੋ ਵੱਡੇ ਵਪਾਰ ਤੇ ਉਦਯੋਗਾਂ 'ਚ ਜਬਰੀ ਹਿੱਸਾਪਤੀ ਰੱਖਣ ਜਾਂ ਕਥਿਤ ਤੌਰ ਭ੍ਰਿਸ਼ਟਾਚਾਰ ਨੂੰ ਬੜ੍ਹਾਵਾ ਦੇਣ ਲਈ ਮਹੀਨਾ ਵਸੂਲੀ ਕੀਤੀ ਜਾਂਦੀ ਸੀ, ਇਸ ਕਾਲੇ ਅਧਿਆਏ ਨੂੰ ਵੀ ਖਤਮ ਕਰਕੇ ਮਾਨ ਸਰਕਾਰ ਨੇ ਮੌਜੂਦਾ ਉਦਯੋਗਾਂ ਨੂੰ ਸੁਰੱਖਿਅਤ ਰੱਖਣ ਅਤੇ ਵਪਾਰ/ਉਦਯੋਗ ਦੇ ਹੋਰ ਵਿਸਥਾਰ ਲਈ ਠੋਸ ਉਪਰਾਲੇ ਕਰਦਿਆਂ ਦੇਸ਼ 'ਚ ਪਹਿਲਾ ਅਜਿਹਾ ਸੂਬਾ ਹੋਣ ਦਾ ਪੰਜਾਬ ਦੇ ਸਿਰ ਤਾਜ ਸਜਾ ਦਿੱਤਾ ਹੈ, ਜਿੱਥੇ ਕਾਗਜ਼ਾਂ ਪੱਤਰਾਂ ਦੇ ਪੇਚੀਦੇ ਲੰਮੇ ਝੰਜਟਾਂ ਨੂੰ ਨਵਿਰਤ ਕਰਨ ਲਈ ਇੱਕ ਸੁਖਾਲੀ ਵਿਵਸਥਾ ਤਹਿਤ ਹਰ ਉੱਦਮੀ ਲਈ ਨਵੇਂ ਉਦਯੋਗ ਦੀ ਸਥਾਪਤੀ ਲਈ ਹਰੇ ਰੰਗ ਦੇ ਸਟੈਂਪ ਪੇਪਰ ਜਾਰੀ ਕੀਤੇ ਹਨ। ਗੱਲਬਾਤ ਦੌਰਾਨ ਜਸਕਰਨ ਬੰਦੇਸਾ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਚੁੱਕੇ ਗਏ ਉਕਤ ਮਜ਼ਬੂਤ ਕਦਮਾਂ ਦੇ ਮੱਦੇਨਜਰ ਮੁੰਬਈ, ਚੇਨਈ ਅਤੇ ਕਈ ਹੋਰ ਮਹਾਂਨਗਰਾਂ ਦੇ ਮੈਗਾ ਉਦਯੋਗਿਕ ਘਰਾਣਿਆਂ ਨੇ ਆਪਣੇ ਨਵੇਂ ਉਦਯੋਗ ਸਥਾਪਿਤ ਕਰਨ ਲਈ ਪੰਜਾਬ ਨੂੰ ਪਹਿਲ ਦਿੱਤੀ ਹੈ ਅਤੇ ਟਾਟਾ ਸਟੀਲ ਤੇ ਸਨਾਤਨ ਟੈਕਸਟਾਇਲ ਸਮੇਤ ਹੋਰ ਪ੍ਰਮੁੱਖ ਮੈਗਾ ਕੰਪਨੀਆਂ ਨੇ ਪੰਜਾਬ 'ਚ 70 ਹਜ਼ਾਰ ਕਰੋੜ ਰੁਪਏ ਦਾ ਪੂੰਜੀ ਨਿਵੇਸ਼ ਕਰਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਪੰਜਾਬ ਨੂੰ ਮੁੜ ਸੋਨੇ ਦੀ ਚਿੜੀ ਬਣਾਉਣ ਲਈ ਆਰਥਿਕ ਵਿਕਾਸ ਲਈ ਲਾਗੂ ਕੀਤੀਆਂ ਯੋਜਨਾਬੱਧ ਨੀਤੀਆਂ ਤੇ ਮੋਹਰ ਲਗਾਈ ਹੈ। ਪਹਿਲਾਂ ਸਿਰਫ 1 ਕਰੋੜ ਰੁਪਏ ਟਰਨਓਵਰ ਵਾਲੇ ਵਪਾਰੀ ਮੁਫਤ ਸਿਹਤ ਬੀਮਾ ਯੋਜਨਾ ਦੇ ਹੱਕਦਾਰ ਸਨ ਪਰ ਹੁਣ ਸਰਕਾਰ ਨੇ ਕ੍ਰਾਂਤੀਕਾਰੀ ਕਦਮ ਚੁੱਕਦਿਆਂ 2 ਕਰੋੜ ਰੁਪਏ ਟਰਨਓਵਰ ਵਾਲੇ ਵਪਾਰੀਆਂ ਨੂੰ ਇਸ ਬੀਮਾ ਸਕੀਮ ਦੇ ਹੱਕਦਾਰ ਬਣਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵਲੋਂ ਕੋਲੋ ਦੀ ਢੋਆ ਢੁਆਈ ਦੀ ਆੜ 'ਚ ਕਥਿਤ ਤੌਰ ਤੇ ਸਰਕਾਰੀ ਖਜਾਨੇ ਦੀ ਵੱਡੀ ਲੁੱਟ ਖਸੁੱਟ ਕਰਕੇ ਮਹਿੰਗੀ ਬਿਜਲੀ ਸਪਲਾਈ ਨਾਲ ਖਪਤਕਾਰਾਂ ਦੀਆਂ ਜੇਬਾਂ ਤੇ ਕਥਿਤ ਤੌਰ ਤੇ ਡਾਕਾ ਮਾਰਿਆ ਜਾਂਦਾ ਰਿਹਾ ਹੈ ਅਤੇ ਹੁਣ ਮਾਨ ਸਰਕਾਰ ਨੇ ਪਛਵਾੜਾ ਕੋਲੇ ਖਾਣ ਤੇ ਆਪਣਾ ਕਬਜਾ ਬਹਾਲ ਕਰਕੇ 2 ਸਾਲਾਂ ਚ ਭਰਿਸ਼ਟ ਚੋਰ ਮੋਰੀਆਂ ਬੰਦ ਕਰਕੇ 1200 ਕਰੋੜ ਰੁਪਏ ਸਰਕਾਰੀ ਖਜਾਨੇ 'ਚ ਜਮ੍ਹਾ ਕਰਵਾ ਕੇ ਗੋਇੰਦਵਾਲ ਨਿੱਜੀ ਖੇਤਰ ਦਾ 1080 ਕਰੋੜ ਰੁਪਏ ਦੀ ਲਾਗਤ ਨਾਲ ਖ੍ਰੀਦ ਕਰਕੇ ਪੰਜਾਬ 'ਚ ਨਵਾਂ ਨਿੱਜੀਕਰਨ ਦੇ ਵਧਦੇ ਕਦਮਾਂ ਨੂੰ ਠੱਲ੍ਹਣ ਲਈ ਇਤਿਹਾਸ ਹੀ ਨਹੀਂ ਰਚਿਆ ਸਗੋਂ ਬਿਜਲੀ ਖਪਤਕਾਰਾਂ ਨੂੰ ਲਾਭ ਦੇਣ ਲਈ 1 ਰੁਪਏ ਪ੍ਰਤੀ ਯੂਨਿਟ ਬਿਜਲੀ ਸਸਤੀ ਦੇਣ ਲਈ ਲਈ ਵੀ ਕਾਰਜਯੋਜਨਾ ਉਲੀਕੀ ਗਈ ਹੈ।

# ਹਥਿਆਰਬੰਦ ਲੁਟੇਰੇ ਬੈਂਕ 'ਚੋਂ ਨਗਦੀ ਤੇ ਗਾਰਡ ਦੀ ਬੰਦੂਕ ਲੈ ਕੇ ਫਰਾਰ



ਝਬਾਲ (ਹਰਜਿੰਦਰ ਸਿੰਘ ਸੋਨੀ)-ਅੱਡਾ ਝਬਾਲ ਅੰਮ੍ਰਿਤਸਰ ਰੋਡ ਸਥਿਤ ਐੱਸਬੀਆਈ ਬੈਂਕ ਵਿੱਚੋਂ ਦੋ ਹਥਿਆਰਬੰਦ ਲੁਟੇਰਿਆਂ ਵੱਲੋਂ ਬੈਂਕ ਵਿੱਚ ਦਾਖਿਲ ਹੋ ਕੇ ਪਹਿਲਾਂ ਗਾਰਡ ਕੋਲੋਂ ਬੰਦੂਕ ਖੋਹ ਕੇ ਕੈਸ਼ੀਅਰ ਕੋਲੋਂ ਕਰੀਬ 8 ਤੋਂ 9 ਲੱਖ ਦੀ ਰਕਮ ਨਗਦੀ ਲੈ ਕੇ ਫਰਾਰ ਹੋ ਗਏ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਜ਼ਿਲਾ ਪੁਲਸ ਮੁੱਖੀ ਅਸ਼ਵਨੀ ਕਪੂਰ, ਡੀਐੱਸਪੀ (ਸਿਟੀ) ਤਰਸੇਮ ਮਸੀਹ, ਡੀਐੱਸਪੀ ਭਿੱਖੀਵਿੰਡ ਪ੍ਰੀਤ ਇੰਦਰ ਸਿੰਘ, ਡੀਐੱਸਪੀ ਅਰੁਣ ਸ਼ਰਮਾ, ਸੀਆਈਏ ਸਟਾਫ ਮੁੱਖੀ ਇੰਸਪੈਕਟਰ ਪ੍ਰਭਜੀਤ ਸਿੰਘ, ਥਾਣਾ ਝਬਾਲ ਮੁੱਖੀ ਇੰਸਪੈਕਟਰ ਰਜਿੰਦਰ ਕੌਰ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਤੇ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਲੁਟੇਰਿਆਂ ਦੀ ਪਛਾਣ ਕਰਕੇ ਜਲਦੀ ਕਾਬੂ ਕਰਨ ਦਾ ਭਰੋਸਾ ਦਿੱਤਾ। ਇਸ ਘਟਨਾ ਨਾਲ ਇਲਾਕੇ ਵਿੱਚ ਦਹਿਸ਼ਤ ਪਾਈ ਜਾ ਰਹੀ ਹੈ।

# ਮਾਰਕੀਟ ਕਮੇਟੀ ਮਜੀਠਾ ਦੇ ਮੁਲਾਜ਼ਮਾਂ ਵਿਰੁੱਧ ਕਾਰਵਾਈ ਦੀ ਮੰਗ



ਮਜੀਠਾ (ਸੋਇਮ ਆਨੰਦ)-ਬੀਤੇ ਝੋਨੇ ਦੇ ਸੀਜ਼ਨ ਵਿੱਚ ਮਾਰਕੀਟ ਕਮੇਟੀ ਮਜੀਠਾ ਅਧੀਨ ਆਉਂਦੀ ਮੰਡੀ ਪਾਖਰਪੁਰ ਵਿੱਚ ਕਿਸੇ ਜ਼ਿੰਮੀਦਾਰ ਵੱਲੋਂ ਸ਼ਿਕਾਇਤ ਕੀਤੀ ਗਈ ਕਿ ਝੋਨੇ ਦੀ ਕਿਸਮ ਪਰਮਲ ਸਰਕਾਰੀ ਹਦਾਇਤਾਂ ਅਨੁਸਾਰ ਨਹੀਂ ਵਿਕ ਰਹੀ। ਮੰਡੀ ਬੋਰਡ ਵੱਲੋਂ ਮੰਡੀ ਦੀ ਪੜਤਾਲ ਕਰਵਾ ਦਿੱਤੀ। ਪੜਤਾਲ ਕਰਤਾ ਦੇ ਧਿਆਨ ਵਿੱਚ ਇਹ ਗੱਲ ਆਈ ਕਿ ਵਾਕਿਆ ਹੀ ਵੱਡੇ ਪੱਧਰ 'ਤੇ ਝੋਨੇ ਦੀ ਕਿਸਮ ਪਰਮਲ ਦੀ ਜੋ ਖਰੀਦ ਹੋ ਰਹੀ ਹੈ ਉਹ ਵੀ ਸਮਰਥਨ ਰੇਟ ਤੋਂ ਬਹੁਤ ਜ਼ਿਆਦਾ ਘੱਟ ਹੈ। ਮਾਮਲਾ ਤੂਲ ਫੜ ਗਿਆ। ਸ਼ਿਕਾਇਤ ਨੂੰ ਮਿਲੀਭੁਗਤ ਨਾਲ ਫੇਕ ਕਰਾਰ ਦਿੱਤਾ ਗਿਆ। ਕਿਸਾਨ ਯੂਨੀਅਨ ਵੱਲੋਂ ਇਸ ਦਾ ਗੰਭੀਰ ਨੋਟਿਸ ਲਿਆ ਗਿਆ। ਕਿਸਾਨ ਯੂਨੀਅਨ ਸਿੱਧੂਪੁਰ ਵੱਲੋਂ ਜ਼ਿਲ੍ਹਾ ਆਗੂ ਗੁਰਮੇਲ ਸਿੰਘ, ਬਲਾਕ ਮੀਤ ਪ੍ਰਧਾਨ ਸੁਖਦੇਵ ਸਿੰਘ, ਬਲਾਕ ਜਨਰਲ ਸਕੱਤਰ ਸਾਹਿਬ ਸਿੰਘ ਅਤੇ ਹੋਰ ਨੁਮਾਇੰਦਿਆਂ ਵੱਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨਾਲ ਮੁਲਾਕਾਤ ਕੀਤੀ ਤੇ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ। ਇਨਕੁਆਰੀ ਦੌਰਾਨ ਆੜ੍ਹਤੀਆਂ ਨੂੰ ਜੁਰਮਾਨਾ ਪਾ ਕੇ ਬਣਦੀ ਫੀਸ ਵਸੂਲ ਲਈ ਹੈ। ਕਿਸਾਨ ਆਗੂਆਂ ਕਿਹਾ ਕਿ ਕੁਤਾਹੀ ਹੋਈ ਹੈ ਤੇ ਇਸ ਕੁਤਾਹੀ ਦੀ ਸਜ਼ਾ ਇਕੱਲੇ ਆੜ੍ਹਤੀਆਂ ਨੂੰ ਹੀ ਕਿਉਂ ਦਿੱਤੀ ਗਈ ਜਦਕਿ ਇਹ ਸਾਰਾ ਕੰਮ ਮਾਰਕੀਟ ਕਮੇਟੀ ਮਜੀਠਾ ਦੇ ਇੱਕ ਅਧਿਕਾਰੀ ਤੇ ਕੁਝ ਕਰਮਚਾਰੀਆਂ ਦੀ ਮਿਲੀ ਭੁਗਤ ਨਾਲ ਹੋਇਆ ਹੈ। ਕਿਸਾਨਾਂ ਵੱਲੋਂ ਮੰਗ ਕੀਤੀ ਗਈ ਕਿ ਮਾਰਕੀਟ ਕਮੇਟੀ ਮਜੀਠਾ ਦੇ ਸਕੱਤਰ ਅਤੇ ਡਿਊਟੀ ਸਟਾਫ ਸਤੀਸ਼ ਕੁਮਾਰ ਅਤੇ ਨਿਤੀਸ਼ ਅਗਨੀਹੋਤਰੀ ਵਿਰੁੱਧ ਬਨਦੀ ਕਾਰਵਾਈ ਕੀਤੀ ਜਾਵੇ। ਕਿਸਾਨ ਆਗੂਆਂ ਵੱਲੋਂ ਕਿਹਾ ਗਿਆ ਕਿ ਜੇਕਰ ਇਹ ਮਾਮਲਾ ਮਿਲੀ ਭੁਗਤ ਨਾਲ ਰਫਾ ਦਫਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਇਸਦੇ ਵਿਰੁੱਧ ਵੱਡੇ ਪੱਧਰ ਤੇ ਸੰਘਰਸ਼ ਵਿੱਢਿਆ ਜਾਵੇਗਾ ਤੇ ਇਸ ਮਾਮਲੇ ਦੀ ਪੜਤਾਲ ਵਿਜੀਲੈਂਸ ਤੋਂ ਕਰਵਾਈ ਜਾਵੇਗੀ। ਕਿਸਾਨ ਆਗੂਆਂ ਵਲੋਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਗਈ ਕਿ ਕਿਸਾਨਾਂ ਦੇ ਹਿੱਤਾਂ ਲਈ ਅਜਿਹੇ ਅਧਿਕਾਰੀ ਤੇ ਕਰਮਚਾਰੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

# ਸ਼ਹਿਰ ਨੂੰ ਹਰਿਆ-ਭਰਿਆ ਰੱਖਣ ਤੇ ਸੁੰਦਰੀਕਰਨ ਲਈ ਖਜੂਰ ਦੇ ਪੌਦੇ ਲਗਾਉਣ ਦੀ ਸ਼ੁਰੂਆਤ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸ਼ਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਖਾਸ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਚੱਲਦਿਆਂ ਸ਼ਹਿਰ ਨੂੰ ਹਰਿਆ ਭਰਿਆ ਰੱਖਣ ਅਤੇ ਸ਼ਹਿਰ ਬਟਾਲਾ ਦੇ ਸੁੰਦਰੀਕਰਨ ਕਰਨ ਲਈ ਜਲੰਧਰ ਰੋਡ (ਨੇੜੇ ਗੁਰਦੁਆਰਾ ਗੁਰੂ ਰਾਮਦਾਸ ਜੀ) ਵਿਖੇ ਖਜੂਰ ਦੇ ਪੌਦੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੇਰਾ ਸੁਪਨਾ ਹੈ ਕਿ ਬਟਾਲਾ ਸ਼ਹਿਰ ਖੂਬਸੂਰਤ ਹੋਵੇ, ਇਸ ਲਈ ਉਹ ਦਿਨ-ਰਾਤ ਇਤਿਹਾਸਕ ਤੇ ਧਾਰਮਿਕ ਸ਼ਹਿਰ ਦੇ ਚਹੁਪੱਖੀ ਵਿਕਾਸ ਲਈ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਜਿਥੇ ਵਿਕਾਸ ਕੰਮ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ, ਓਥੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਸਬੰਧਤ ਵਿਭਾਗਾਂ ਵਲੋਂ ਹੱਲ ਕਰਵਾਈਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਲੋਕਾਂ ਵਲੋਂ ਦਿੱਤੇ ਪਿਆਰ ਸਦਕਾ ਹੁਣ ਤੱਕ ਬਟਾਲਾ ਹਲਕੇ ਅੰਦਰ ਰਿਕਾਰਡ ਵਿਕਾਸ ਕਰਵਾਏ ਗਏ ਹਨ। ਸ਼ਹਿਰ ਦੀਆਂ ਸਾਰੀਆਂ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ। ਸ਼ਹਿਰ ਅੰਦਰ ਚੌਕਾਂ ਨੂੰ ਚੌੜਾ ਕਰਕੇ ਖੂਬਸੂਰਤ ਬਣਾਇਆ ਜਾ ਰਿਹਾ ਹੈ। ਸ਼ਹਿਰ ਦੀ ਲਾਇਬ੍ਰੇਰੀ ਦੀ ਇਮਾਰਤ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਸ਼ਹਿਰ ਵਿੱਚ ਨਵੇਂ ਪਾਰਕਾਂ ਦੀ ਉਸਾਰੀ ਕਰਵਾਈ ਜਾ ਰਹੀ ਹੈ। ਲੋਕਾਂ ਦੀ ਸਹੂਲਤ ਲਈ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਜਾ ਰਿਹਾ ਹੈ। ਸ਼ਹਿਰ ਅੰਦਰ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਯਤਨ ਕੀਤੇ ਗਏ ਹਨ ਅਤੇ ਹਰ ਵਰਗ ਦੀ ਭਲਾਈ ਲਈ ਵਿਕਾਸ ਕੰਮ ਕੀਤੇ ਜਾ ਰਹੇ ਹਨ।

# ਗੁਰਧਾਮਾਂ ਦੇ ਦਰਸ਼ਨਾਂ ਲਈ ਭਗਠਾਣਾ ਤੁਲੀਆਂ ਤੋਂ ਸ਼ਰਧਾਲੂਆਂ ਨਾਲ ਭਰੀ ਬੱਸ ਰਵਾਨਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਭਗਠਾਣਾ ਤੁਲੀਆਂ ਤੋਂ 43 ਯਾਤਰੀਆਂ ਦੀ ਤੀਸਰੀ ਬੱਸ ਹਲਕਾ ਇੰਚਾਰਜ ਤੇ ਪੰਜਾਬ ਮੀਡੀਅਮ ਇੰਡਸਟਰੀ ਡਿਵੈਲਪਮੈਂਟ ਬੋਰਡ ਦੇ ਸੀਨੀਅਰ ਵਾਇਸ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਵੱਲੋਂ ਡਾ: ਗੁਰਪ੍ਰਕਾਸ਼ ਸਿੰਘ ਰੰਧਾਵਾ ਦੀ ਅਗਵਾਈ ਹੇਠ ਸ੍ਰੀ ਆਨੰਦਪੁਰ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸਨਾਂ ਲਈ ਹਰੀ ਝੰਡੀ ਦੇ ਕੇ ਰਵਾਨਾ ਕੀਤੀ ਗਈ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਵਾਲੀਆਂ ਕਿੱਟਾਂ ਵੀ ਯਾਤਰੀਆਂ ਨੂੰ ਵੰਡੀਆਂ ਗਈਆਂ ਯਾਤਰੀਆਂ ਦੀ ਬੱਸ ਨੂੰ ਰਵਾਨਾ ਕਰਨ ਸਮੇਂ ਬੀਡੀਪੀਓ ਦਫਤਰ ਦੇ ਅਧਿਕਾਰੀ ਮੌਜੂਦ ਸਨ। ਗੈਰ ਹਾਜ਼ਰ ਰਹਿਣ ਵਾਲੇ ਅਧਿਕਾਰੀਆ ਬਾਰੇ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਹੁਕਮਾਂ ਦੀ ਨਾ ਫੁਰਮਾਨੀ ਕਰਨ ਵਾਲੇ ਅਧਿਕਾਰੀਆਂ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਵੱਖ-ਵੱਖ ਆਗੂਆਂ ਤੇ ਯਾਤਰੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਪੰਜਾਬ ਸਰਕਾਰ ਦੀ ਸੁਚਾਰੂ ਸੋਚ ਸਦਕਾ ਹੀ ਸਾਰੇ ਵਰਗਾਂ ਦੇ ਲੋਕਾਂ ਨੂੰ ਵੱਖ-ਵੱਖ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਇਸ ਮੌਕੇ ਡਾ: ਗੁਰਪ੍ਰਕਾਸ਼ ਸਿੰਘ ਰੰਧਾਵਾ, ਇੰਦਰਜੋਤ ਸਿੰਘ ਰੰਧਾਵਾ, ਨੰਬਰਦਾਰ ਹਰਜਿੰਦਰ ਸਿੰਘ, ਜਸਵੰਤ ਸਿੰਘ, ਕੁਲਵੰਤ ਸਿੰਘ, ਬਲਾਕ ਪ੍ਰਧਾਨ ਅੰਗਰੇਜ ਸਿੰਘ ਸ਼ਾਹਪੁਰ, ਬਲਾਕ ਪ੍ਰਧਾਨ ਵਿਸਾਖਾ ਸਿੰਘ ਮੀਰਕਚਾਣਾ, ਸੁੱਚਾ ਸਿੰਘ, ਅਮਰਜੀਤ ਸਿੰਘ, ਰੁਲਦਾ ਸਿੰਘ, ਜਸਵਿੰਦਰ ਸਿੰਘ, ਨਵਤੇਜ ਸਿੰਘ, ਗੁਰਪ੍ਰੀਤ ਸਿੰਘ, ਪੀ. ਏ. ਲਵਪ੍ਰੀਤ ਸਿੰਘ, ਸਰੂਪ ਸਿੰਘ, ਸ਼ੰਮੀ ਕਪੂਰ ਵੀਡੀਓ, ਸੁਖਵਿੰਦਰ ਸਿੰਘ ਐੱਸਸੀਪੀਓ, ਅਮਰਜੀਤ ਸਿੰਘ ਪੰਚਾਇਤ ਸਕੱਤਰ ਆਦਿ ਹਾਜ਼ਰ ਸਨ।

# ਦੁਕਾਨਾਂ ਅੱਗੇ ਪਾਰਕ ਕੀਤੀਆਂ ਗੱਡੀਆਂ ਤੋਂ ਦੁਕਾਨਦਾਰ ਪ੍ਰੇਸ਼ਾਨ



**ਗੁਰਦਾਸਪੁਰ, (ਜਨਕ ਮਹਾਜਨ)** - ਦੁਕਾਨਦਾਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਅੰਦਰ ਸੁੱਕੇ ਤਲਾਅ ਵਿਖੇ ਪਾਰਕਿੰਗ ਹੋਣ ਦੇ ਬਾਵਜੂਦ ਲੋਕਾਂ ਵੱਲੋਂ ਗੱਡੀਆਂ ਦੁਕਾਨਾਂ ਅੱਗੇ ਪਾਰਕਿੰਗ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਆਪ ਆਪਣੇ ਕੰਮ-ਕਾਜ ਲਈ ਅੱਗੇ-ਪਿੱਛੇ ਚਲੇ ਜਾਂਦੇ ਹਨ ਤੇ ਇਹ ਗੱਡੀਆਂ ਲੰਬਾ ਸਮਾਂ ਦੁਕਾਨਾਂ ਅੱਗੇ ਹੀ ਖੜ੍ਹੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਦੁਕਾਨਾਂ ਅੱਗੇ ਖੜੀਆਂ ਗੱਡੀਆਂ ਕਾਰਨ ਗਾਹਕਾਂ ਨੂੰ ਦੁਕਾਨਾਂ ਅੰਦਰ ਆਉਣ ਲਈ ਵੀ ਜਗ੍ਹਾ ਨਹੀਂ ਮਿਲਦੀ ਅਤੇ ਦੁਕਾਨਾਂ ਦਾ ਸਾਮਾਨ ਕਈ ਵਾਰ ਅੰਦਰ ਬਾਹਰ ਕਰਨ ਸਮੇਂ ਵੀ ਮੁਸ਼ਕਿਲ ਪੇਸ਼ ਆਉਂਦੀ ਹੈ।

ਉਨ੍ਹਾਂ ਕਿਹਾ ਇਹ ਸਾਰਾ ਕੁਝ ਟਰੈਫ਼ਿਕ ਵਿਭਾਗ ਦੀ ਢਿੱਲੀ ਕਾਰਗੁਜ਼ਾਰੀ ਦਾ ਨਤੀਜਾ ਹੈ। ਜੋ ਵਾਹਨ ਚਾਲਕ ਬਿਨ੍ਹਾਂ ਟਰੈਫ਼ਿਕ ਪੁਲਿਸ ਦੇ ਡਰ ਤੋਂ ਜਦੋਂ ਚਾਹੇਂ ਸੜਕ 'ਤੇ ਦੁਕਾਨਾਂ ਅੱਗੇ ਗੱਡੀਆਂ ਪਾਰਕ ਕਰਕੇ ਚਲੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਟਰੈਫ਼ਿਕ ਪੁਲਸ ਨੂੰ ਚਾਹੀਦਾ ਹੈ ਕਿ ਉਹ ਵੱਡੇ ਸ਼ਹਿਰਾਂ ਵਾਂਗ ਦੁਕਾਨਾਂ ਅੱਗੇ ਸੜਕ 'ਤੇ ਪਾਰਕ ਕੀਤੀਆਂ ਗੱਡੀਆਂ ਦੇ ਟਾਇਰਾਂ ਨੂੰ ਜਾਂ ਤਾਂ ਸਿਕੰਜਾ ਲਾਵੇ ਜਾਂ ਫ਼ਿਰ ਇਨ੍ਹਾਂ ਗੱਡੀਆਂ ਨੂੰ ਟੋਚਨ ਕਰਕੇ ਥਾਣੇ ਲਿਜਾਇਆ ਜਾਵੇ ਤੇ ਇਨ੍ਹਾਂ ਖ਼ਿਲਾਫ਼ ਬਣਦੀ ਸ਼ਖਤ ਕਾਰਵਾਈ ਕੀਤੀ ਜਾਵੇ। ਇਨ੍ਹਾਂ ਨਜਾਇਜ਼ ਗੱਡੀਆਂ ਪਾਰਕ ਕਰਨ ਵਾਲੇ ਚਾਲਕਾਂ ਨੂੰ ਸੁੱਕੇ ਤਲਾਅ ਵਿਖੇ ਗੱਡੀਆਂ ਪਾਰਕ ਕਰਨ ਲਈ ਆਦੇਸ਼ ਜਾਰੀ ਕਰਨੇ ਚਾਹੀਦੇ ਹਨ ਤਾਂ ਜੋ ਦੁਕਾਨਦਾਰਾਂ ਅਤੇ ਆਮ ਰਾਹਗੀਰਾਂ ਨੂੰ ਇਸ ਮੁਸ਼ਕਿਲ ਤੋਂ ਨਿਜਾਤ ਮਿਲ ਸਕੇ।

# ਮੁੱਖ ਮੰਤਰੀ ਮਾਨ ਵੱਲੋਂ ਕੀਤੇ ਕੰਮਾਂ ਨੇ ਪੰਜਾਬੀਆਂ ਦਾ ਦਿਲ ਜਿੱਤਿਆ : ਜੱਗਾ ਮਜੀਠਾ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਜਦੋਂ ਤੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜੋ ਪੰਜਾਬ ਲਈ ਕੰਮ ਕੀਤੇ ਹਨ, ਦੀ ਬਦੌਲਤ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦਾ ਦਿਲ ਜਿੱਤ ਲਿਆ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਦੇ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਨੇ ਹਲਕੇ ਦੇ ਪਿੰਡ ਸਰਹਾਲਾ ਵਿਖੇ ਆਮ ਲੋਕਾਂ ਦੀਆਂ ਮੁਸਕਿਲਾਂ ਸੁਣਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਜੱਗਾ ਮਜੀਠਾ ਨੇ ਕਿਹਾ ਕਿ ਅੱਜ ਪੰਜਾਬ ਦਾ ਹਰ ਇਕ ਵਰਗ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਕਾਰਗੁਜ਼ਾਰੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ, ਕਿਉਂਕਿ ਜਿਸ ਰਫਤਾਰ ਨਾਲ ਪੰਜਾਬ ਵਿਚ ਆਮ ਆਦਮੀ ਪਾਰਟੀ ਨੇ ਕੰਮ ਕੀਤਾ ਪਿਛਲੀਆਂ ਸਰਕਾਰਾਂ ਉਸ ਦੇ ਨੇੜੇ ਤੇੜੇ ਵੀ ਦਿਖਾਈ ਨਹੀਂ ਦਿੰਦੀਆਂ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦਾ ਹਰ ਇਕ ਵਰਗ ਇਨ੍ਹਾਂ ਰਵਾਇਤੀ ਪਾਰਟੀਆਂ ਤੋਂ ਸਤਾਇਆ ਹੋਇਆ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਰਿਹਾ ਹੈ ਕਿਉਂਕਿ ਇਨ੍ਹਾਂ ਪਾਰਟੀਆਂ ਵੱਲੋਂ ਲੋਕਾਂ ਨੂੰ ਧੜੇਬੰਦੀਆਂ ਵਿਚ ਵੰਡ ਕੇ ਰੱਖ ਦਿੱਤਾ ਸੀ ਪਰ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਇਸ ਸਰਕਾਰ ਵੱਲੋਂ ਇਨ੍ਹਾਂ ਧੜੇਬੰਦੀਆਂ ਨੂੰ ਖਤਮ ਕਰ ਕੇ ਪਿੰਡਾਂ ਵਿਚ ਆਪਸੀ ਭਾਈਚਾਰਕ ਸਾਂਝ ਬਣਾਈ ਤੇ ਬਿਨਾਂ ਕਿਸੇ ਪੱਖਪਾਤ ਪਿੰਡਾਂ ਦਾ ਵਿਕਾਸ ਕਰਵਾਇਆ। ਉਨ੍ਹਾਂ ਕਿਹਾ ਕਿ ਹਲਕਾ ਮਜੀਠਾ ਦੇ ਕਿਸੇ ਵੀ ਲੋੜਵੰਦ ਨੂੰ ਸਰਕਾਰੀ ਦਫਤਰਾਂ ਦੇ ਚੱਕਰ ਕੱਟਣ ਲਈ ਮਜਬੂਰ ਨਹੀਂ ਹੋਣ ਦਿੱਤਾ ਜਾਵੇਗਾ।

# ਮੇਲਾ ਸ੍ਰੀ ਚੋਲਾ ਸਾਹਿਬ ਦੀ ਆਮਦ ਨੂੰ ਲੈ ਕੇ ਗੁਰਦੀਪ ਰੰਧਾਵਾ ਨੇ ਹੱਥੀਂ ਕੀਤੀ ਸ਼ਹਿਰ ਦੀ ਸਫ਼ਾਈ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਇਤਿਹਾਸਕ ਜੋੜ ਮੇਲਾ ਸ੍ਰੀ ਚੋਲਾ ਸਾਹਿਬ ਦੀ ਆਮਦ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤੇ ਪੰਜਾਬ ਮੀਡੀਅਮ ਇੰਡਸਟਰੀ ਡਿਵੈਲਪਮੈਂਟ ਬੋਰਡ ਦੇ ਸੀਨੀਅਰ ਵਾਈਸ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਆਪਣੇ ਵਰਕਰਾਂ ਨੂੰ ਨਾਲ ਲੈ ਕੇ ਅੱਜ ਡੇਰਾ ਬਾਬਾ ਨਾਨਕ ਦੇ ਬਜਾਰਾਂ ਵਿੱਚ ਵਿਸ਼ੇਸ਼ ਸਫਾਈ ਮੁਹਿੰਮ ਚਲਾਈ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਖੁੱਦ ਝਾੜੂ ਫੜ ਕੇ ਸ਼ਹਿਰ ਦੀ ਸਫਾਈ ਮੁਹਿੰਮ ਵਿੱਚ ਹਿੱਸਾ ਲਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਵਿਕਾਸ ਲਈ ਵਚਨਬੱਧ ਹਨ ਅਤੇ ਸ਼ਹਿਰ ਦੀ ਭਲਾਈ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅੰਗ ਵਸਤਰ ਸ੍ਰੀ ਚੋਲਾ ਸਾਹਿਬ ਦਾ ਮੇਲਾ 4 ਮਾਰਚ ਨੂੰ ਆਰੰਭ ਹੋ ਰਿਹਾ ਹੈ ਅਤੇ ਇਸ ਮੌਕੇ ਆਉਣ ਵਾਲੀਆਂ ਸੰਗਤਾਂ ਨੂੰ ਕੋਈ ਮੁਸ਼ਕਿਲ ਨਾ ਆਵੇ ਇਸ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਨਗਰ ਕੌਂਸਲ ਡੇਰਾ ਬਾਬਾ ਨਾਨਕ ਵੱਲੋਂ ਸਫਾਈ, ਲਾਈਟ, ਵਾਟਰ ਸਪਲਾਈ ਅਤੇ ਸੀਵਰੇਜ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਹਨ। ਪੁਲਸ ਪ੍ਰਸ਼ਾਸਨ ਵੱਲੋਂ ਵੀ ਸੁਰੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਕੋਈ ਸ਼ਰਾਰਤੀ ਅਨਸਰ ਸਰਾਰਤ ਨਾ ਕਰ ਸਕੇ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਸ਼ਹਿਰ ਨੂੰ ਸਾਫ਼ ਸੁਥਰਾਂ ਰੱਖਣ ਵਿੱਚ ਨਗਰ ਕੌਂਸਲ ਦਾ ਸਹਿਯੋਗ ਕਰਨ। ਇਸ ਮੌਕੇ ਮਨਰੂਪ ਸਿੰਘ ਰੰਧਾਵਾ ਸ਼ਾਹਪੁਰ, ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਜੇ. ਈ. ਮਨਪ੍ਰੀਤ ਸਿੰਘ ਬੰਦੇਸ਼ਾ, ਲਵਪ੍ਰੀਤ ਸਿੰਘ ਪੀ. ਏ., ਰਾਜੇਸ਼ ਕੁਮਾਰ ਬਿੱਟਾ, ਵਿਪਨ ਕੁਮਾਰ ਸੋਨੀ ਪ੍ਰਧਾਨ ਵਪਾਰ ਮੰਡਲ, ਸੰਜੀਵ ਕੁਮਾਰ ਸੋਨੀ, ਪ੍ਰਵੇਜ਼ ਮਸੀਹ ਬਿੱਟਾ ਪੱਖੋਕੇ, ਸੁਧੀਰ ਬੇਦੀ, ਪ੍ਰੇਮ ਨਾਥ ਪ੍ਰਧਾਨ ਸਫਾਈ ਸੇਵਕ ਯੂਨੀਅਨ, ਹਰਿੰਦਰ ਸਿੰਘ ਰੰਧਾਵਾ, ਗੁਰਪ੍ਰੀਤ ਸਿੰਘ ਰੰਧਾਵਾ ਨੰਬਰਦਾਰ, ਰਿੰਪੂ ਮਰਵਾਹਾ, ਧਰਮ ਪਾਲ, ਅਸ਼ਵਨੀ ਅਰੋੜਾ, ਗੁਰਪ੍ਰੀਤ ਸਿੰਘ ਖਾਸਾਂਵਾਲੀ, ਬਲਜਿੰਦਰ ਸਿੰਘ, ਰਾਹੁਲ ਸ਼ਰਮਾ, ਕਪਲ ਦੇਵ, ਟਹਿਲ ਸਿੰਘ, ਰੂਪਾ ਮਸੀਹ, ਰੋਹਿਤ ਮਿੱਠੂ, ਸਾਬੀ ਮਸੀਹ, ਲਵ ਮਸ਼ੀਹ, ਲੱਭਾ ਮਸੀਹ, ਯੂਸਫ ਮਸੀਹ, ਸਨੀ ਮਸੀਹ, ਸੱਤਾ ਮਸੀਹ, ਕਸ਼ਮੀਰ ਮਸੀਹ, ਸਮਸੂਨ ਮਸੀਹ, ਹੈਪੀ ਮਸੀਹ, ਮੰਗਾ ਮਸੀਹ, ਲਵ ਮਸੀਹ, ਮਨੀ ਮਸੀਹ ਆਦਿ ਹਾਜ਼ਰ ਸਨ।

# ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਏਜੰਟ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਏਜੰਟ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਤਜਿੰਦਰ ਸਿੰਘ, ਲਵਪ੍ਰੀਤ ਸਿੰਘ ਪੁੱਤਰਾਨ ਮਨਜੀਤ ਸਿੰਘ, ਤਾਨੀਆ ਪਤਨੀ ਤਜਿੰਦਰ ਸਿੰਘ ਵਾਸੀ ਅੰਮ੍ਰਿਤਸਰ ਨੇ ਪੀੜਤ ਗੁਰਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਅਤੇ ਉਸ ਦੀ ਪਤਨੀ ਵਾਸੀ ਪ੍ਰੇਮ ਨਗਰ ਹਰਦੋਛੰਨੀ ਰੋਡ ਗੁਰਦਾਸਪੁਰ ਨੂੰ ਵਿਦੇਸ਼ ਇਟਲੀ ਭੇਜਣ ਦੇ ਨਾਮ 15 ਲੱਖ ਰੁਪਏ ਦੀ ਠੱਗੀ ਮਾਰ ਕੇ ਪੀੜਤ ਨਾਲ ਧੋਖਾਧੜੀ ਕੀਤੀ ਹੈ। ਪੁਲਸ ਨੇ ਦੋਸ਼ੀਆਂ ਖ਼ਿਲਾਫ਼ ਧਾਰਾ 420 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਅਹਿਮਦਾਬਾਦ, ਥਿੰਦ, ਸਿੱਧਵਾਂ ਅਤੇ ਲੌਂਗੋਵਾਲ ਕਲਾਂ 'ਚ ਲੱਗੇ ਵਿਸ਼ੇਸ਼ ਕੈਂਪ



ਬਟਾਲਾ (ਡਾ. ਮਲਵਿੰਦਰ ਸਿੰਘ)- ਡਾ. ਸ਼ਾਇਰੀ ਭੰਡਾਰੀ, ਐੱਸਡੀਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 'ਪੰਜਾਬ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਲੋਕਾਂ ਨੂੰ ਉਨਾਂ ਦੇ ਘਰਾਂ ਤੱਕ ਵੱਖ-ਵੱਖ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਲੱਗੇ ਰਹੇ ਵਿਸ਼ੇਸ ਕੈਂਪਾਂ ਤਹਿਤ ਵਿਖੇ ਵਿਸ਼ੇਸ ਕੈਂਪ ਲੱਗੇ, ਜਿਸ ਵਿੱਚ ਲੋਕਾਂ ਨੂੰ ਵੱਖ-ਵੱਖ ਸਰਕਾਰੀ ਸੇਵਾਵਾਂ ਦਾ ਲਾਭ ਮੌਕੇ ਤੇ ਪੁਜਦਾ ਕੀਤਾ ਗਿਆ। ਅੱਜ ਵਾਰਡ ਨੰਬਰ 19 ਅਹਿਮਦਾਬਾਦ, ਥਿੰਦ, ਸਿੱਧਵਾਂ, ਵਾਰਡ ਨੰਬਰ 46 ਅਤੇ ਲੌਂਗੋਵਾਲ ਕਲਾਂ ਵਿਖੇ ਲੱਗੇ ਵਿਸ਼ੇਸ਼ ਕੈਪਾਂ ਵਿੱਚ ਲੋਕਾਂ ਸਰਕਾਰੀ ਸੇਵਾਵਾਂ ਦਾ ਲਾਭ ਹਾਸਲ ਕੀਤਾ। 1 ਮਾਰਚ ਨੂੰ ਤਲਵੰਡੀ ਝੀਰਾ, ਨੰਗਲ ਬੁੱਟਰ, ਕਪੂਰਾ, ਵਾਰਡ ਨੰ-47, ਪਿੰਡਾ ਰੋੜੀ, 2 ਮਾਰਚ ਨੂੰ ਵਾਰਡ ਨੰ-48, ਪੁਰੀਆਂ ਖੁਰਦ, ਕੀੜੀ ਅਫਗਾਨਾ, ਸ਼ਾਹਪੁਰ ਅਰਾਈਆਂ, ਵਾਰਡ ਨੰ-49, ਕਲੇਰ, 4 ਮਾਰਚ ਨੂੰ ਵਾਰਡ ਨੰ-21, ਕਾਲਾ ਨੰਗਲ, ਧੰਨੇ, ਭੋਲ, ਵਾਰਡ ਨੰ-50 ਅਤੇ 5 ਮਾਰਚ ਨੂੰ ਵਾਰਡ ਨੰ-2, ਮਿਸ਼ਰਪੁਰਾ, ਰਸੂਲਪੁਰ, ਚੀਮਾ ਖੁੱਡੀ, ਵਾਰਡ ਨੰ-23 ਤੇ ਜਾਹਦਪੁਰ ਵਿਖੇ ਵਿਸ਼ੇਸ਼ ਕੈਂਪ ਲੱਗਣਗੇ।

